*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 13, ਅੰਕ-12, ਦਸੰਬਰ 2023 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300







## ਚੁੱਪ ਰਹੇ ਤਾਂ ਖੈਰ ਨਹੀਂ ....

ਇਤਿਹਾਸ ਪੁੱਠੇ ਕਦਮੀ ਤੁਰ ਪਿਆ ਹੈ। ਕਿਸੇ ਵੀ ਕੋਨੇ 'ਚੋਂ ਸੁੱਖ ਸ਼ਾਂਤੀ ਦੀ ਖ਼ਬਰ ਨਹੀਂ ਆਉਂਦੀ। ਸਭ ਪਾਸੇ ਖਤਰਨਾਕ ਦੌਰ ਦਿਖਾਈ ਦੇ ਰਿਹਾ ਹੈ, ਕੋਈ ਵੀ ਕੋਨਾ ਦੁਨੀਆ ਦਾ ਦੇਖ ਲਓ ਕਿਸੇ ਪਾਸੇ ਖੈਰ ਨਹੀਂ। ਚਾਰੇ ਪਾਸੇ ਗਰਮ ਹਵਾਵਾਂ ਨੇ ਅਸ਼ਾਂਤੀ ਪੈਦਾ ਕੀਤੀ ਹੋਈ ਹੈ। ਜੰਗਾਂ ਤੇ ਹਥਿਆਰਾਂ ਦੇ ਸਾਏ ਹੇਠ ਫਲਸਤੀਨੀ ਬੱਚੇ ਸਹਿਕ ਰਹੇ ਹਨ, ਗਾਜਾ ਪੱਟੀ ਦਾ ਚੱਪਾ ਚੱਪਾ ਬੰਬਾਂ ਤੇ ਫੌਜੀ ਬੂਟਾਂ ਹੇਠ ਮਸਲ ਦਿੱਤਾ ਹੈ। ਅਜੇ ਤਾਂ ਵੀਅਤਨਾਮੀ, ਅਫਗਾਨੀ, ਇਰਾਕੀ ਤੇ ਕਸ਼ਮੀਰੀ ਬੱਚਿਆਂ ਦੀ ਤਰਾਸਦੀ ਹੀ ਨਹੀਂ ਭੁੱਲ ਸਕੇ ਸੀ, ਉਨ੍ਹਾਂ ਉਪਰ ਵਾਪਰੇ ਕਹਿਰਾਂ ਦੀਆਂ ਦਾਸਤਾਨਾਂ ਅਖ਼ਬਾਰੀ ਪੰਨਿਆਂ 'ਚੋਂ ਡਰਾਉਣੇ ਸੁਪਨੇ ਦੇ ਰਹੀਆਂ ਸਨ, ਜੰਗਬਾਜ਼ਾਂ ਨੂੰ ਅਜੇ ਪਤਾ ਨਹੀਂ ਕਿੰਨਾ ਖ਼ੂਨ ਹੋਰ ਚਾਹੀਦਾ ਹੈ, ਪਤਾ ਨਹੀਂ ਕਿਹੜੀਆਂ ਨਸਲਾਂ ਫਿਰਕੇ ਦੇਸ਼ ਤੇ ਲੋਕ ਅਜੇ ਇਨ੍ਹਾਂ ਦੀ ਪਿਆਸ ਬੁਝਾਉਣ ਲਈ ਚਾਹੀਦੇ ਹਨ, ਯੂਕਰੇਨ ਸਹਿਕ ਰਿਹਾ ਹੈ, ਹਥਿਆਰਾਂ ਨੂੰ ਜੰਗ ਚਾਹੀਦਾ ਹੈ, ਇਨ੍ਹਾਂ ਜੰਗਾਂ ਰਾਹੀਂ ਉਨ੍ਹਾਂ ਦੀ ਸ਼ਕਤੀ ਵਧਦੀ ਹੈ, ਉਹ ਹੋਰ ਵੱਡੀ ਜੰਗ ਦੀ ਤਿਆਰੀ ਕਰਦੇ ਹਨ, ਪਹਿਲੀ ਤੇ ਦੂਸਰੀ ਸੰਸਾਰ ਜੰਗ ਤੋਂ ਬਾਅਦ ਇਹ ਭਲਾ ਤੀਸਰਾ ਸੰਸਾਰ ਜੰਗ ਨਹੀ, ਪਰ ਹਰੇਕ ਦੁਨੀਆ ਦਾ ਕੋਨਾ ਅੰਦਰੂਨੀ ਤੇ ਬਹਾਰੀ ਜੰਗ ਦੀ ਗ੍ਰਿਫ਼ਤ 'ਚ ਹੈ।

ਹੁਣ ਤਾਂ ਹੁਕਮਰਾਨ ਵੀ ਦੇਸ਼ਾਂ ਅੰਦਰ ਸਾਂਝੀਵਾਲਤਾ, ਭਾਈਚਾਰਾ ਤੋੜ ਕੇ ਫਿਰਕੂ ਜ਼ਹਿਰ ਰਾਹੀਂ ਸਦੀਆਂ ਦੀ ਵਿਰਾਸਤੀ ਸਾਂਝ ਨੂੰ ਤੋੜ ਰਹੇ ਹਨ, ਕੁਫ਼ਰ ਸੱਤਾ ਉਪਰ ਕਾਬਜ਼ ਹੋ ਗਿਆ ਹੈ, ਜਿਹੜਾ ਰੋਜ਼ ਸਮਾਜਿਕ ਤਾਣੇ-ਬਾਣੇ ਨੂੰ ਖੋਖਲਾ ਕਰਕੇ ਰਹਿੰਦੀ ਖੂੰਹਦੀ ਜਮਹੂਰੀਅਤ ਦਾ ਭੋਗ ਪਾ ਰਿਹਾ ਹੈ, ਚੋਣਾਂ ਰਾਹੀਂ ਸਮਾਜ ਵੰਡੇ ਜਾ ਰਹੇ ਹਨ, ਦਿੱਲੀ ਦੇ ਤਖਤ ਤੋਂ ਲੈ ਕੇ ਦੂਰ-ਦੁਰੇਡੇ ਦੇ ਪਿੰਡਾਂ ਤੱਕ ਫਿਰਕੂ ਪਾੜੇ ਆਪਸੀ ਭਾਈਚਾਰਿਆਂ ਵਿਚ ਤਰੇੜਾਂ ਪਾ ਰਹੇ ਹਨ, ਸੱਤਾ ਦੀ ਸਲਾਮਤੀ ਲਈ ਹਰੇਕ ਕਿਸਮ ਦੀ ਤਰਕ ਤੇ ਦਲੀਲ ਨੇ ਤੋੜਿਆ ਜਾ ਰਿਹਾ ਹੈ। ਅਜੇ ਪਤਾ ਨਹੀਂ ਹੋਰ ਕਿੰਨੀਆਂ ਤਰਾਸ਼ਦੀਆਂ ਲੋਕਾਂ ਨੂੰ ਹੰਢਾਉਣੀਆਂ ਪੈਂਦੀਆਂ ਹਨ, ਹਨੇਰ ਵਧਦਾ ਜਾ ਰਿਹਾ ਹੈ, ਕੁਫ਼ਰ ਵਿਕ ਰਿਹਾ ਹੈ।

ਉਖੜੇ ਲੋਕ ਇਕ ਮੁਲਕ ਤੋਂ ਦੂਸਰੇ ਮੁਲਕ 'ਚ ਜਾ ਰਹੇ ਹਨ ਕਿ ਉਥੇ ਹੀ ਕੋਈ ਖੈਰ ਸੁੱਖ ਹੋਵੇ, ਪਰ ਫਿਰਕੂ ਜ਼ਹਿਰ ਤਾਂ ਹਰੇਕ ਸ਼ਹਿਰ, ਕਸਬੇ, ਦੇਸ਼ ਵਿਚ ਪਹੁੰਚ ਗਈ ਹੈ। ਧਰਮਾਂ ਦੀ ਰੂਹ ਖਤਮ ਕਰਕੇ ਉਨ੍ਹ ਨੂੰ ਫਿਰਕੂ ਰਾਜਨੀਤੀ ਵਰਤਿਆ ਜਾ ਰਿਹਾ ਹੈ। ਸੱਤਾ ਦਾ ਹਥਿਆਰ ਬਣਾਇਆ ਜਾ ਰਿਹਾ ਹੈ। ਇਹ ਤਰਾਸਦੀਆਂ ਤੋਂ ਬਚਣ ਲਈ ਲੋਕ ਸੁੱਖ ਸ਼ਾਂਤੀ ਲਈ ਦੇਸ਼ਾਂ ਵਿਦੇਸ਼ਾਂ 'ਚ ਢੋਹੀ ਭਾਲਦੇ ਬੁੱਢੇ ਹੋ ਗਏ ਹਨ, ਪਰ ਫਿਰਕੂ ਹਨ੍ਹੇਰੀ ਉਥੇ ਵੀ ਪਿਛਾ ਨਹੀਂ ਛੱਡਦੀ, ਆਪਣਾ ਰੰਗ ਤੇ ਰੂਪ ਬਦਲਕੇ ਫਿਰ ਤਰਾਸ਼ਦੀਆਂ ਲਈ ਜ਼ਮੀਨ ਤਿਆਰ ਕਰਦੀ ਹੈ।

ਚੁੱਪ ਰਹਿਣਾ ਸਾਡੇ ਲਈ ਮਹਿੰਗਾ ਸਾਬਤ ਹੋਇਆ ਤੇ ਹੋ ਸਕਦਾ ਹੈ। ਇਸ ਕਰਕੇ ਤਾਂ ਸਿੱਧ ਸ਼ਾਇਰ ਪਾਸ਼ ਕਿਹਾ ਕਰਦਾ ਸੀ, "ਸਭ ਤੋਂ ਖਤਰਨਾਕ ਹੈ, ਚੁੱਪ ਵੱਟ ਲੈਣਾ, ਸਭ ਕੁਝ ਜਰ ਲੈਣਾ, ਤੀਸਰੀ ਅੱਖ ਦੇਖਦੀ ਹੋਈ ਵੀ ਯੱਖ ਹੋ ਜਾਂਦੀ ਹੈ, ਤੀਸਰੀ ਅੱਖ ਖੋਲ੍ਹਣ ਦੀ ਜ਼ਰੂਰਤ 'ਚੋਂ ਹੀ 'ਸਰੋਕਾਰਾਂ ਦੀ ਆਵਾਜ਼' ਨਿਕਲਦੀ ਹੈ, ਇਏ ਕਿਸੇ ਵੀ ਕੋਨੇ ਦੇ ਹੋਣ ਇਨ੍ਹਾਂ ਨੂੰ ਸੰਬੋਧਨ ਹੋਣ 'ਤੇ ਮਾਨਵੀ ਤੀਸਰੀ ਅੱਖ ਰਾਹੀਂ ਚੁਪ ਤੋੜਣਾ ਤੇ ਆਪਣੇ ਇਤਿਹਾਸ ਫਰਜ਼ਾਂ ਨੂੰ ਪਹਿਚਾਣਨਾ ਤਾਂ ਕਿ ਇਤਿਹਾਸ ਦੀ ਤੋਰ ਬਦਲੀ ਜਾਵੇ। ਹਰੇਕ ਸੰਕਟ 'ਚੋਂ ਬਦਲ ਤਲਾਸ਼ਣਾ, ਬਦਲਵੀਂ ਸੁਰ, ਆਵਾਜ਼ ਤੇ ਸੋਚ ਉਤਪੰਨ ਕਰਨਾ, ਇਹ ਹੀ ਉਸ ਦਾ ਬਦਲਾ ਹੈ।

**- ਸੰਪਾਦਕੀ ਬੋਰਡ**






















13 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗੂਵਾਲ | ਬਲਜਿੰਦਰ ਸਿੰਘ ਵੜੈਚ |
|---|---|---|---|---|---|
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | ਵਿਨੀਪੈੱਗ | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |
















**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Nawan Shahr
(Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Harcharan Singh Parhar
Calgary

Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work




Bay 11 2316 27 Ave. NE, Calgary
Ph. : 403-701-4947

WEST COAST HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)



10230-120 Street Surrey, BC, V3V 4G1 (604) 580-3275
www.westcoasttruss.ca | info@westcoasttruss.ca (778) 896-7194




SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca



MLS MULTIPLE LISTING SERVICE® R REALTOR® REAL ESTATE BOARD
Taranjit "T. J." Mand
Real Estate Associate
Max Value Reality Ltd.

Est. 1989
The Mortgage Centre
For Excellent Mortgage Service
Access to Multiple Lenders Including major banks
* New Purchase * Refinance * Preapprovals
* Debt Consolidation * New Immigrants
* Self Employed



Sukhvinder S Toor
Mortgage Associate
The Mortgage Centre Elevo Mortgages
Cell : 403-919-1444
Office : 403-264-7750 | Fax : 403-264-7752
Elevo Mortgages Unit 210, 6424-36 Street NE, Calgary, AB. T3J 4C8
Email : toor.s@mortgagecentre.com | www.toormortgage.com

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS,
Skilled Workers, Investors,
Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਭਾਰਤ 'ਚ ਲੋਕਤੰਤਰ ਦੇ ਖ਼ਤਮ ਹੋਣ ਦਾ ਅਸਰ ਪੂਰੀ ਦੁਨੀਆ 'ਤੇ ਪਵੇਗਾ: ਅਰੁੰਧਤੀ ਰਾਏ

*(ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਨੂੰ ਉਨ੍ਹਾਂ ਦੇ ਲੇਖ 'ਆਜ਼ਾਦੀ' ਦੇ ਫਰਾਂਸੀਸੀ ਅਨੁਵਾਦ - ਲਿਬਰਟੇ, ਫਾਸ਼ਿਜ਼ਮ, ਫਿਕਸ਼ਨ - ਦੇ ਮੌਕੇ 'ਤੇ 12 ਸਤੰਬਰ ਨੂੰ ਉਨ੍ਹਾਂ ਦੀ ਜੀਵਨ ਭਰ ਦੀ ਪ੍ਰਾਪਤੀ ਲਈ 45ਵੇਂ ਯੂਰਪੀਅਨ ਨਿਬੰਧ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਦਿੱਤੇ ਗਏ ਭਾਸ਼ਣ ਦਾ ਪਾਠ ਪੇਸ਼ ਹੈ - ਸੰਪਾਦਕ)*




**ਅਨੁ.: ਬੂਟਾ ਸਿੰਘ ਮਹਿਮੂਦਪੁਰ**

2023 ਦੇ 'ਯੂਰਪੀ ਨਿਬੰਧ ਪੁਰਸਕਾਰ' ਨਾਲ ਮੈਨੂੰ ਸਨਮਾਨਿਤ ਕਰਨ ਲਈ ਮੈਂ ਚਾਰਲਸ ਵੇਈਲੋਂਨ ਫਾਊਂਡੇਸ਼ਨ ਦਾ ਧੰਨਵਾਦ ਕਰਦੀ ਹਾਂ। ਮੈਂ ਇਸ ਸਮੇਂ ਤੁਹਾਨੂੰ ਦੱਸ ਨਹੀਂ ਸਕਦੀ ਕਿ ਇਹ ਸਨਮਾਨ ਪ੍ਰਾਪਤ ਕਰਕੇ ਮੈਂ ਕਿੰਨੀ ਖ਼ੁਸ਼ ਹਾਂ। ਸ਼ਾਇਦ ਮੈਂ ਸ਼ੇਖ਼ੀ ਮਾਰ ਰਹੀ ਹਾਂ। ਮੈਨੂੰ ਸਭ ਤੋਂ ਵੱਧ ਖ਼ੁਸ਼ੀ ਇਸ ਗੱਲ ਦੀ ਹੈ ਕਿ ਇਹ ਪੁਰਸਕਾਰ ਸਾਹਿਤ ਲਈ ਹੈ। ਸ਼ਾਂਤੀ ਲਈ ਨਹੀਂ, ਸੱਭਿਆਚਾਰ ਜਾਂ ਸੱਭਿਆਚਾਰਕ ਸੁਤੰਤਰਤਾ ਲਈ ਨਹੀਂ, ਸਗੋਂ ਸਾਹਿਤ ਲਈ। ਲਿਖਣ ਲਈ; ਅਤੇ ਉਸ ਤਰ੍ਹਾਂ ਦੀ ਲੇਖਣੀ ਲਈ ਜਿਸ ਤਰ੍ਹਾਂ ਦਾ ਮੈਂ ਲਿਖਦੀ ਹਾਂ ਅਤੇ ਪਿਛਲੇ 25 ਸਾਲਾਂ ਤੋਂ ਲਿਖ ਰਹੀ ਹਾਂ।

ਅੱਜ ਭਾਰਤ ਵਿਚ ਉਨ੍ਹਾਂ ਨੇ ਕਦਮ-ਦਰ-ਕਦਮ ਅੱਗੇ ਵਧਦੇ ਹੋਏ ਮੁਲਕ ਦਾ ਪਹਿਲਾਂ ਬਹੁਗਿਣਤੀਵਾਦ ਅਤੇ ਫਿਰ ਪੂਰੇ ਵਿਕਸਿਤ ਫਾਸ਼ੀਵਾਦ ਵਿਚ ਪਤਨ ਯਕੀਨੀ ਬਣਾ ਲਿਆ ਹੈ। (ਹਾਲਾਂਕਿ ਕੁਝ ਲੋਕ ਇਸ ਨੂੰ ਉਭਾਰ ਵਜੋਂ ਲੈ ਰਹੇ ਹਨ।) ਹਾਂ, ਸਾਡੇ ਇੱਥੇ ਚੋਣਾਂ ਹੁੰਦੀਆਂ ਹਨ ਅਤੇ ਇਸੇ ਕਾਰਨ ਇਕ ਭਰੋਸੇਯੋਗ ਵੋਟਰ ਸਮੂਹ ਤਿਆਰ ਕਰਨ ਲਈ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੇ ਹਿੰਦੂ ਸਰਵਉੱਚਤਾ ਦੇ ਸੰਦੇਸ਼ ਨੂੰ 140 ਕਰੋੜ ਲੋਕਾਂ ਦੀ ਆਬਾਦੀ ਤੱਕ ਲਗਾਤਾਰ ਪ੍ਰਸਾਰਿਤ ਕੀਤਾ ਗਿਆ ਹੈ। ਸਿੱਟੇ ਵਜੋਂ ਭਾਰਤ ਦੀਆਂ ਘੱਟਗਿਣਤੀਆਂ, ਖ਼ਾਸ ਕਰਕੇ ਮੁਸਲਮਾਨਾਂ ਅਤੇ ਈਸਾਈਆਂ ਲਈ ਚੋਣਾਂ ਦੀ ਰੁੱਤ ਸਭ ਤੋਂ ਖ਼ਤਰਨਾਕ ਸਮਾਂ ਬਣ ਜਾਂਦਾ ਹੈ, ਜਦੋਂ ਉਨ੍ਹਾਂ ਦੇ ਕਤਲ, ਲਿੰਚਿੰਗ ਅਤੇ ਉਨ੍ਹਾਂ ਨੂੰ ਨਿਸ਼ਾਨਾ ਬਣਾ ਕੇ ਬਿਆਨਬਾਜ਼ੀ ਆਮ ਹੋ ਜਾਂਦੀ ਹੈ।

ਹਾਲਤ ਇਹ ਹੈ ਕਿ ਹੁਣ ਸਾਨੂੰ ਸਿਰਫ਼ ਆਪਣੇ ਆਗੂਆਂ ਤੋਂ ਨਹੀਂ, ਸਗੋਂ ਆਬਾਦੀ ਦੇ ਇਕ ਪੂਰੇ ਹਿੱਸੇ ਤੋਂ ਡਰਨਾ ਪੈ ਰਿਹਾ ਹੈ। ਗੰਦਗੀ ਏਨੀ ਆਮ, ਏਨੀ ਸਾਧਾਰਣ ਹੋ ਗਈ ਹੈ ਕਿ ਹੁਣ ਸਾਡੀਆਂ ਸੜਕਾਂ 'ਤੇ, ਸਾਡੇ ਕਲਾਸਰੂਮਾਂ ਵਿਚ, ਬਹੁਤ ਸਾਰੀਆਂ ਜਨਤਕ ਥਾਵਾਂ 'ਤੇ ਪ੍ਰਗਟ ਹੋਣ ਲੱਗ ਪਈ ਹੈ। ਮੁੱਖਧਾਰਾ ਪ੍ਰੈੱਸ, 24 ਘੰਟੇ ਚੱਲਣ ਵਾਲੇ ਸੈਂਕੜੇ ਨਿਊਜ਼ ਚੈਨਲਾਂ ਦੀ ਵਰਤੋਂ ਫਾਸ਼ੀਵਾਦੀ ਬਹੁਗਿਣਤੀਵਾਦ ਨੂੰ ਫੈਲਾਉਣ ਲਈ ਕੀਤੀ ਜਾਂਦੀ ਹੈ। ਵਾਸਤਵ ਵਿਚ, ਭਾਰਤ ਦੇ ਸੰਵਿਧਾਨ ਨੂੰ ਦਰਕਿਨਾਰ ਕਰ ਦਿੱਤਾ ਗਿਆ ਹੈ। ਇੰਡੀਅਨ ਪੀਨਲ ਕੋਡ ਨੂੰ ਦੁਬਾਰਾ ਲਿਖਿਆ ਜਾ ਰਿਹਾ ਹੈ। ਜੇਕਰ ਮੌਜੂਦਾ ਹਕੂਮਤ 2024 ਵਿਚ ਮੁੜ ਬਹੁਮਤ ਹਾਸਲ ਕਰ ਲੈਂਦੀ ਹੈ ਤਾਂ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਸਾਡੇ ਸਾਹਮਣੇ ਇਕ ਨਵਾਂ ਸੰਵਿਧਾਨ ਹੋਵੇਗਾ।

ਪੂਰੀ ਸੰਭਾਵਨਾ ਹੈ ਕਿ "ਸੀਮਾਬੰਦੀ" ਹੋਵੇਗੀ, ਭਾਵ ਆਪਣੇ ਚੁਣਾਵੀ ਫ਼ਾਇਦੇ ਲਈ ਚੋਣ-ਹਲਕਿਆਂ ਨੂੰ ਨਵੇਂ ਸਿਰਿਓਂ ਬਣਾਉਣ ਦੀ ਚਲਾਕੀ, ਜਿਸ ਨੂੰ ਅਮਰੀਕਾ ਵਿਚ ਗੈਰੀਮੈਂਡਰਿੰਗ ਕਿਹਾ ਜਾਂਦਾ ਹੈ। ਇਸ ਨਾਲ ਉੱਤਰੀ ਭਾਰਤ ਦੇ ਉਨ੍ਹਾਂ ਹਿੰਦੀ ਬੋਲਣ ਵਾਲੇ ਰਾਜਾਂ ਵਿਚ ਵਧੇਰੇ ਸੰਸਦੀ ਸੀਟਾਂ ਆਉਣਗੀਆਂ ਜਿੱਥੇ ਭਾਜਪਾ ਦਾ ਵੱਡਾ ਹਮਾਇਤੀ ਆਧਾਰ ਹੈ। ਇਸ ਨਾਲ ਦੱਖਣੀ ਰਾਜਾਂ ਵਿਚ ਭਾਰੀ ਰੋਹ ਫੈਲੇਗਾ ਅਤੇ ਪੂਰਾ ਸ਼ੱਕ ਹੈ ਕਿ ਇਸ ਨਾਲ ਭਾਰਤ ਅੰਦਰੋਂ ਖੰਡਿਤ ਹੋ ਜਾਵੇਗਾ ਅਤੇ ਖੇਤਰੀ ਟਕਰਾਓ ਸ਼ੁਰੂ ਹੋ ਜਾਵੇਗਾ। ਇੱਥੋਂ ਤੱਕ ਕਿ ਜੇ ਉਹ ਚੋਣਾਂ ਵਿਚ ਹਾਰ ਵੀ ਜਾਂਦੇ ਹਨ, ਜਿਸ ਦੀ ਸੰਭਾਵਨਾ ਘੱਟ ਹੈ, ਫਿਰ ਵੀ ਗ਼ਲਬਾਵਾਦੀ ਜ਼ਹਿਰ ਬਹੁਤ ਡੂੰਘਾ ਉਤਰ ਚੁੱਕਾ ਹੈ ਅਤੇ ਇਸ ਨੇ ਹਰ ਉਸ ਜਨਤਕ ਅਦਾਰੇ ਵਿਚ ਘਰ ਕਰ ਲਿਆ ਹੈ ਜੋ ਸੱਤਾ ਦੇ ਕੰਟਰੋਲ ਅਤੇ ਸੰਤੁਲਨ ਦੀ ਨਿਗਰਾਨੀ ਕਰਨ ਲਈ ਬਣਾਇਆ ਗਿਆ ਹੈ। ਦਰਅਸਲ, ਸੁਪਰੀਮ ਕੋਰਟ ਨੂੰ ਛੱਡ ਕੇ, ਜੋ ਪਹਿਲਾਂ ਹੀ ਖੋਖਲੀ ਅਤੇ ਕਮਜ਼ੋਰ ਬਣਾ ਦਿੱਤੀ ਗਈ ਹੈ, ਕੋਈ ਹੋਰ ਸੰਸਥਾ ਬਚੀ ਹੀ ਨਹੀਂ ਹੈ।

ਮੈਂ ਇਕ ਵਾਰ ਫਿਰ ਮੈਨੂੰ ਇਹ ਵੱਕਾਰੀ ਪੁਰਸਕਾਰ ਦੇਣ ਅਤੇ ਮੇਰੇ ਕੰਮ ਨੂੰ ਮਾਨਤਾ ਦੇਣ ਲਈ ਤੁਹਾਡਾ ਧੰਨਵਾਦ ਕਰਦੀ ਹਾਂ - ਹਾਲਾਂਕਿ ਮੈਂ ਤੁਹਾਨੂੰ ਇਹ ਵੀ ਦੱਸਣਾ ਚਾਹਾਂਗੀ ਕਿ ਲਾਈਫਟਾਈਮ ਅਚੀਵਮੈਂਟ ਅਵਾਰਡ ਵਿਅਕਤੀ ਨੂੰ ਬੁੱਢਾ ਮਹਿਸੂਸ ਕਰਨ ਲਾ ਦਿੰਦਾ ਹੈ। ਇਸਦਾ ਮਤਲਬ ਹੈ ਕਿ ਮੈਨੂੰ ਇਹ ਦਿਖਾਵਾ ਕਰਨਾ ਬੰਦ ਕਰਨਾ ਪਏਗਾ ਕਿ ਮੈਂ ਅਜੇ ਬੁੱਢੀ ਨਹੀਂ ਹੋਈ ਹਾਂ। ਸਾਡਾ ਪਤਨ ਕਿਸ ਪਾਸੇ ਨੂੰ ਜਾ ਰਿਹਾ ਹੈ, ਉਸ ਬਾਰੇ ਚੇਤਾਵਨੀ ਦੇਣ ਵਾਲੀ ਲੇਖਣੀ 25 ਸਾਲ ਤੱਕ ਕਰਦੇ ਰਹਿਣ ਲਈ ਪੁਰਸਕਾਰ ਪ੍ਰਾਪਤ ਕਰਨਾ ਕੁਝ ਮਾਇਨਿਆਂ 'ਚ ਇਕ ਵੱਡੀ ਵਿਡੰਬਨਾ ਹੈ। ਹਾਲਾਂਕਿ, ਉਸ ਉੱਪਰ ਧਿਆਨ ਨਹੀਂ ਦਿੱਤਾ ਗਿਆ, ਸਗੋਂ ਉਦਾਰਵਾਦੀਆਂ ਅਤੇ ਖ਼ੁਦ ਨੂੰ "ਅਗਾਂਹਵਧੂ" ਮੰਨਣ ਵਾਲਿਆਂ ਦੁਆਰਾ ਅਕਸਰ ਇਸ ਦਾ ਮਜ਼ਾਕ ਉਡਾਇਆ ਜਾਂਦਾ ਰਿਹਾ ਅਤੇ ਆਲੋਚਨਾ ਕੀਤੀ ਜਾਂਦੀ ਰਹੀ।

ਪਰ ਹੁਣ ਚੇਤਾਵਨੀ ਦੇਣ ਦਾ ਵੇਲਾ ਬੀਤ ਗਿਆ ਹੈ। ਅਸੀਂ ਇਤਿਹਾਸ ਦੇ ਇਕ ਵੱਖਰੇ ਪੜਾਅ ਵਿਚ ਹਾਂ। ਇਕ ਲੇਖਕ ਹੋਣ ਦੇ ਨਾਤੇ, ਮੈਂ ਸਿਰਫ਼ ਇਹ ਉਮੀਦ ਕਰ ਸਕਦੀ ਹਾਂ ਕਿ ਮੇਰੀ ਲੇਖਣੀ ਮੇਰੇ ਮੁਲਕ ਦੀ ਜ਼ਿੰਦਗੀ 'ਚ ਆ ਰਹੇ ਇਸ ਕਾਲੇ ਅਧਿਆਏ ਦੀ ਗਵਾਹੀ ਦੇਵੇਗੀ। ਅਤੇ ਉਮੀਦ ਹੈ ਕਿ ਮੇਰੇ ਵਰਗੇ ਹੋਰ ਲੋਕਾਂ ਦਾ ਕੰਮ ਜਾਰੀ ਰਹੇਗਾ, ਤਾਂ ਕਿ ਸਨਦ ਰਹੇ ਕਿ ਅਸੀਂ ਸਾਰੇ ਉਸ ਨਾਲ ਸਹਿਮਤ ਨਹੀਂ ਸਾਂ ਜੋ ਹੋ ਰਿਹਾ ਸੀ।

ਮੈਂ ਆਪਣੀ ਜ਼ਿੰਦਗੀ ਦੀ ਕੋਈ ਅਜਿਹੀ ਯੋਜਨਾ ਨਹੀਂ ਬਣਾਈ ਸੀ ਕਿ ਮੈਂ ਇਕ ਨਿਬੰਧਕਾਰ ਬਣਾਂਗੀ। ਇਹ ਤਾਂ ਬਸ ਉਂਞ ਹੀ ਹੋ ਗਿਆ। ਮੇਰੀ ਪਹਿਲੀ ਕਿਤਾਬ 'ਦ ਗੌਡ ਆਫ ਸਮਾਲ ਥਿੰਗਜ਼' ਸੀ ਜੋ 1997 ਵਿਚ ਛਪਿਆ ਇਕ ਨਾਵਲ ਸੀ। ਇਹ ਬਰਤਾਨਵੀ ਬਸਤੀਵਾਦ ਤੋਂ ਭਾਰਤ ਦੀ ਆਜ਼ਾਦੀ ਦੀ 50ਵੀਂ ਵਰ੍ਹੇਗੰਢ ਸੀ। ਸੀਤ ਯੁੱਧ ਖ਼ਤਮ ਹੋਏ ਨੂੰ ਅੱਠ ਸਾਲ ਹੋ ਗਏ ਸਨ ਅਤੇ ਸੋਵੀਅਤ ਕਮਿਊਨਿਜਮ ਅਫ਼ਗਾਨ-ਸੋਵੀਅਤ ਯੁੱਧ ਦੇ ਮਲਬੇ ਹੇਠ ਦੱਬਿਆ ਜਾ ਚੁੱਕਾ ਸੀ। ਇਹ ਅਮਰੀਕਾ ਦੇ ਬੋਲਬਾਲੇ ਵਾਲੇ ਇਕ-ਧਰੁਵੀ ਸੰਸਾਰ ਦੀ ਸ਼ੁਰੂਆਤ ਸੀ ਜਿਸ ਵਿਚ ਸਰਮਾਏਦਾਰੀ ਨਿਰਵਿਰੋਧ ਜੇਤੂ ਸੀ। ਭਾਰਤ ਨੇ ਆਪਣੇ ਆਪ ਨੂੰ ਸੰਯੁਕਤ ਰਾਜ ਅਮਰੀਕਾ ਨਾਲ ਜੋੜ ਲਿਆ ਅਤੇ ਆਪਣੀਆਂ ਮੰਡੀਆਂ ਕਾਰਪੋਰੇਟ ਸਰਮਾਏ ਲਈ ਖੋਲ੍ਹ ਦਿੱਤੀਆਂ ਸਨ।

'ਨਿੱਜੀਕਰਨ' ਅਤੇ 'ਢਾਂਚਾ ਢਲਾਈ' ਹੋਰ ਕੁਝ ਨਹੀਂ, ਮਹਿਜ਼ ਖੁੱਲ੍ਹੀ ਮੰਡੀ ਦਾ ਭਜਨ ਹੀ ਸੀ। ਭਾਰਤ ਉੱਚੀਆਂ ਸੀਟਾਂ ਉੱਪਰ ਆਪਣੀ ਜਗ੍ਹਾ ਲੈ ਰਿਹਾ ਸੀ। ਪਰ ਫਿਰ 1998 ਵਿਚ ਭਾਜਪਾ ਦੀ ਅਗਵਾਈ ਵਾਲੀ ਹਿੰਦੂ ਰਾਸ਼ਟਰਵਾਦੀ ਸਰਕਾਰ ਸੱਤਾ ਵਿਚ ਆਈ। ਸਭ ਤੋਂ ਪਹਿਲਾਂ ਕੰਮ ਜੋ ਉਸ ਨੇ ਕੀਤਾ, ਉਹ ਸੀ ਇਕ ਤੋਂ ਬਾਅਦ ਇਕ ਪ੍ਰਮਾਣੂ ਟੈਸਟ। ਲੇਖਕਾਂ, ਕਲਾਕਾਰਾਂ ਅਤੇ ਪੱਤਰਕਾਰਾਂ ਸਮੇਤ ਜ਼ਿਆਦਾਤਰ ਲੋਕਾਂ ਨੇ ਉਸ ਦਾ ਸਵਾਗਤ ਜ਼ਹਿਰੀਲੇ, ਇੰਤਹਾ ਰਾਸ਼ਟਰਵਾਦ ਦੀ ਭਾਸ਼ਾ 'ਚ ਕੀਤਾ। ਜਨਤਕ ਚਰਚਾ ਦਾ ਵਿਸ਼ਾ ਅਚਾਨਕ ਬਦਲ ਗਿਆ ਸੀ।

ਉਸ ਸਮੇਂ, ਆਪਣੇ ਨਾਵਲ ਲਈ ਬੁੱਕਰ ਇਨਾਮ ਜਿੱਤਣ ਤੋਂ ਬਾਅਦ ਮੈਨੂੰ ਅਣਜਾਣੇ ਹੀ ਇਸ ਹਮਲਾਵਰ ਨਵੇਂ ਭਾਰਤ ਦੇ ਸੱਭਿਆਚਾਰਕ ਰਾਜਦੂਤਾਂ ਵਿੱਚੋਂ ਇਕ ਵਜੋਂ ਪੇਸ਼ ਕੀਤਾ ਜਾਣਾ ਸ਼ੁਰੂ ਹੋ ਗਿਆ ਸੀ। ਮੈਂ ਪ੍ਰਮੁੱਖ ਮੈਗਜ਼ੀਨਾਂ ਦੇ ਮੁੱਖ ਪੰਨੇ 'ਤੇ ਛਾ ਗਈ ਸੀ। ਮੈਨੂੰ ਪਤਾ ਸੀ ਕਿ ਜੇ ਮੈਂ ਕੁਝ ਨਹੀਂ ਕਹਾਂਗੀ ਤਾਂ ਇਹ ਮੰਨ ਲਿਆ ਜਾਵੇਗਾ ਕਿ ਮੈਂ ਇਸ ਸਭ ਕਾਸੇ ਨਾਲ ਸਹਿਮਤ ਹਾਂ। ਓਦੋਂ ਮੈਨੂੰ ਸਮਝ ਆਇਆ ਕਿ ਚੁੱਪ ਰਹਿਣਾ ਵੀ ਬੋਲਣ ਜਿੰਨਾ ਹੀ ਰਾਜਨੀਤਕ ਹੈ। ਮੈਂ ਇਹ ਵੀ ਸਮਝ ਗਈ ਕਿ ਬੋਲਣ ਨਾਲ ਸਾਹਿਤਕ ਜਗਤ ਦੀ ਪਰੀ-ਰਾਜਕੁਮਾਰੀ ਵਜੋਂ ਮੇਰਾ ਕਰੀਅਰ ਖ਼ਤਮ ਹੋ ਜਾਵੇਗਾ। ਇਸ ਤੋਂ ਵੀ ਵਧੇਰੇ, ਮੈਂ ਸਮਝ ਗਈ ਕਿ ਜੇ ਮੈਂ ਨਤੀਜਿਆਂ ਦੀ ਪਰਵਾਹ ਕੀਤੇ ਬਿਨਾਂ ਉਹ ਨਹੀਂ ਲਿਖਿਆ ਜੋ ਮੈਂ ਮੰਨਦੀ ਹਾਂ, ਤਾਂ ਮੈਂ ਆਪਣਾ ਸਭ ਤੋਂ ਵੱਡੀ ਦੁਸ਼ਮਣ ਬਣ ਜਾਵਾਂਗੀ ਅਤੇ ਸੰਭਵ ਤੌਰ 'ਤੇ ਉਹ ਚੀਜ਼ਾਂ ਦੁਬਾਰਾ ਕਦੇ ਨਹੀਂ ਲਿਖ ਸਕਾਂਗੀ।

ਇਸ ਲਈ, ਮੈਂ ਆਪਣੀ ਲੇਖਣੀ ਨੂੰ ਬਚਾਉਣ ਲਈ ਲਿਖਿਆ। ਮੇਰਾ ਪਹਿਲਾ ਲੇਖ, 'ਕਲਪਨਾ ਦਾ ਅੰਤ', ਵਿਆਪਕ ਤੌਰ 'ਤੇ ਪੜ੍ਹੇ ਜਾਣ ਵਾਲੇ ਦੋ ਪ੍ਰਮੁੱਖ ਰਸਾਲਿਆਂ, 'ਆਊਟਲੁਕ' ਅਤੇ 'ਫਰੰਟਲਾਈਨ' ਵਿਚ ਇੱਕੋ ਸਮੇਂ ਛਪਿਆ ਸੀ। ਮੈਨੂੰ ਤੁਰੰਤ ਦੇਸ਼ਧ੍ਰੋਹੀ ਅਤੇ ਰਾਸ਼ਟਰ-ਵਿਰੋਧੀ ਕਰਾਰ ਦੇ ਦਿੱਤਾ ਗਿਆ। ਮੈਂ ਇਸ ਅਪਮਾਨ ਨੂੰ ਪ੍ਰਸ਼ੰਸਾ ਵਜੋਂ ਲਿਆ। ਇਹ ਵੱਕਾਰ ਕਿਸੇ 'ਬੁੱਕਰ ਇਨਾਮ' ਤੋਂ ਘੱਟ ਨਹੀਂ ਸੀ। ਇਹ ਕਦਮ ਮੈਨੂੰ ਡੈਮਾਂ, ਨਦੀਆਂ, ਉਜਾੜੇ, ਜਾਤ ਪ੍ਰਣਾਲੀ, ਖਣਨ, ਗ੍ਰਹਿਯੁੱਧ ਬਾਰੇ ਲਿਖਣ ਦੇ ਇਕ ਲੰਮੇ ਸਫ਼ਰ 'ਤੇ ਲੈ ਗਿਆ - ਇਕ ਅਜਿਹਾ ਸਫ਼ਰ ਜਿਸ ਨੇ ਮੇਰੀ ਸਮਝ ਨੂੰ ਹੋਰ ਡੂੰਘਾ ਕੀਤਾ ਅਤੇ ਮੇਰੇ ਗਲਪ ਤੇ ਗੈਰ-ਗਲਪ ਨੂੰ ਇਸ ਤਰੀਕੇ ਨਾਲ ਗੁੰਦ ਦਿੱਤਾ ਕਿ ਹੁਣ ਉਨ੍ਹਾਂ ਨੂੰ ਜੁਦਾ ਨਹੀਂ ਕੀਤਾ ਜਾ ਸਕਦਾ।

ਜਦੋਂ ਮੇਰੇ ਲੇਖ ਪਹਿਲੀ ਵਾਰ ਛਪੇ (ਪਹਿਲਾਂ ਵੱਡੇ ਪੈਮਾਨੇ 'ਤੇ ਪਾਠਕਾਂ 'ਚ ਜਾਣ ਵਾਲੇ ਰਸਾਲਿਆਂ ਵਿਚ, ਫਿਰ ਇੰਟਰਨੈੱਟ 'ਤੇ, ਅਤੇ ਅੰਤ ਵਿਚ ਕਿਤਾਬਾਂ ਦੇ ਰੂਪ ਵਿਚ), ਤਾਂ ਉਨ੍ਹਾਂ ਨੂੰ, ਘੱਟੋ-ਘੱਟ ਕੁਝ ਹਲਕਿਆਂ 'ਚ, ਅਕਸਰ ਉਨ੍ਹਾਂ ਲੋਕਾਂ ਵੱਲੋਂ ਵੀ ਘਾਤਕ ਸ਼ੱਕ ਦੀ ਨਜ਼ਰ ਨਾਲ ਦੇਖਿਆ ਗਿਆ, ਜੋ ਲਾਜ਼ਮੀ ਤੌਰ 'ਤੇ ਇਸ ਦੇ ਰਾਜਨੀਤਕ ਰੁਖ ਨਾਲ ਅਸਹਿਮਤ ਵੀ ਨਹੀਂ ਸਨ। ਦਰਅਸਲ, ਇਹ ਲੇਖਣੀ ਉਸ ਤੋਂ ਕੁਝ ਹਟ ਕੇ ਸੀ ਜਿਸਨੂੰ ਰਵਾਇਤੀ ਤੌਰ 'ਤੇ ਸਾਹਿਤ ਮੰਨਿਆ ਜਾਂਦਾ ਹੈ। ਸਾਹਿਤ ਨੂੰ ਵੱਖ-ਵੱਖ ਵਿਧਾਵਾਂ ਵਿਚ ਵੰਡਕੇ ਦੇਖਣ ਦੇ ਆਦੀ ਲੋਕਾਂ ਲਈ ਇਸ ਨੂੰ ਹਾਨੀਕਾਰਕ ਸਮਝਣਾ ਸੁਭਾਵਿਕ ਵੀ ਸੀ ਕਿਉਂਕਿ ਉਨ੍ਹਾਂ ਤੋਂ ਇਹ ਫ਼ੈਸਲਾ ਨਹੀਂ ਹੋ ਰਿਹਾ ਸੀ ਕਿ ਇਹ ਲੇਖਣੀ ਅਸਲ ਵਿਚ ਕੀ ਸੀ - ਕੋਈ ਪਰਚਾ ਸੀ, ਜਾਂ ਰਾਜਨੀਤਕ ਬਹਿਸ, ਅਕਾਦਮਿਕ ਲੇਖਣੀ ਸੀ, ਜਾਂ ਪੱਤਰਕਾਰੀ। ਸਫ਼ਰਨਾਮਾ, ਜਾਂ ਸਿਰਫ ਸਾਹਿਤਿਕ ਮਾਅਰਕੇਬਾਜ਼ੀ?

ਕੁਝ ਲੋਕ ਤਾਂ ਇਸ ਨੂੰ ਲੇਖਣੀ ਮੰਨ ਹੀ ਨਹੀਂ ਰਹੇ ਸਨ। ਉਹ ਕਹਿੰਦੇ, "ਬਈ, ਤੂੰ ਲਿਖਣਾ ਕਿਉਂ ਛੱਡ ਦਿੱਤਾ ਹੈ? ਅਸੀਂ ਤੁਹਾਡੀ ਅਗਲੀ ਕਿਤਾਬ ਦੀ ਉਡੀਕ ਕਰ ਰਹੇ ਹਾਂ।" ਹੋਰ ਸੋਚਦੇ ਸਨ ਕਿ ਸਿਰਫ਼ ਪੈਸੇ ਦੇ ਕੇ ਮੇਰੇ ਤੋਂ ਲਿਖਵਾਇਆ ਜਾਂਦਾ ਹੈ। ਮੈਨੂੰ ਹਰ ਤਰ੍ਹਾਂ ਦੀਆਂ ਪੇਸ਼ਕਸ਼ਾਂ ਆਈਆਂ: "ਪਿਆਰੀ, ਮੈਨੂੰ ਤੇਰਾ ਡੈਮਾਂ 'ਤੇ ਲਿਖਿਆ ਲੇਖ ਬਹੁਤ ਪਸੰਦ ਆਇਆ, ਕੀ ਤੂੰ ਬਾਲ ਸ਼ੋਸ਼ਣ 'ਤੇ ਮੇਰੇ ਲਈ ਇਕ ਕੰਮ ਕਰ ਸਕਦੀ ਹੋ?" (ਅਜਿਹਾ ਸੱਚਮੁੱਚ ਵਾਪਰਿਆ।) ਮੈਨੂੰ ਸਖ਼ਤੀ ਨਾਲ ਲੈਕਚਰ ਦਿੱਤਾ ਗਿਆ, (ਜ਼ਿਆਦਾਤਰ ਉੱਚ ਜਾਤੀ ਦੇ ਮਰਦਾਂ ਵੱਲੋਂ) ਕਿ ਲਿਖਣਾ ਕਿਵੇਂ ਹੈ, ਮੈਨੂੰ ਕਿਹੜੇ ਵਿਸ਼ਿਆਂ 'ਤੇ ਲਿਖਣਾ ਚਾਹੀਦਾ ਹੈ, ਅਤੇ ਮੈਨੂੰ ਕਿਹੜਾ ਲਹਿਜਾ ਅਪਣਾਉਣਾ ਚਾਹੀਦਾ ਹੈ।

ਪਰ ਹੋਰ ਥਾਵਾਂ 'ਤੇ ਇਨ੍ਹਾਂ ਲੇਖਾਂ ਦਾ ਤੁਰੰਤ ਹੋਰ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ। ਇਹ ਕਿਤਾਬਚਿਆਂ ਦੇ ਰੂਪ ਵਿਚ ਛਾਪੇ ਗਏ ਅਤੇ ਮੁਫ਼ਤ ਵੰਡੇ ਗਏ, ਖ਼ਾਸ ਕਰਕੇ ਜੰਗਲਾਂ ਅਤੇ ਨਦੀ ਘਾਟੀਆਂ ਵਿਚ, ਹਮਲੇ ਝੱਲ ਰਹੇ ਪਿੰਡਾਂ ਵਿਚ, ਉਨ੍ਹਾਂ ਯੂਨੀਵਰਸਿਟੀ ਕੈਂਪਸਾਂ ਵਿਚ ਜਿੱਥੇ ਵਿਦਿਆਰਥੀ ਆਪਣੀਆਂ ਕਲਾਸਾਂ ਵਿਚ ਝੂਠੇ ਲੈਕਚਰ ਸੁਣਦੇ-ਸੁਣਦੇ ਤੰਗ ਆ ਚੁੱਕੇ ਸਨ। ਕਿਉਂਕਿ ਇਹ ਪਾਠਕ ਉਹ ਲੋਕ ਸਨ ਜੋ ਉੱਥੇ ਸੰਘਰਸ਼ਾਂ 'ਚ ਮੂਹਰਲੀਆਂ ਕਤਾਰਾਂ 'ਚ ਸਨ, ਉਸ ਫੈਲ ਰਹੀ ਅੱਗ ਨਾਲ ਸਿੱਧੇ ਝੁਲਸ ਰਹੇ ਸਨ, ਅਤੇ ਇਸ ਲਈ ਸਾਹਿਤ ਕੀ ਹੈ ਜਾਂ ਸਾਹਿਤ ਨੂੰ ਕੀ ਹੋਣਾ ਚਾਹੀਦਾ ਹੈ, ਇਸ ਬਾਰੇ ਉਨ੍ਹਾਂ ਦੇ ਵਿਚਾਰ ਪੂਰੀ ਤਰ੍ਹਾਂ ਵੱਖਰੇ ਸਨ।

ਮੈਂ ਇਸਦਾ ਜ਼ਿਕਰ ਇਸ ਲਈ ਕਰ ਰਹੀ ਹਾਂ ਕਿਉਂਕਿ ਇਸੇ ਨੇ ਮੈਨੂੰ ਸਿਖਾਇਆ ਹੈ ਕਿ ਸਾਹਿਤ ਲਈ ਜਗ੍ਹਾ ਲੇਖਕਾਂ ਅਤੇ ਪਾਠਕਾਂ ਦੁਆਰਾ ਖ਼ੁਦ ਬਣਾਈ ਜਾਂਦੀ ਹੈ। ਇਹ ਕੁਝ ਮਾਇਨਿਆਂ 'ਚ ਇਕ ਨਾਜ਼ੁਕ ਜਗ੍ਹਾ ਹੈ, ਪਰ ਇਹ ਜਗ੍ਹਾ ਅਵਿਨਾਸ਼ੀ ਹੈ। ਜਦੋਂ ਇਹ ਟੁੱਟ ਜਾਂਦੀ ਹੈ ਤਾਂ ਅਸੀਂ ਇਸਨੂੰ ਦੁਬਾਰਾ ਬਣਾ ਲੈਂਦੇ ਹਾਂ। ਕਿਉਂਕਿ ਸਾਨੂੰ ਆਸਰਾ ਚਾਹੀਦਾ ਹੈ। ਮੈਨੂੰ ਇਹ ਵਿਚਾਰ ਬਹੁਤ ਪਸੰਦ ਹੈ ਕਿ ਸਾਹਿਤ ਉਹੀ ਹੈ ਜਿਸ ਦੀ ਜ਼ਰੂਰਤ ਹੈ। ਸਾਹਿਤ ਉਹੀ ਹੈ ਜੋ ਆਸਰਾ ਦਿੰਦਾ ਹੈ। ਹਰ ਤਰ੍ਹਾਂ ਦਾ ਆਸਰਾ।

ਅੱਜ ਦੇ ਜ਼ਮਾਨੇ ਵਿਚ ਇਹ ਬਿਲਕੁਲ ਕਲਪਨਾ ਨਹੀਂ ਕੀਤੀ ਜਾ ਸਕਦੀ ਕਿ ਭਾਰਤ ਵਿਚ ਕੋਈ ਵੀ ਮੁੱਖਧਾਰਾ ਮੀਡੀਆ ਹਾਊਸ, ਜਿਸ ਦੀ ਪੂਰੀ ਜ਼ਿੰਦਗੀ ਹੀ ਕਾਰਪੋਰੇਟ ਇਸ਼ਤਿਹਾਰਾਂ ਉੱਪਰ ਟਿਕੀ ਹੋਈ ਹੈ, ਅਜਿਹੇ ਲੇਖ ਛਾਪੇਗਾ। ਪਿਛਲੇ 20 ਸਾਲਾਂ 'ਚ, ਖੁੱਲ੍ਹੀ ਮੰਡੀ, ਫਾਸ਼ੀਵਾਦ ਅਤੇ ਕਥਿਤ ਸੁਤੰਤਰ ਪ੍ਰੈੱਸ ਨੇ ਮਿਲ ਕੇ ਭਾਰਤ ਨੂੰ ਅਜਿਹੀ ਜਗ੍ਹਾ 'ਤੇ ਪਹੁੰਚਾ ਦਿੱਤਾ ਹੈ ਜਿੱਥੇ ਇਸਨੂੰ ਕਿਸੇ ਵੀ ਕੋਣ ਤੋਂ ਲੋਕਤੰਤਰ ਨਹੀਂ ਕਿਹਾ ਜਾ ਸਕਦਾ।

ਇਸ ਸਾਲ ਜਨਵਰੀ 'ਚ ਵਾਪਰੀਆਂ ਦੋ ਘਟਨਾਵਾਂ ਇਸ ਨੂੰ ਬਖ਼ੂਬੀ ਸਪਸ਼ਟ ਕਰ ਦੇਣਗੀਆਂ। ਬੀਬੀਸੀ ਨੇ 'ਇੰਡੀਆ: ਦੀ ਮੋਦੀ ਕੁਐਸ਼ਚਨ' ਨਾਂ ਦੀ ਦੋ ਭਾਗਾਂ 'ਚ ਡਾਕੂਮੈਂਟਰੀ ਦਾ ਪ੍ਰਸਾਰਣ ਕੀਤਾ, ਅਤੇ ਥੋੜ੍ਹੇ ਦਿਨ ਬਾਅਦ ਇਕ ਛੋਟੀ ਜਿਹੀ ਅਮਰੀਕੀ ਫਰਮ 'ਹਿੰਡਨਬਰਗ ਰਿਸਰਚ', ਜੋ ਕਿ ਐਕਟੀਵਿਸਟ ਸ਼ਾਰਟ ਸੈਲਿੰਗ ਕੰਪਨੀ ਵਜੋਂ ਜਾਣੀ ਜਾਂਦੀ ਹੈ, ਨੇ ਇਕ ਰਿਪੋਰਟ ਪ੍ਰਕਾਸ਼ਿਤ ਕੀਤੀ ਜੋ ਹੁਣ 'ਹਿੰਡਨਬਰਗ ਰਿਪੋਰਟ' ਦੇ ਰੂਪ 'ਚ ਜਾਣੀ ਜਾਂਦੀ ਹੈ। ਇਸ ਵਿਚ ਭਾਰਤ ਦੀ ਸਭ ਤੋਂ ਵੱਡੀ ਕਾਰਪੋਰੇਸ਼ਨ ਅਡਾਨੀ ਸਮੂਹ ਦੁਆਰਾ ਕੀਤੇ ਗਏ ਕਾਰਿਆਂ ਦਾ ਹੈਰਾਨੀਜਨਕ ਵਿਸਤਾਰਤ ਖ਼ੁਲਾਸਾ ਕੀਤਾ ਗਿਆ।

ਪਰ ਬੀਬੀਸੀ-ਹਿੰਡਨਬਰਗ ਦੇ ਖ਼ੁਲਾਸਿਆਂ ਨੂੰ ਭਾਰਤੀ ਮੀਡੀਆ ਨੇ ਭਾਰਤ ਦੇ ਟਵਿਨ ਟਾਵਰਾਂ - ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤ ਦੇ ਸਭ ਤੋਂ ਵੱਡੇ ਕਾਰੋਬਾਰੀ ਗੌਤਮ ਅਡਾਨੀ - ਉੱਪਰ ਹਮਲੇ ਵਜੋਂ ਪੇਸ਼ ਕੀਤਾ। ਅਡਾਨੀ ਹੁਣ ਤੱਕ ਦੁਨੀਆ ਦਾ ਤੀਜਾ ਸਭ ਤੋਂ ਅਮੀਰ ਵਿਅਕਤੀ ਸੀ। ਉਸ 'ਤੇ ਲਗਾਏ ਗਏ ਦੋਸ਼ ਮਾਮੂਲੀ ਨਹੀਂ ਹਨ। ਬੀਬੀਸੀ ਦੀ ਫਿਲਮ ਵਿਚ ਮੋਦੀ 'ਤੇ ਕਤਲੇਆਮ ਲਈ ਉਕਸਾਉਣ ਦਾ ਦੋਸ਼ ਲਾਇਆ ਗਿਆ ਹੈ। ਹਿੰਡਨਬਰਗ ਰਿਪੋਰਟ ਵਿਚ ਅਡਾਨੀ 'ਤੇ "ਕਾਰਪੋਰੇਟ ਇਤਿਹਾਸ ਦਾ ਸਭ ਤੋਂ ਵੱਡਾ ਘੁਟਾਲਾ" ਕਰਨ ਦਾ ਦੋਸ਼ ਲਾਇਆ ਗਿਆ ਹੈ। ਹੁਣ ਜਹੇ 30 ਅਗਸਤ ਨੂੰ, 'ਦੀ ਗਾਰਡੀਅਨ' ਅਤੇ 'ਫਾਈਨੈਂਸ਼ੀਅਲ ਟਾਈਮਜ਼' ਨੇ ਸੰਗਠਿਤ ਜੁਰਮ ਅਤੇ ਭ੍ਰਿਸ਼ਟਾਚਾਰ ਰਿਪੋਰਟਿੰਗ ਪ੍ਰੋਜੈਕਟ (ਆਰਗੇਨਾਈਜ਼ਡ ਕ੍ਰਾਈਮ ਐਂਡ ਕੁਰੱਪਸ਼ਨ ਰਿਪੋਰਟਿੰਗ ਪ੍ਰੋਜੈਕਟ, ਓਸੀਸੀਆਰਪੀ) ਦੁਆਰਾ ਪ੍ਰਾਪਤ ਉਨ੍ਹਾਂ ਦਸਤਾਵੇਜ਼ਾਂ ਦੇ ਅਧਾਰ ਤੇ ਲੇਖ ਪ੍ਰਕਾਸ਼ਿਤ ਕੀਤੇ ਹਨ ਜੋ ਅਡਾਨੀ ਸਮੂਹ ਦੁਆਰਾ ਕੀਤੇ ਗਏ ਜੁਰਮਾਂ ਦੇ ਸਬੂਤ ਹਨ। ਇਹ ਲੇਖ ਹਿੰਡਨਬਰਗ ਰਿਪੋਰਟ ਦੀ ਹੋਰ ਪੁਸ਼ਟੀ ਕਰਦੇ ਹਨ।

ਭਾਰਤੀ ਜਾਂਚ ਏਜੰਸੀਆਂ ਅਤੇ ਜ਼ਿਆਦਾਤਰ ਭਾਰਤੀ ਮੀਡੀਆ ਨਾ ਤਾਂ ਇਨ੍ਹਾਂ ਮਾਮਲਿਆਂ ਦੀ ਜਾਂਚ ਕਰਨ ਦੀ ਸਥਿਤੀ ਵਿਚ ਹਨ ਅਤੇ ਨਾ ਹੀ ਇਨ੍ਹਾਂ ਨੂੰ ਪ੍ਰਕਾਸ਼ਿਤ ਕਰਨ ਦੀ ਸਥਿਤੀ ਵਿਚ ਹਨ। ਜਦੋਂ ਇਹ ਕੰਮ ਬਦੇਸ਼ੀ ਮੀਡੀਆ ਕਰ ਰਿਹਾ ਹੈ ਤਾਂ ਝੂਠੇ ਘੋਰ-ਰਾਸ਼ਟਰਵਾਦ ਦੇ ਮੌਜੂਦਾ ਮਾਹੌਲ ਵਿਚ ਇਸ ਨੂੰ ਭਾਰਤੀ ਪ੍ਰਭੂਸੱਤਾ 'ਤੇ ਹਮਲੇ ਵਜੋਂ ਪੇਸ਼ ਕਰਨਾ ਸੌਖਾ ਕੰਮ ਹੈ।

ਬੀਬੀਸੀ ਦੀ ਫਿਲਮ 'ਦੀ ਮੋਦੀ ਕੁਐਸਚਨ' ਦਾ ਐਪੀਸੋਡ-1 ਸੰਨ 2002 ਦੇ ਉਸ ਮੁਸਲਿਮ ਵਿਰੋਧੀ ਕਤਲੇਆਮ ਬਾਰੇ ਹੈ ਜੋ ਗੁਜਰਾਤ ਰਾਜ ਵਿਚ ਓਦੋਂ ਭੜਕਿਆ ਸੀ ਜਦੋਂ ਮੁਸਲਮਾਨਾਂ ਨੂੰ ਇਕ ਰੇਲਵੇ ਡੱਬੇ ਨੂੰ ਅੱਗ ਲਾਉਣ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਸੀ ਜਿਸ ਵਿਚ 59 ਹਿੰਦੂ ਸ਼ਰਧਾਲੂ ਜ਼ਿੰਦਾ ਸੜ ਗਏ ਸਨ। ਕਤਲੇਆਮ ਤੋਂ ਕੁਝ ਮਹੀਨੇ ਪਹਿਲਾਂ ਹੀ ਮੋਦੀ ਨੂੰ ਸੂਬੇ ਦਾ ਮੁੱਖ ਮੰਤਰੀ ਥਾਪਿਆ ਗਿਆ (ਚੁਣਿਆ ਨਹੀਂ ਗਿਆ) ਸੀ। ਇਹ ਫਿਲਮ ਸਿਰਫ਼ ਕਤਲਾਂ ਬਾਰੇ ਨਹੀਂ ਹੈ ਸਗੋਂ ਭਾਰਤ ਦੀ ਗੁੰਝਲਦਾਰ ਕਾਨੂੰਨੀ ਪ੍ਰਣਾਲੀ ਵਿਚ ਭਰੋਸੇ, ਅਤੇ ਨਿਆਂ ਤੇ ਰਾਜਨੀਤਕ ਜਵਾਬਦੇਹੀ ਦੀ ਉਮੀਦ ਬਰਕਰਾਰ ਰੱਖਦੇ ਹੋਏ ਕੁਝ ਪੀੜਤਾਂ ਨੇ 20 ਸਾਲ ਤੱਕ ਜੋ ਸਫ਼ਰ ਜਾਰੀ ਰੱਖਿਆ, ਉਸ ਬਾਰੇ ਵੀ ਹੈ।

ਇਸ ਵਿਚ ਚਸ਼ਮਦੀਦ ਗਵਾਹਾਂ ਦੀ ਗਵਾਹੀ ਸ਼ਾਮਿਲ ਹੈ। ਸਭ ਤੋਂ ਦਰਦਨਾਕ ਗਵਾਹੀ ਇਮਤਿਆਜ਼ ਪਠਾਨ ਦੀ ਹੈ, ਜਿਸ ਦੇ ਪਰਿਵਾਰ ਦੇ ਦਸ ਜੀਅ "ਗੁਲਬਰਗ ਸੁਸਾਇਟੀ ਕਤਲੇਆਮ" ਵਿਚ ਮਾਰ ਦਿੱਤੇ ਗਏ ਸਨ। ਇਸ ਕਤਲੇਆਮ ਵਿਚ ਭੀੜ ਨੇ 60 ਵਿਅਕਤੀਆਂ ਨੂੰ ਕਤਲ ਕਰ ਦਿੱਤਾ ਸੀ, ਜਿਨ੍ਹਾਂ ਵਿਚ ਇਕ ਸਾਬਕਾ ਸੰਸਦ ਮੈਂਬਰ ਅਹਿਸਾਨ ਜਾਫ਼ਰੀ ਵੀ ਸੀ। ਉਸ ਦੇ ਸਰੀਰ ਦੇ ਟੋਟੇ-ਟੋਟੇ ਕਰ ਦਿੱਤੇ ਗਏ ਸਨ ਅਤੇ ਫਿਰ ਉਸ ਨੂੰ ਜ਼ਿੰਦਾ ਸਾੜ ਦਿੱਤਾ ਗਿਆ ਸੀ। ਜਾਫ਼ਰੀ ਮੋਦੀ ਦਾ ਸਿਆਸੀ ਵਿਰੋਧੀ ਸੀ ਅਤੇ ਉਸ ਸਮੇਂ ਹੋਈਆਂ ਚੋਣਾਂ ਵਿਚ ਉਸ ਨੇ ਮੋਦੀ ਦੇ ਖ਼ਿਲਾਫ਼ ਪ੍ਰਚਾਰ ਕੀਤਾ ਸੀ। ਇਹ ਕਤਲੇਆਮ ਉਨ੍ਹਾਂ ਕੁਝ ਦਿਨਾਂ 'ਚ ਹੀ ਗੁਜਰਾਤ ਵਿਚ ਕੀਤੇ ਗਏ ਕਈ ਭਿਆਨਕ ਕਤਲੇਆਮ ਵਿੱਚੋਂ ਇਕ ਸੀ।

ਹੋਰ ਕਤਲੇਆਮਾਂ ਵਿੱਚੋਂ ਇਕ ਉਹ ਕਤਲੇਆਮ ਸੀ (ਜਿਸ ਦਾ ਜ਼ਿਕਰ ਫਿਲਮ ਵਿਚ ਨਹੀਂ ਹੈ) ਜਿਸ ਵਿਚ 19 ਸਾਲਾ ਬਿਲਕਿਸ

ਬਾਨੋ ਦਾ ਸਮੂਹਿਕ ਬਲਾਤਕਾਰ ਅਤੇ ਉਸਦੀ 3 ਸਾਲ ਦੀ ਧੀ ਸਮੇਤ ਉਸਦੇ ਪਰਿਵਾਰ ਦੇ 14 ਜੀਆਂ ਦਾ ਕਤਲ ਕਰ ਦਿੱਤਾ ਗਿਆ ਸੀ। ਪਿਛਲੇ ਸਾਲ ਅਗਸਤ ਵਿਚ ਸੁਤੰਤਰਤਾ ਦਿਹਾੜੇ 'ਤੇ, ਜਦੋਂ ਮੋਦੀ ਨੇ ਔਰਤਾਂ ਦੇ ਹੱਕਾਂ ਦੀ ਮਹੱਤਤਾ ਬਾਰੇ ਰਾਸ਼ਟਰ ਨੂੰ ਸੰਬੋਧਨ ਕੀਤਾ, ਉਸੇ ਦਿਨ ਉਸ ਦੀ ਸਰਕਾਰ ਨੇ ਬਿਲਕੀਸ ਅਤੇ ਉਸ ਦੇ ਪਰਿਵਾਰ ਦੇ ਸਾਰੇ ਬਲਾਤਕਾਰੀਆਂ-ਕਾਤਲਾਂ ਨੂੰ ਮਾਫ਼ੀ ਦੇ ਦਿੱਤੀ, ਜਿਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਸੀ। ਉਨ੍ਹਾਂ ਨੇ ਆਪਣਾ ਕੈਦ ਦਾ ਜ਼ਿਆਦਾਤਰ ਸਮਾਂ ਵੀ ਬਾਹਰ ਪੈਰੋਲ 'ਤੇ ਗੁਜ਼ਾਰਿਆ ਸੀ। ਤੇ ਹੁਣ ਉਹ ਆਜ਼ਾਦ ਆਦਮੀ ਹਨ। ਜੇਲ੍ਹ ਤੋਂ ਬਾਹਰ ਉਸ ਦਾ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ ਗਿਆ, ਹੁਣ ਉਹ ਸਮਾਜ ਦੇ ਸਤਿਕਾਰਤ ਮੈਂਬਰ ਹਨ ਅਤੇ ਜਨਤਕ ਸਮਾਗਮਾਂ ਵਿਚ ਭਾਜਪਾ ਦੇ ਆਗੂਆਂ ਨਾਲ ਮੰਚ ਸਾਂਝੇ ਕਰਦੇ ਹਨ।

ਬੀਬੀਸੀ ਫਿਲਮ ਨੇ ਅਪ੍ਰੈਲ 2002 ਵਿਚ ਬਰਤਾਨਵੀ ਬਦੇਸ਼ ਦਫ਼ਤਰ ਦੁਆਰਾ ਸ਼ੁਰੂ ਕੀਤੀ ਇਕ ਅੰਦਰੂਨੀ ਰਿਪੋਰਟ ਦਾ ਖ਼ੁਲਾਸਾ ਕੀਤਾ ਜੋ ਹੁਣ ਤੱਕ ਜਨਤਕ ਨਹੀਂ ਕੀਤੀ ਗਈ ਸੀ। ਇਸ ਤੱਥ-ਖੋਜ ਰਿਪੋਰਟ ਦਾ ਅੰਦਾਜ਼ਾ ਹੈ ਕਿ "ਘੱਟੋ-ਘੱਟ 2,000" ਲੋਕਾਂ ਨੂੰ ਕਤਲ ਕੀਤਾ ਗਿਆ ਸੀ। ਰਿਪੋਰਟ ਵਿਚ ਗੁਜਰਾਤ ਕਤਲੇਆਮ ਨੂੰ ਇਕ ਯੋਜਨਾਬੱਧ ਨਸਲਕੁਸ਼ੀ ਕਿਹਾ ਗਿਆ ਹੈ ਜਿਸ ਵਿਚ "ਨਸਲੀ ਸਫ਼ਾਏ ਦੇ ਸਾਰੇ ਲੱਛਣ ਮੌਜੂਦ ਸਨ।" ਇਸ ਵਿਚ ਕਿਹਾ ਗਿਆ ਹੈ ਕਿ ਭਰੋਸੇਯੋਗ ਸੰਪਰਕਾਂ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਪੁਲਿਸ ਨੂੰ ਚੁੱਪਚਾਪ ਤਮਾਸ਼ਾ ਦੇਖਦੇ ਰਹਿਣ ਦੇ ਆਦੇਸ਼ ਦਿੱਤੇ ਗਏ ਸਨ। ਰਿਪੋਰਟ ਵਿਚ ਸਿੱਧੇ ਤੌਰ 'ਤੇ ਮੋਦੀ ਨੂੰ ਦੋਸ਼ੀ ਮੰਨਿਆ ਗਿਆ ਹੈ। ਗੁਜਰਾਤ ਕਤਲੇਆਮ ਤੋਂ ਬਾਅਦ ਅਮਰੀਕਾ ਨੇ ਉਸ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਮੋਦੀ ਨੇ ਲਗਾਤਾਰ ਤਿੰਨ ਚੋਣਾਂ ਜਿੱਤੀਆਂ ਅਤੇ 2014 ਤੱਕ ਗੁਜਰਾਤ ਦਾ ਮੁੱਖ ਮੰਤਰੀ ਬਣਿਆ ਰਿਹਾ। ਉਸ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਇਹ ਪਾਬੰਦੀ ਹਟਾ ਦਿੱਤੀ ਗਈ।

ਮੋਦੀ ਸਰਕਾਰ ਨੇ ਫਿਲਮ 'ਤੇ ਪਾਬੰਦੀ ਲਗਾ ਦਿੱਤੀ ਹੈ। ਹਰ ਸੋਸ਼ਲ ਮੀਡੀਆ ਪਲੇਟਫਾਰਮ ਨੇ ਪਾਬੰਦੀ ਦੀ ਪਾਲਣਾ ਕੀਤੀ ਅਤੇ ਇਸ ਦੇ ਸਾਰੇ ਲਿੰਕ ਤੇ ਹਵਾਲੇ ਹਟਾ ਦਿੱਤੇ ਗਏ। ਫਿਲਮ ਦੇ ਰਿਲੀਜ਼ ਹੋਣ ਦੇ ਕੁਝ ਹਫ਼ਤਿਆਂ ਦੇ ਅੰਦਰ ਹੀ ਬੀਬੀਸੀ ਦਫ਼ਤਰਾਂ ਨੂੰ ਪੁਲਿਸ ਨੇ ਘੇਰ ਲਿਆ ਅਤੇ ਟੈਕਸ ਅਧਿਕਾਰੀਆਂ ਨੇ ਉੱਥੇ ਛਾਪਾ ਮਾਰਿਆ।

'ਹਿੰਡਨਬਰਗ ਰਿਪੋਰਟ' ਵਿਚ ਅਡਾਨੀ ਸਮੂਹ ਉੱਪਰ "ਬੇਸ਼ਰਮੀ ਨਾਲ ਸਟਾਕ ਹੇਰਾਫੇਰੀ ਅਤੇ ਅਕਾਊਂਟਿੰਗ ਧੋਖਾਧੜੀ" ਦਾ ਦੋਸ਼ ਲਗਾਇਆ ਗਿਆ ਹੈ, ਜਿਸ ਨੇ ਆਫਸ਼ੋਰ ਸੈੱਲ ਸੰਸਥਾਵਾਂ ਦੇ ਮਾਧਿਅਮ ਰਾਹੀਂ ਆਪਣੀਆਂ ਪ੍ਰਮੁੱਖ ਸੂਚੀਬੱਧ ਕੰਪਨੀਆਂ ਦੇ ਸ਼ੇਅਰਾਂ ਦੇ ਭਾਅ ਜਾਅਲੀ ਤੌਰ 'ਤੇ ਵਧਾਏ ਜਿਸ ਨਾਲ ਗਰੁੱਪ ਦੇ ਚੇਅਰਮੈਨ ਦੀ ਦੌਲਤ ਵਿਚ ਕਾਫ਼ੀ ਵਾਧਾ ਹੋਇਆ। ਰਿਪੋਰਟ ਮੁਤਾਬਕ ਅਡਾਨੀ ਦੀਆਂ ਸੱਤ ਸੂਚੀਬੱਧ ਕੰਪਨੀਆਂ ਦਾ ਮੁਲਾਂਕਣ ਅਸਲ ਮੁੱਲ ਤੋਂ 85 ਫੀਸਦੀ ਵੱਧ ਹੈ। ਮੋਦੀ ਅਤੇ ਅਡਾਨੀ ਦਹਾਕਿਆਂ ਤੋਂ ਇਕ ਦੂਜੇ ਨੂੰ ਜਾਣਦੇ ਹਨ। 2002 ਦੇ ਗੁਜਰਾਤ ਕਤਲੇਆਮ ਤੋਂ ਬਾਅਦ ਉਨ੍ਹਾਂ ਦੀ ਯਾਰੀ ਗੂੜ੍ਹੀ ਹੋ ਗਈ।

ਉਸ ਸਮੇਂ, ਕਾਰਪੋਰੇਟ ਇੰਡੀਆ ਸਮੇਤ ਭਾਰਤ ਦਾ ਜ਼ਿਆਦਾਤਰ ਹਿਸਾ ਭੜਕੀ ਹੋਈ ਹਿੰਦੂ ਭੀੜ ਦੁਆਰਾ ਗੁਜਰਾਤ ਦੇ ਕਸਬਿਆਂ ਅਤੇ ਪਿੰਡਾਂ ਦੀਆਂ ਸੜਕਾਂ 'ਤੇ ਮੁਸਲਮਾਨਾਂ ਦੇ ਕਤਲੇਆਮ ਅਤੇ ਸਮੂਹਿਕ ਬਲਾਤਕਾਰਾਂ ਨੂੰ ਦੇਖ ਕੇ ਭੈਅ ਨਾਲ ਦਹਿਲ ਗਿਆ ਸੀ ਜੋ "ਬਦਲਾ" ਲੈਣ ਦੀ ਮੰਗ ਕਰ ਰਹੀ ਸੀ। ਉਸ ਸਮੇਂ ਗੌਤਮ ਅਡਾਨੀ ਮੋਦੀ ਦੇ ਨਾਲ ਖੜ੍ਹਾ ਹੋਇਆ। ਗੁਜਰਾਤੀ ਉਦਯੋਗਪਤੀਆਂ ਦੇ ਇਕ ਛੋਟੇ ਸਮੂਹ ਨੂੰ ਨਾਲ ਲੈ ਕੇ ਉਸਨੇ ਵਪਾਰੀਆਂ ਦਾ ਇਕ ਨਵਾਂ ਮੰਚ ਬਣਾਇਆ। ਉਸਨੇ ਮੋਦੀ ਦੇ ਆਲੋਚਕਾਂ ਦੀ ਨਿੰਦਾ ਕੀਤੀ ਅਤੇ ਮੋਦੀ ਦੀ ਹਮਾਇਤ ਕੀਤੀ ਕਿਉਂਕਿ ਉਸਨੇ "ਹਿੰਦੂ ਹਿਰਦੇ ਸਮਰਾਟ" ਦੇ ਰੂਪ 'ਚ ਇਕ ਨਵਾਂ ਰਾਜਨੀਤਕ ਕਰੀਅਰ ਸ਼ੁਰੂ ਕਰ ਲਿਆ ਸੀ। ਇਸ ਤਰ੍ਹਾਂ "ਵਿਕਾਸ" ਦੇ ਗੁਜਰਾਤ ਮਾਡਲ ਦਾ ਜਨਮ ਹੋਇਆ। ਇਹ ਸੀ ਕਾਰਪੋਰੇਟ ਧਨ ਦੇ ਥਾਪੜੇ ਨਾਲ ਹਿੰਸਕ ਹਿੰਦੂ ਰਾਸ਼ਟਰਵਾਦ।

ਗੁਜਰਾਤ ਦੇ ਮੁੱਖ ਮੰਤਰੀ ਵਜੋਂ ਤਿੰਨ ਕਾਰਜਕਾਲਾਂ ਤੋਂ ਬਾਅਦ 2014 'ਚ ਮੋਦੀ ਭਾਰਤ ਦਾ ਪ੍ਰਧਾਨ ਮੰਤਰੀ ਚੁਣਿਆ ਗਿਆ। ਉਹ ਆਪਣੇ ਸਹੁੰ-ਚੁੱਕ ਸਮਾਗਮ ਲਈ ਇਕ ਨਿੱਜੀ ਜੈੱਟ ਜਹਾਜ਼ ਰਾਹੀਂ ਦਿੱਲੀ ਗਿਆ, ਉਸ ਜਹਾਜ਼ ਦੇ ਪੂਰੇ ਹਿੱਸੇ 'ਤੇ ਅਡਾਨੀ ਦਾ ਨਾਮ ਲਿਖਿਆ ਹੋਇਆ ਸੀ। ਮੋਦੀ ਦੇ ਨੌਂ ਸਾਲਾਂ ਦੇ ਕਾਰਜਕਾਲ 'ਚ ਅਡਾਨੀ ਦੁਨੀਆ ਦਾ ਸਭ ਤੋਂ ਅਮੀਰ ਆਦਮੀ ਬਣ ਗਿਆ। ਇਸ ਦੌਰਾਨ ਉਸਦੀ ਦੌਲਤ 8 ਅਰਬ ਡਾਲਰ ਤੋਂ ਵੱਧ ਕੇ 137 ਅਰਬ ਡਾਲਰ ਹੋ ਗਈ। ਸਿਰਫ਼ ਸੰਨ 2022 ਵਿਚ ਹੀ ਉਸ ਨੇ 72 ਅਰਬ ਡਾਲਰ ਕਮਾਏ, ਜੋ ਦੁਨੀਆ ਦੇ ਸਿਖ਼ਰਲੇ ਨੌਂ ਅਰਬਪਤੀਆਂ ਦੀ ਕੁਲ ਕਮਾਈ ਤੋਂ ਵੀ ਵੱਧ ਹੈ। ਹੁਣ ਇਕ ਦਰਜਨ ਸ਼ਿਪਿੰਗ ਬੰਦਰਗਾਹਾਂ ਉੱਪਰ ਅਡਾਨੀ ਗਰੁੱਪ ਦਾ ਕੰਟਰੋਲ ਹੈ ਜਿਨ੍ਹਾਂ ਰਾਹੀਂ ਭਾਰਤ ਦੇ 30% ਮਾਲ ਦੀ ਢੋਆ-ਢੁਆਈ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਸੱਤ ਹਵਾਈ ਅੱਡੇ ਜੋ ਭਾਰਤ ਦੇ 23% ਹਵਾਈ ਮੁਸਾਫ਼ਰਾਂ ਨੂੰ ਸੰਭਾਲਦੇ ਹਨ, ਅਤੇ ਵੇਅਰਹਾਊਸ ਜੋ ਮਿਲਕੇ ਭਾਰਤ ਦੇ 30% ਅਨਾਜ ਦਾ ਭੰਡਾਰ ਕਰਦੇ ਹਨ, ਉਨ੍ਹਾਂ ਉੱਪਰ ਵੀ ਅਡਾਨੀ ਗਰੁੱਪ ਦਾ ਕੰਟਰੋਲ ਹੈ। ਇਹ ਉਨ੍ਹਾਂ ਪਾਵਰ ਪਲਾਂਟਾਂ ਦਾ ਮਾਲਕ ਅਤੇ ਸੰਚਾਲਕ ਹੈ ਜੋ ਮੁਲਕ ਦੇ ਨਿੱਜੀ ਬਿਜਲੀ ਦੇ ਸਭ ਤੋਂ ਵੱਡੇ ਉਤਪਾਦਕ ਹਨ।

ਜੀ ਹਾਂ, ਗੌਤਮ ਅਡਾਨੀ ਦੁਨੀਆ ਦੇ ਸਭ ਤੋਂ ਅਮੀਰ ਆਦਮੀਆਂ ਵਿੱਚੋਂ ਇਕ ਹੈ, ਪਰ ਜੇਕਰ ਤੁਸੀਂ ਚੋਣਾਂ ਦੌਰਾਨ ਉਨ੍ਹਾਂ ਦੇ ਖ਼ਰਚਿਆਂ ਨੂੰ ਦੇਖੋ, ਤਾਂ ਭਾਜਪਾ ਨਾ ਸਿਰਫ਼ ਭਾਰਤ ਦੀ, ਸਗੋਂ ਸ਼ਾਇਦ ਦੁਨੀਆ ਦੀ ਸਭ ਤੋਂ ਅਮੀਰ ਰਾਜਨੀਤਕ ਪਾਰਟੀ ਵੀ ਹੈ। 2016 ਵਿਚ ਭਾਜਪਾ ਨੇ ਕਾਰਪੋਰੇਸ਼ਨਾਂ ਨੂੰ ਆਪਣੀ ਪਛਾਣ ਜਨਤਕ ਕੀਤੇ ਬਿਨਾਂ ਰਾਜਨੀਤਕ ਪਾਰਟੀਆਂ ਨੂੰ ਫੰਡ ਦੇਣ ਦੀ ਇਜਾਜ਼ਤ ਦੇਣ ਲਈ ਚੋਣ-ਬੌਂਡ ਦੀ ਯੋਜਨਾ ਸ਼ੁਰੂ ਕੀਤੀ। ਇਹ ਕਾਰਪੋਰੇਟ ਫੰਡਿੰਗ ਵਿਚ ਹੁਣ ਤੱਕ ਦੀ ਸਭ ਤੋਂ ਵੱਡੀ ਹਿੱਸੇਦਾਰੀ ਵਾਲੀ ਪਾਰਟੀ ਬਣ ਗਈ ਹੈ। ਇੰਝ ਜਾਪਦਾ ਹੈ ਕਿ ਜਿਵੇਂ ਇਨ੍ਹਾਂ ਟਵਿਨ ਟਾਵਰਾਂ (ਜੌੜੇ ਥੰਮਾਂ) ਦੀਆਂ ਜੜ੍ਹਾਂ ਵਿਚਕਾਰ ਇਕ ਸਾਂਝਾ ਤਹਿਖਾਨਾ ਹੋਵੇ।

ਜਿਸ ਤਰ੍ਹਾਂ ਅਡਾਨੀ ਲੋੜ ਵੇਲੇ ਮੋਦੀ ਦੇ ਨਾਲ ਖੜ੍ਹਿਆ ਸੀ, ਉਸੇ ਤਰ੍ਹਾਂ ਮੋਦੀ ਸਰਕਾਰ ਵੀ ਅਡਾਨੀ ਦੇ ਨਾਲ ਖੜ੍ਹੀ ਹੈ ਅਤੇ ਇਸ ਨੇ ਸੰਸਦ ਵਿਚ ਵਿਰੋਧੀ-ਧਿਰ ਦੇ ਮੈਂਬਰਾਂ ਵੱਲੋਂ ਚੁੱਕੇ ਗਏ ਇਕ ਵੀ ਸਵਾਲ ਦਾ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਇੱਥੋਂ ਤੱਕ ਕਿ ਉਨ੍ਹਾਂ ਦੇ ਭਾਸ਼ਣਾਂ ਨੂੰ ਸੰਸਦ ਦੇ ਰਿਕਾਰਡ ਵਿੱਚੋਂ ਹੀ ਕੱਢ ਦਿੱਤਾ ਗਿਆ ਹੈ।

ਜਿੱਥੇ ਇਕ ਪਾਸੇ ਭਾਜਪਾ ਅਤੇ ਅਡਾਨੀ ਆਪਣੀ ਦੌਲਤ ਜਮਾਂ ਕਰਦੇ ਜਾ ਰਹੇ ਹਨ, ਉੱਥੇ ਦੂਜੇ ਪਾਸੇ ਆਕਸਫੈਮ ਨੇ ਆਪਣੀ ਇਕ ਭਿਆਨਕ ਰਿਪੋਰਟ ਵਿਚ ਕਿਹਾ ਹੈ ਕਿ ਕੁਲ ਰਾਸ਼ਟਰੀ ਦੌਲਤ ਦਾ 77 ਫੀਸਦੀ ਹਿਸਾ ਭਾਰਤੀ ਆਬਾਦੀ ਦੇ ਸਿਖ਼ਰਲੇ 10 ਵਿਅਕਤੀਆਂ ਕੋਲ ਹੈ। 2017 ਵਿਚ ਪੈਦਾ ਹੋਈ ਦੌਲਤ ਦਾ 73 ਫੀਸਦੀ ਸਭ ਤੋਂ ਅਮੀਰ 1 ਫੀਸਦੀ ਲੋਕਾਂ ਕੋਲ ਗਿਆ, ਜਦੋਂ ਕਿ ਸਭ ਤੋਂ ਗ਼ਰੀਬ ਅੱਧੀ ਆਬਾਦੀ, ਭਾਵ 67 ਕਰੋੜ ਭਾਰਤੀਆਂ ਦੀ ਦੌਲਤ ਸਿਰਫ਼ 1 ਫੀਸਦੀ ਹੀ ਵਧੀ। ਹਾਲਾਂਕਿ ਭਾਰਤ ਨੂੰ ਇਕ ਵਿਸ਼ਾਲ ਮੰਡੀ ਵਾਲੀ ਆਰਥਕ ਤਾਕਤ ਵਜੋਂ ਜਾਣਿਆ ਜਾਂਦਾ ਹੈ, ਇਸਦੀ ਬਹੁਗਿਣਤੀ ਆਬਾਦੀ ਅਤਿ ਗ਼ਰੀਬੀ ਵਿਚ ਰਹਿੰਦੀ ਹੈ।

ਇੱਥੇ ਲੱਖਾਂ ਲੋਕ ਮੋਦੀ ਦੀ ਮੂਰਤ ਵਾਲੇ ਪੈਕਟਾਂ 'ਚ ਦਿੱਤੇ ਜਾਣ ਵਾਲੇ ਰਾਸ਼ਨ 'ਤੇ ਗੁਜ਼ਾਰਾ ਕਰਦੇ ਹਨ। ਭਾਰਤ ਬੇਹੱਦ ਗ਼ਰੀਬ ਲੋਕਾਂ ਵਾਲਾ ਇਕ ਬਹੁਤ ਹੀ ਅਮੀਰ ਮੁਲਕ ਹੈ। ਇਹ ਦੁਨੀਆ ਦੇ ਸਭ ਤੋਂ ਨਾਬਰਾਬਰ ਸਮਾਜਾਂ ਵਿੱਚੋਂ ਇਕ ਹੈ। ਇਸ ਰਿਪੋਰਟ ਤੋਂ ਬਾਅਦ 'ਆਕਸਫੈਮ ਇੰਡੀਆ' 'ਤੇ ਵੀ ਛਾਪਾ ਮਾਰਿਆ ਗਿਆ। ਨਾਲ ਹੀ, 'ਐਮਨੈਸਟੀ ਇੰਟਰਨੈਸ਼ਨਲ' ਅਤੇ ਮੁਸੀਬਤ ਖੜ੍ਹੀ ਕਰਨ ਵਾਲੀਆਂ ਹੋਰ ਬਹੁਤ ਸਾਰੀਆਂ ਐੱਨ.ਜੀ.ਓਜ ਨੂੰ ਪ੍ਰੇਸ਼ਾਨ ਕਰਕੇ ਭਾਰਤ ਵਿਚ ਆਪਣਾ ਕੰਮ ਬੰਦ ਕਰਨ ਲਈ ਮਜਬੂਰ ਕੀਤਾ ਗਿਆ ਹੈ।

ਇਸ ਨਾਲ ਪੱਛਮੀ ਜਮਹੂਰੀਅਤਾਂ ਦੇ ਆਗੂਆਂ ਨੂੰ ਕੋਈ ਫ਼ਰਕ ਨਹੀਂ ਪਿਆ। ਹਿੰਡਨਬਰਗ-ਬੀਬੀਸੀ ਮਾਮਲੇ ਦੇ ਥੋੜ੍ਹੇ ਦਿਨਾਂ ਦੇ ਅੰਦਰ, "ਗਰਮਜੋਸ਼ੀ ਵਾਲੀਆਂ ਅਤੇ ਲਾਭਕਾਰੀ" ਮੀਟਿੰਗਾਂ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ, ਰਾਸ਼ਟਰਪਤੀ ਜੋਏ ਬਾਇਡੇਨ ਅਤੇ ਰਾਸ਼ਟਰਪਤੀ ਇਮੈਨੂਅਲ ਮੈਕਰੋਨ ਨੇ ਐਲਾਨ ਕੀਤਾ ਕਿ ਭਾਰਤ 470 ਬੋਇੰਗ ਅਤੇ ਏਅਰਬੱਸ ਜਹਾਜ਼ ਖ਼ਰੀਦੇਗਾ। ਬਾਇਡੇਨ ਨੇ ਕਿਹਾ ਕਿ ਇਸ ਸਮਝੌਤੇ ਨਾਲ ਅਮਰੀਕਾ ਵਿਚ 10 ਲੱਖ ਤੋਂ ਵੱਧ ਨੌਕਰੀਆਂ ਪੈਦਾ ਹੋਣਗੀਆਂ। 'ਏਅਰਬੱਸ' 'ਚ ਰੋਲਸ ਰਾਇਸ ਦੇ ਇੰਜਣ ਲਗਾਏ ਜਾਣਗੇ। ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦਾ ਕਹਿਣਾ ਹੈ ਕਿ "ਬਰਤਾਨੀਆ ਦੇ ਭਰਪੂਰ ਏਰੋਸਪੇਸ ਸੈਕਟਰ ਲਈ ਹੁਣ ਅਕਾਸ਼ ਹੀ ਸੀਮਾ ਹੈ।"

ਜੁਲਾਈ 'ਚ ਮੋਦੀ ਰਾਜ ਦੇ ਦੌਰੇ 'ਤੇ ਅਮਰੀਕਾ ਗਿਆ ਅਤੇ ਬੈਸਟੀਲ ਡੇ 'ਤੇ ਮੁੱਖ ਮਹਿਮਾਨ ਵਜੋਂ ਫਰਾਂਸ ਗਿਆ। ਕੀ ਤੁਸੀਂ ਵਿਸ਼ਵਾਸ ਕਰੋਗੇ, ਕਿ ਮੈਕਰੋਨ ਅਤੇ ਬਾਇਡੇਨ ਨੇ ਜਿਸ ਤਰੀਕੇ ਨਾਲ ਉਸਦੀ ਤਾਰੀਫ਼ ਕੀਤੀ ਉਹ ਸ਼ਰਮਨਾਕ ਹੈ। ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਹ ਤਾਰੀਫ਼ 2024 ਦੀਆਂ ਆਮ ਚੋਣਾਂ ਵਿਚ ਮੋਦੀ ਲਈ ਸੋਨਾ ਸਾਬਤ ਹੋਵੇਗੀ, ਜਿਸ ਵਿਚ ਉਹ ਤੀਜੀ ਵਾਰ ਚੋਣ ਲੜੇਗਾ। ਅਜਿਹਾ ਨਹੀਂ ਹੈ ਕਿ ਮੈਕਰੋਨ ਅਤੇ ਬਿਡੇਨ ਉਸ ਆਦਮੀ ਬਾਰੇ ਨਹੀਂ ਜਾਣਦੇ ਜਿਸ ਨੂੰ ਉਹ ਗਲੇ ਲਗਾ ਰਹੇ ਹਨ।

ਉਨ੍ਹਾਂ ਨੂੰ ਗੁਜਰਾਤ ਕਤਲੇਆਮ ਵਿਚ ਮੋਦੀ ਦੀ ਭੂਮਿਕਾ ਬਾਰੇ ਪਤਾ ਹੋਵੇਗਾ। ਉਨ੍ਹਾਂ ਨੂੰ ਉਨ੍ਹਾਂ ਲਗਾਤਾਰ ਵਾਪਰ ਰਹੀਆਂ ਘਿਣਾਉਣੀਆਂ ਘਟਨਾਵਾਂ ਬਾਰੇ ਵੀ ਪਤਾ ਹੋਵੇਗਾ ਜਿਨ੍ਹਾਂ ਵਿਚ ਮੁਸਲਮਾਨਾਂ ਨੂੰ ਜਨਤਕ ਤੌਰ 'ਤੇ ਕੁੱਟ-ਕੁੱਟ ਕੇ ਮਾਰਿਆ ਜਾ ਰਿਹਾ ਹੈ, ਕਿ ਕਿਵੇਂ ਮੋਦੀ ਦੀ ਵਜ਼ਾਰਤ ਦੇ ਇਕ ਮੈਂਬਰ ਨੇ ਕੁਝ ਹਜੂਮੀ ਕਾਤਲਾਂ ਨੂੰ ਹਾਰ ਪਹਿਨਾਏ ਅਤੇ ਉਹ ਇਹ ਵੀ ਜਾਣਦੇ ਹੋਣਗੇ ਕਿ ਮੁਸਲਮਾਨਾਂ ਨੂੰ ਕਿੰਨੀ ਤੇਜ਼ੀ ਨਾਲ ਅਲਹਿਦਗੀ ਅਤੇ ਅਲੱਗ-ਥਲੱਗ ਬਸਤੀਆਂ ਵੱਲ ਧੱਕਿਆ ਜਾ ਰਿਹਾ ਹੈ। ਉਨ੍ਹਾਂ ਨੂੰ ਇਹ ਵੀ ਵੀ ਪਤਾ ਹੋਵੇਗਾ ਕਿ ਹਿੰਦੂ ਨਿਗਰਾਨ ਦਸਤਿਆਂ ਵੱਲੋਂ ਸੈਂਕੜੇ ਚਰਚ ਸਾੜੇ ਗਏ ਹਨ।

ਉਨ੍ਹਾਂ ਨੂੰ ਵਿਰੋਧੀ-ਧਿਰ ਦੇ ਸਿਆਸਤਦਾਨਾਂ, ਵਿਦਿਆਰਥੀਆਂ, ਮਨੁੱਖੀ ਅਧਿਕਾਰ ਕਾਰਕੁਨਾਂ, ਵਕੀਲਾਂ ਅਤੇ ਪੱਤਰਕਾਰਾਂ 'ਤੇ ਹੋ ਰਹੇ ਹਮਲਿਆਂ ਦਾ ਵੀ ਪਤਾ ਹੋਵੇਗਾ। ਇਨ੍ਹਾਂ ਵਿੱਚੋਂ ਕੁਝ ਨੂੰ ਲੰਬੀ ਜੇਲ੍ਹ ਦੀ ਸਜ਼ਾ ਹੋਈ ਹੈ। ਪੁਲਿਸ ਅਤੇ ਮਸ਼ਕੂਕ ਹਿੰਦੂ ਰਾਸ਼ਟਰਵਾਦੀਆਂ ਵੱਲੋਂ ਯੂਨੀਵਰਸਿਟੀਆਂ 'ਤੇ ਹਮਲੇ, ਇਤਿਹਾਸ ਦੀਆਂ ਪਾਠ-ਪੁਸਤਕਾਂ ਨੂੰ ਦੁਬਾਰਾ ਲਿਖਣਾ, ਫਿਲਮਾਂ 'ਤੇ ਪਾਬੰਦੀ, 'ਐਮਨੈਸਟੀ ਇੰਟਰਨੈਸ਼ਨਲ ਇੰਡੀਆ' ਨੂੰ ਬੰਦ ਕਰ ਦੇਣਾ, ਬੀਬੀਸੀ ਦੇ ਭਾਰਤੀ ਦਫ਼ਤਰਾਂ 'ਤੇ ਛਾਪੇਮਾਰੀ, ਕਾਰਕੁਨਾਂ, ਪੱਤਰਕਾਰਾਂ ਅਤੇ ਸਰਕਾਰ ਦੇ ਆਲੋਚਕਾਂ ਦੇ ਨਾਂ 'ਬਦੇਸ਼ ਜਾਣ 'ਤੇ ਪਾਬੰਦੀ' (ਨੋ-ਫਲਾਈ) ਦੀ ਰਹੱਸਮਈ ਸੂਚੀ 'ਚ ਪਾਉਣਾ, ਅਤੇ ਭਾਰਤੀ ਤੇ ਬਦੇਸ਼ੀ ਸਿੱਖਿਆ ਸ਼ਾਸਤਰੀਆਂ ਉੱਪਰ ਦਬਾਅ, ਇਹ ਸਭ ਉਨ੍ਹਾਂ ਨੂੰ ਪਤਾ ਹੋਵੇਗਾ।

ਉਨ੍ਹਾਂ ਨੂੰ ਪਤਾ ਹੋਵੇਗਾ ਕਿ ਭਾਰਤ ਹੁਣ ਆਲਮੀ ਪ੍ਰੈੱਸ ਸੁਤੰਤਰਤਾ ਸੂਚਕ-ਅੰਕ ਵਿਚ 180 ਵਿੱਚੋਂ 161ਵੇਂ ਸਥਾਨ 'ਤੇ ਹੈ, ਕਿ ਕਈ ਬਿਹਤਰੀਨ ਭਾਰਤੀ ਪੱਤਰਕਾਰਾਂ ਨੂੰ ਮੁੱਖ ਧਾਰਾ ਮੀਡੀਆ ਤੋਂ ਬਾਹਰ ਕਰ ਦਿੱਤਾ ਗਿਆ ਹੈ ਅਤੇ ਛੇਤੀਂ ਹੀ ਪੱਤਰਕਾਰਾਂ ਨੂੰ ਸੈਂਸਰਸ਼ਿੱਪ ਰੈਗੂਲੇਟਰੀ ਵਿਵਸਥਾ ਦੇ ਅਧੀਨ ਲਿਆਂਦਾ ਜਾ ਸਕਦਾ ਹੈ। ਸਰਕਾਰ ਵੱਲੋਂ ਥਾਪੀ ਸੰਸਥਾ ਨੂੰ ਇਹ ਫ਼ੈਸਲਾ ਕਰਨ ਦੀ ਤਾਕਤ ਹੋਵੇਗੀ ਕਿ ਕੀ ਸਰਕਾਰ ਦੇ ਬਾਰੇ ਮੀਡੀਆ ਰਿਪੋਰਟਾਂ ਅਤੇ ਟਿੱਪਣੀਆਂ ਫੇਕ ਯਾਨੀ ਫਰਜ਼ੀ ਹਨ ਜਾਂ ਗੁੰਮਰਾਹਕੁਨ ਹਨ। ਅਤੇ ਨਵਾਂ ਆਈ.ਟੀ. ਕਾਨੂੰਨ ਜੋ ਸੋਸ਼ਲ ਮੀਡੀਆ 'ਤੇ ਅਸਹਿਮਤੀ ਵਾਲੀਆਂ ਆਵਾਜ਼ਾਂ ਨੂੰ ਰੋਕਣ ਲਈ ਬਣਾਇਆ ਗਿਆ ਹੈ।

ਉਹ ਉਨ੍ਹਾਂ ਤਲਵਾਰਾਂ ਵਾਲੀਆਂ, ਹਿੰਸਕ ਹਿੰਦੂ ਨਿਗਰਾਨ ਭੀੜਾਂ ਬਾਰੇ ਵੀ ਜਾਣਦੇ ਹੋਣਗੇ ਜੋ ਨਿਯਮਿਤ ਤੌਰ 'ਤੇ ਅਤੇ ਖੁੱਲ੍ਹੇਆਮ ਮੁਸਲਮਾਨਾਂ ਦੇ ਵਿਨਾਸ਼ ਅਤੇ ਮੁਸਲਿਮ ਔਰਤਾਂ ਦੇ ਬਲਾਤਕਾਰ ਕਰਨ ਦਾ ਸੱਦਾ ਦਿੰਦੀਆਂ ਹਨ।

ਉਨ੍ਹਾਂ ਨੂੰ ਕਸ਼ਮੀਰ ਦੇ ਹਾਲਾਤ ਵੀ ਪਤਾ ਹੋਣਗੇ, ਜਿਸ ਨੂੰ 2019 ਦੇ ਸ਼ੁਰੂ 'ਚ ਮਹੀਨਿਆਂ ਤੱਕ ਚੱਲੇ ਸੰਚਾਰ ਬਲੈਕਆਊਟ 'ਚ ਰੱਖਿਆ ਗਿਆ। ਜੋ ਕਿਸੇ ਲੋਕਤੰਤਰ ਵਿਚ ਸਭ ਤੋਂ ਲੰਮੀ ਇੰਟਰਨੈੱਟ ਬੰਦੀ ਸੀ – ਅਤੇ ਉੱਥੇ ਪੱਤਰਕਾਰਾਂ ਨੂੰ ਪ੍ਰੇਸ਼ਾਨੀ, ਗ੍ਰਿਫ਼ਤਾਰੀਆਂ ਅਤੇ ਪੁੱਛਗਿੱਛ ਦਾ ਸਾਹਮਣਾ ਕਰਨਾ ਪਿਆ। 21ਵੀਂ ਸਦੀ ਵਿਚ ਕਿਸੇ ਨੂੰ ਵੀ ਇਸ ਤਰ੍ਹਾਂ ਨਹੀਂ ਰਹਿਣਾ ਚਾਹੀਦਾ ਜਿਵੇਂ ਉਹ ਬੂਟਾਂ ਹੇਠ ਦੱਬੀਆਂ ਗਰਦਨਾਂ ਨਾਲ ਜੀ ਰਹੇ ਹਨ।

ਉਨ੍ਹਾਂ ਨੂੰ 2019 ਵਿਚ ਪਾਸ ਕੀਤੇ ਗਏ ਨਾਗਰਿਕਤਾ ਸੋਧ ਕਾਨੂੰਨ ਦੇ ਬਾਰੇ ਵੀ ਪਤਾ ਹੋਵੇਗਾ ਜੋ ਮੁਸਲਮਾਨਾਂ ਨਾਲ ਖੁੱਲ੍ਹੇਆਮ ਵਿਤਕਰਾ ਕਰਦਾ ਹੈ। ਇਸ ਦੇ ਕਾਰਨ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਹੋਏ ਅਤੇ ਕਿਵੇਂ ਇਹ ਵਿਰੋਧ ਪ੍ਰਦਰਸ਼ਨ ਉਦੋਂ ਹੀ ਖ਼ਤਮ ਹੋਏ ਜਦੋਂ ਅਗਲੇ ਸਾਲ ਦਿੱਲੀ ਵਿਚ ਹਿੰਦੂ ਭੀੜ ਦੁਆਰਾ ਦਰਜਨਾਂ ਮੁਸਲਮਾਨਾਂ ਨੂੰ ਮਾਰ ਦਿੱਤਾ ਗਿਆ (ਜੋ ਸਬੱਬ ਨਾਲ ਉਦੋਂ ਵਾਪਰਿਆ ਜਦੋਂ ਰਾਸਟਰਪਤੀ ਡੋਨਾਲਡ ਟਰੰਪ ਸਰਕਾਰੀ ਦੌਰੇ 'ਤੇ ਉਸ ਸ਼ਹਿਰ ਵਿਚ ਸੀ ਅਤੇ ਜਿਸ ਬਾਰੇ ਉਸਨੇ ਇਕ ਸ਼ਬਦ ਤੱਕ ਨਹੀਂ ਕਿਹਾ)। ਉਨ੍ਹਾਂ ਨੂੰ ਪਤਾ ਹੋਵੇਗਾ ਕਿ ਕਿਵੇਂ ਦਿੱਲੀ ਪੁਲਿਸ ਨੇ ਸੜਕ 'ਤੇ ਪਏ ਗੰਭੀਰ ਰੂਪ 'ਚ ਜ਼ਖ਼ਮੀ ਮੁਸਲਮਾਨਾਂ ਨੂੰ ਭਾਰਤੀ ਰਾਸ਼ਟਰੀ ਗੀਤ ਗਾਉਣ ਲਈ ਮਜਬੂਰ ਕੀਤਾ ਅਤੇ ਉਨ੍ਹਾਂ ਨੂੰ ਜ਼ਲੀਲ ਕੀਤਾ ਅਤੇ ਠੁੱਡੇ ਮਾਰੇ। ਉਨ੍ਹਾਂ ਵਿੱਚੋਂ ਇਕ ਦੀ ਬਾਦ ਵਿਚ ਮੌਤ ਹੋ ਗਈ। ਉਨ੍ਹਾਂ ਨੂੰ ਪਤਾ ਹੋਵੇਗਾ ਕਿ ਜਿਸ ਸਮੇਂ ਉਹ ਮੋਦੀ ਦਾ ਸਵਾਗਤ ਕਰ ਰਹੇ ਸਨ, ਉਸੇ ਸਮੇਂ ਮੁਸਲਮਾਨ ਉੱਤਰੀ ਭਾਰਤ ਦੇ ਉੱਤਰਾਖੰਡ ਦੇ ਇਕ ਛੋਟੇ ਜਿਹੇ ਕਸਬੇ ਤੋਂ ਘਰਬਾਰ ਛੱਡ ਕੇ ਭੱਜ ਰਹੇ ਸਨ ਕਿਉਂਕਿ ਭਾਜਪਾ ਨਾਲ ਜੁੜੇ ਹਿੰਦੂ ਕੱਟੜਪੰਥੀਆਂ ਨੇ ਉਨ੍ਹਾਂ ਦੇ ਦਰਵਾਜ਼ਿਆਂ 'ਤੇ 'ਐਕਸ' ਦੀ ਨਿਸ਼ਾਨੀ ਲਗਾ ਦਿੱਤੀ ਸੀ ਅਤੇ ਉਨ੍ਹਾਂ ਨੂੰ ਉੱਥੋਂ ਚਲੇ ਜਾਣ ਲਈ ਕਿਹਾ ਸੀ। ਸਰੇਆਮ "ਮੁਸਲਿਮ ਮੁਕਤ" ਉੱਤਰਾਖੰਡ ਦੀ ਗੱਲ ਹੋ ਰਹੀ ਹੈ। ਉਨ੍ਹਾਂ ਨੂੰ ਪਤਾ ਹੋਵੇਗਾ ਕਿ ਮੋਦੀ ਦੀ ਨਿਗਰਾਨੀ ਹੇਠ ਭਾਰਤ ਦੇ ਉੱਤਰ-ਪੂਰਬ ਵਿਚ ਮਨੀਪੁਰ ਰਾਜ ਨੂੰ ਇਕ ਵਹਿਸ਼ੀ ਗ੍ਰਹਿ-ਯੁੱਧ ਵਿਚ ਧੱਕ ਦਿੱਤਾ ਗਿਆ ਹੈ। ਇਕ ਤਰ੍ਹਾਂ ਦਾ ਨਸਲੀ ਸਫ਼ਾਇਆ ਸ਼ੁਰੂ ਹੋ ਚੁੱਕਾ ਹੈ। ਉੱਥੇ ਕੇਂਦਰ ਦੀ ਮਿਲੀਭੁਗਤ ਹੈ, ਰਾਜ ਸਰਕਾਰ ਪੱਖਪਾਤੀ ਹੈ, ਸੁਰੱਖਿਆ ਦਸਤੇ ਪੁਲਿਸ ਅਤੇ ਹੋਰਾਂ ਦਰਮਿਆਨ ਵੰਡੇ ਹੋਏ ਹਨ ਅਤੇ ਉਨ੍ਹਾਂ ਦਾ ਕੋਈ ਕਮਾਂਡ ਸਿਸਟਮ ਨਹੀਂ ਹੈ। ਇੰਟਰਨੈੱਟ ਬੰਦ ਕਰ ਦਿੱਤਾ ਗਿਆ ਹੈ, ਖ਼ਬਰਾਂ ਉੱਥੋਂ ਬਾਹਰ ਆਉਣ ਲਈ ਹਫ਼ਤੇ ਲੱਗ ਜਾਂਦੇ ਹਨ।

ਫਿਰ ਵੀ, ਆਲਮੀ ਤਾਕਤਾਂ ਮੋਦੀ ਨੂੰ ਸਮਾਜੀ ਤਾਣੇ-ਬਾਣੇ ਨੂੰ ਤਬਾਹ ਕਰਨ ਅਤੇ ਭਾਰਤ ਨੂੰ ਸਾੜਨ ਲਈ ਲੋੜੀਂਦੀ ਕੁਲ ਆਕਸੀਜਨ ਦੇਣ ਦੀ ਚੋਣ ਕਰ ਰਹੀਆਂ ਹਨ। ਮੇਰੇ ਲਈ, ਇਹ ਨਸਲਵਾਦ ਦਾ ਇਕ ਰੂਪ ਹੈ। ਉਹ ਲੋਕਤੰਤਰੀ ਹੋਣ ਦਾ ਦਾਅਵਾ ਕਰਦੇ ਹਨ, ਪਰ ਉਹ ਨਸਲਵਾਦੀ ਹਨ। ਉਹ ਇਹ ਨਹੀਂ ਮੰਨਦੇ ਕਿ ਉਨ੍ਹਾਂ ਦੇ ਦੱਸੇ "ਮੁੱਲ" ਗੈਰ-ਗੋਰੇ ਮੁਲਕਾਂ ਉੱਪਰ ਵੀ ਲਾਗੂ ਹੋਣੇ ਚਾਹੀਦੇ ਹਨ। ਬੇਸ਼ੱਕ, ਇਹ ਹੁਣ ਬੀਤੇ ਦੀ ਗੱਲ ਬਣ ਚੁੱਕੀ ਹੈ।

ਕੋਈ ਫ਼ਰਕ ਨਹੀਂ ਪੈਂਦਾ। ਅਸੀਂ ਆਪਣੀ ਲੜਾਈ ਆਪ ਲੜਾਂਗੇ – ਅਤੇ ਆਖ਼ਿਰਕਾਰ ਅਸੀਂ ਆਪਣੇ ਮੁਲਕ ਨੂੰ ਵਾਪਸ ਲਵਾਂਗੇ। ਹਾਲਾਂਕਿ, ਜੇ ਉਹ ਇਹ ਕਲਪਨਾ ਕਰਦੇ ਹਨ ਕਿ ਭਾਰਤ ਵਿਚ ਲੋਕਤੰਤਰ ਦੇ ਖ਼ਤਮ ਹੋਣ ਦਾ ਅਸਰ ਪੂਰੀ ਦੁਨੀਆ ਉੱਪਰ ਨਹੀਂ ਪਵੇਗਾ ਤਾਂ ਉਹ ਸੱਚਮੁੱਚ ਭਰਮ ਵਿਚ ਹਨ।

ਉਨ੍ਹਾਂ ਸਾਰਿਆਂ ਲਈ ਜੋ ਇਹ ਮੰਨਦੇ ਹਨ ਕਿ ਭਾਰਤ ਅਜੇ ਵੀ ਇਕ ਲੋਕਤੰਤਰ ਹੈ – ਇਹ ਕੁਝ ਘਟਨਾਵਾਂ ਹਨ ਜੋ ਪਿਛਲੇ ਕੁਝ ਮਹੀਨਿਆਂ 'ਚ ਵਾਪਰੀਆਂ ਹਨ। ਜਦੋਂ ਮੈਂ ਕਿਹਾ ਕਿ ਅਸੀਂ ਇਕ ਵੱਖਰੇ ਪੜਾਅ ਵਿਚ ਪਹੁੰਚ ਗਏ ਹਾਂ ਤਾਂ ਮੇਰਾ ਭਾਵ ਇਹੀ ਸੀ। ਚੇਤਾਵਨੀਆਂ ਦਾ ਸਮਾਂ ਖ਼ਤਮ ਹੋ ਗਿਆ ਹੈ, ਅਤੇ ਸਾਨੂੰ ਹੁਣ ਲੋਕਾਂ ਦੇ ਇਕ ਹਿੱਸੇ ਤੋਂ ਵੀ ਓਨਾ ਹੀ ਡਰਨਾ ਚਾਹੀਦਾ ਹੈ ਜਿੰਨਾ ਅਸੀਂ ਆਪਣੇ ਆਗੂਆਂ ਤੋਂ ਡਰਦੇ ਹਾਂ:

"ਮਨੀਪੁਰ ਵਿਚ, ਜਿੱਥੇ ਘਰੇਲੂ ਯੁੱਧ ਛਿੜਿਆ ਹੋਇਆ ਹੈ, ਪੁਲਿਸ ਨੇ, ਜੋ ਕਿ ਪੂਰੀ ਤਰ੍ਹਾਂ ਪੱਖਪਾਤੀ ਹੈ, ਦੋ ਔਰਤਾਂ ਨੂੰ ਭੀੜ ਦੇ ਹਵਾਲੇ ਕਰ ਦਿੱਤਾ ਤਾਂ ਜੋ ਉਨ੍ਹਾਂ ਨੂੰ ਪੂਰੇ ਪਿੰਡ ਵਿਚ ਨੰਗੀਆਂ ਕਰਕੇ ਘੁੰਮਾਇਆ ਜਾ ਸਕੇ ਅਤੇ ਫਿਰ ਉਨ੍ਹਾਂ ਦਾ ਸਮੂਹਿਕ ਬਲਾਤਕਾਰ ਕੀਤਾ ਜਾ ਸਕੇ। ਉਨ੍ਹਾਂ ਵਿੱਚੋਂ ਇਕ ਨੇ ਆਪਣੀਆਂ ਅੱਖਾਂ ਸਾਹਮਣੇ ਆਪਣੇ ਛੋਟੇ ਭਰਾ ਦਾ ਕਤਲ ਹੁੰਦਾ ਦੇਖਿਆ। ਜੋ ਔਰਤਾਂ ਬਲਾਤਕਾਰੀਆਂ ਦੇ ਭਾਈਚਾਰੇ 'ਚੋਂ ਹੀ ਹਨ ਉਹ ਬਲਾਤਕਾਰੀਆਂ ਦੇ ਨਾਲ ਖੜ੍ਹੀਆਂ ਹੋਈਆਂ ਹਨ, ਇੱਥੋਂ ਤੱਕ ਕਿ ਉਨ੍ਹਾਂ ਨੇ ਆਪਣੇ ਮਰਦਾਂ ਨੂੰ ਉਨ੍ਹਾਂ ਨਾਲ ਬਲਾਤਕਾਰ ਕਰਨ ਲਈ ਉਕਸਾਇਆ।

ਮਹਾਰਾਸ਼ਟਰ ਵਿਚ ਇਕ ਹਥਿਆਰਬੰਦ ਰੇਲਵੇ ਸੁਰੱਖਿਆ ਤਾਕਤ ਦੇ ਅਧਿਕਾਰੀ ਨੇ ਰੇਲਗੱਡੀ ਦੇ ਡੱਬਿਆਂ ਵਿਚ ਘੁੰਮ-ਘੁੰਮ ਕੇ ਕਈ ਮੁਸਲਮਾਨ ਮੁਸਾਫ਼ਰਾਂ ਨੂੰ ਗੋਲੀ ਮਾਰ ਦਿੱਤੀ ਅਤੇ ਲੋਕਾਂ ਨੂੰ ਮੋਦੀ ਨੂੰ ਵੋਟ ਪਾਉਣ ਲਈ ਕਿਹਾ।

ਇਕ ਬਹੁਤ ਹੀ ਮਸ਼ਹੂਰ ਹਿੰਦੂ ਚੌਕਸੀ ਸਰਗਣੇ, ਜੋ ਅਕਸਰ ਹੀ ਚੋਟੀ ਦੇ ਸਿਆਸਤਦਾਨਾਂ ਅਤੇ ਪੁਲਸੀਆਂ ਨਾਲ ਆਪਣੇ ਮੇਲ-ਜੋਲ ਦੀਆਂ ਫੋਟੋਆਂ ਖਿਚਵਾਉਂਦਾ ਰਹਿੰਦਾ ਹੈ, ਨੇ ਹਿੰਦੂਆਂ ਨੂੰ ਇਕ ਸੰਘਣੀ ਆਬਾਦੀ ਵਾਲੀ ਮੁਸਲਿਮ ਬਹੁਗਿਣਤੀ ਬਸਤੀ ਵਿੱਚੋਂ ਲੰਘਣ ਵਾਲੇ ਇਕ ਧਾਰਮਿਕ ਜਲੂਸ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਉਹ ਫਰਵਰੀ ਵਿਚ ਉਨ੍ਹਾਂ ਦੋ ਮੁਸਲਮਾਨ ਨੌਜਵਾਨਾਂ ਦੇ ਕਤਲ ਦਾ ਮੁੱਖ ਦੋਸ਼ੀ ਹੈ ਜਿਨ੍ਹਾਂ ਨੂੰ ਇਕ ਵਾਹਨ ਨਾਲ ਬੰਨ੍ਹ ਕੇ ਜਿਉਂਦੇ ਸਾੜ ਦਿੱਤਾ ਗਿਆ ਸੀ।

ਨੂਹ ਸ਼ਹਿਰ ਗੁੜਗਾਓਂ ਦੇ ਨੇੜੇ ਹੈ, ਜਿੱਥੇ ਵੱਡੀਆਂ ਅੰਤਰਰਾਸ਼ਟਰੀ ਕਾਰਪੋਰੇਸ਼ਨਾਂ ਦੇ ਦਫ਼ਤਰ ਹਨ। ਇਸ ਜਲੂਸ ਵਿਚ ਸ਼ਾਮਿਲ ਹਿੰਦੂਆਂ ਕੋਲ ਮਸ਼ੀਨਗੰਨਾਂ ਅਤੇ ਤਲਵਾਰਾਂ ਸਨ। ਮੁਸਲਮਾਨਾਂ ਨੇ ਆਪਣਾ ਬਚਾਅ ਕੀਤਾ। ਜਿਵੇਂ ਕਿ ਅੰਦਾਜ਼ਾ ਸੀ, ਜਲੂਸ ਦਾ ਅੰਤ ਹਿੰਸਾ ਵਿਚ ਹੋਇਆ। ਛੇ ਲੋਕ ਮਾਰੇ ਗਏ। ਇਕ 19 ਸਾਲ ਦੇ ਇਮਾਮ ਨੂੰ ਉਸਦੇ ਬਿਸਤਰੇ ਉੱਪਰ ਹੀ ਮਾਰ ਦਿੱਤਾ ਗਿਆ, ਉਸਦੀ ਮਸਜਿਦ ਵਿਚ ਭੰਨਤੋੜ ਕੀਤੀ ਗਈ ਅਤੇ ਉਸ ਨੂੰ ਸਾੜ ਦਿੱਤਾ ਗਿਆ। ਸਟੇਟ ਦਾ ਪ੍ਰਤੀਕਰਮ ਸਾਰੀਆਂ ਗ਼ਰੀਬ ਮੁਸਲਮਾਨ ਬਸਤੀਆਂ ਨੂੰ ਬੁਲਡੋਜ਼ਰ ਚਲਾ ਕੇ ਢਾਹ ਦੇਣ ਅਤੇ ਸੈਂਕੜੇ ਪਰਿਵਾਰਾਂ ਨੂੰ ਆਪਣੀਆਂ ਜਾਨਾਂ ਬਚਾਉਣ ਲਈ ਭੱਜਣ ਲਈ ਮਜਬੂਰ ਕਰਨ ਦਾ ਰਿਹਾ ਹੈ।

ਪ੍ਰਧਾਨ ਮੰਤਰੀ ਕੋਲ ਇਸ ਬਾਰੇ ਕੁਝ ਵੀ ਕਹਿਣ ਨੂੰ ਨਹੀਂ ਹੈ। ਚੋਣਾਂ ਦੀ ਰੁੱਤ ਹੈ। ਆਮ ਚੋਣਾਂ ਅਗਲੇ ਸਾਲ ਮਈ ਵਿਚ ਹੋਣਗੀਆਂ। ਇਹ ਸਭ ਚੋਣ ਮੁਹਿੰਮ ਦਾ ਹਿੱਸਾ ਹੈ। ਅਸੀਂ ਪਹਿਲਾਂ ਤੋਂ ਹੀ ਪਾਲਾਬੰਦ ਆਬਾਦੀ ਦੀ ਹੋਰ ਪਾਲਾਬੰਦੀ ਕਰਨ ਲਈ ਹੋਰ ਜ਼ਿਆਦਾ ਖ਼ੂਨ-ਖਰਾਬੇ, ਸਮੂਹਿਕ ਕਤਲੇਆਮ, ਝੂਠੇ ਹਮਲਿਆਂ, ਯੁੱਧ ਦੇ ਝੂਠੇ ਦੋਸ਼ਾਂ ਵਰਗਾ ਹੋਰ ਕੁਝ ਵੀ ਕਰਨ ਲਈ ਤਿਆਰ ਹਾਂ।

ਮੈਂ ਹੁਣੇ ਜਹੇ ਇਕ ਛੋਟੇ ਸਕੂਲ ਦੀ ਜਮਾਤ ਵਿਚ ਫਿਲਮਾਇਆ ਗਿਆ ਇਕ ਰੌਂਗਟੇ ਖੜ੍ਹੇ ਕਰਨ ਵਾਲਾ ਛੋਟਾ ਜਿਹਾ ਵੀਡੀਓ ਦੇਖਿਆ ਹੈ। ਅਧਿਆਪਕਾ ਇਕ ਮੁਸਲਮਾਨ ਬੱਚੇ ਨੂੰ ਆਪਣੀ ਮੇਜ਼ ਦੇ ਕੋਲ ਖੜ੍ਹਾ ਕਰਦੀ ਹੈ ਅਤੇ ਬਾਕੀ ਵਿਦਿਆਰਥੀਆਂ, ਹਿੰਦੂ ਮੁੰਡਿਆਂ ਨੂੰ ਇਕ-ਇਕ ਕਰਕੇ ਉਸ ਦੇ ਥੱਪੜ ਮਾਰਨ ਲਈ ਕਹਿੰਦੀ ਹੈ। ਉਹ ਉਨ੍ਹਾਂ ਨੂੰ ਡਾਂਟਦੀ ਹੈ ਜਿਨ੍ਹਾਂ ਨੇ ਉਸ ਨੂੰ ਕੱਸ ਕੇ ਥੱਪੜ ਨਹੀਂ ਮਾਰਿਆ। ਹੁਣ ਤੱਕ ਦੀ ਕਾਰਵਾਈ ਇਹ ਰਹੀ ਹੈ ਕਿ ਪਿੰਡ ਦੇ ਹਿੰਦੂਆਂ ਅਤੇ ਪੁਲਿਸ ਨੇ ਮੁਸਲਮਾਨ ਪਰਿਵਾਰ ਉੱਪਰ ਦੋਸ਼ ਨਾ ਲਗਾਉਣ ਲਈ ਦਬਾਅ ਪਾਇਆ ਹੈ। ਮੁਸਲਿਮ ਲੜਕੇ ਦੀ ਸਕੂਲ ਦੀ ਫ਼ੀਸ ਵਾਪਸ ਕਰ ਦਿੱਤੀ ਗਈ ਹੈ ਅਤੇ ਉਸ ਨੂੰ ਸਕੂਲ ਵਿੱਚੋਂ ਕੱਢ ਦਿੱਤਾ ਗਿਆ ਹੈ।

ਭਾਰਤ ਵਿਚ ਜੋ ਕੁਝ ਹੋ ਰਿਹਾ ਹੈ ਉਹ ਇੰਟਰਨੈੱਟ ਫਾਸ਼ੀਵਾਦ ਦਾ ਢਿੱਲਾ-ਢਾਲਾ ਰੂਪ ਨਹੀਂ ਹੈ। ਇਹ ਅਸਲੀ ਚੀਜ਼ ਹੈ। ਅਸੀਂ ਨਾਜ਼ੀ ਬਣ ਚੁੱਕੇ ਹਾਂ। ਸਾਡੇ ਆਗੂ ਹੀ ਨਹੀਂ, ਸਾਡੇ ਟੀਵੀ ਚੈਨਲ ਅਤੇ ਅਖ਼ਬਾਰ ਹੀ ਨਹੀਂ ਸਗੋਂ ਸਾਡੀ ਆਬਾਦੀ ਦਾ ਇਕ ਵੱਡਾ ਹਿੱਸਾ ਵੀ। ਅਮਰੀਕਾ, ਯੂਰਪ ਅਤੇ ਦੱਖਣੀ ਅਫ਼ਰੀਕਾ ਵਿਚ ਰਹਿ ਰਹੀ ਭਾਰਤੀ ਹਿੰਦੂ ਆਬਾਦੀ ਦੀ ਵੱਡੀ ਗਿਣਤੀ ਇਨ੍ਹਾਂ ਫਾਸ਼ੀਵਾਦੀਆਂ ਦੀ ਰਾਜਨੀਤਕ ਅਤੇ ਪਦਾਰਥਕ ਹਮਾਇਤ ਕਰਦੀ ਹੈ। ਸਾਨੂੰ ਆਪਣੀਆਂ ਰੂਹਾਂ ਲਈ, ਆਪਣੇ ਬੱਚਿਆਂ ਲਈ ਅਤੇ ਆਪਣੇ ਬੱਚਿਆਂ ਦੇ ਬੱਚਿਆਂ ਲਈ ਖੜ੍ਹੇ ਹੋਣਾ ਪਵੇਗਾ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਅਸੀਂ ਅਸਫ਼ਲ ਹੁੰਦੇ ਹਾਂ ਜਾਂ ਸਫ਼ਲ ਹੁੰਦੇ ਹਾਂ। ਇਹ ਜ਼ਿੰਮੇਵਾਰੀ ਇਕੱਲੀ ਸਾਡੀ ਭਾਰਤੀਆਂ ਦੀ ਨਹੀਂ ਹੈ। ਛੇਤੀਂ ਹੀ, ਜੇਕਰ 2024 ਵਿਚ ਮੋਦੀ ਜਿੱਤ ਗਿਆ ਤਾਂ ਅਸਹਿਮਤੀ ਦੇ ਸਾਰੇ ਰਾਹ ਬੰਦ ਹੋ ਜਾਣਗੇ। ਇਸ ਹਾਲ ਵਿਚ ਤੁਹਾਡੇ ਵਿੱਚੋਂ ਕਿਸੇ ਨੂੰ ਵੀ ਇਹ ਦਿਖਾਵਾ ਨਾ ਕਰਨਾ ਚਾਹੀਦਾ ਕਿ ਤੁਹਾਨੂੰ ਨਹੀਂ ਪਤਾ ਕਿ ਕੀ ਹੋ ਰਿਹਾ ਹੈ।

ਜੇਕਰ ਤੁਸੀਂ ਮੈਨੂੰ ਇਜਾਜ਼ਤ ਦਿਓ, ਤਾਂ ਮੈਂ ਆਪਣੇ ਇਕ ਪਹਿਲੇ ਲੇਖ, 'ਕਲਪਨਾ ਦਾ ਅੰਤ' ਦੇ ਇਕ ਭਾਗ ਨੂੰ ਪੜ੍ਹ ਕੇ ਆਪਣੀ ਗੱਲ ਮੁਕਾਵਾਂਗੀ। ਇਹ ਅਸਫ਼ਲਤਾ ਬਾਰੇ ਇਕ ਦੋਸਤ ਨਾਲ ਗੱਲਬਾਤ ਹੈ – ਅਤੇ ਵਿਅਕਤੀਗਤ ਤੌਰ 'ਤੇ ਮੇਰਾ ਲੇਖਕ ਦਾ

ਐਲਾਨਨਾਮਾ।

"ਮੈਂ ਕਿਹਾ ਕਿ ਕਿਸੇ ਵੀ ਮਾਮਲੇ 'ਚ ਉਸ ਦਾ ਚੀਜਾਂ ਬਾਰੇ ਇਕ ਬਾਹਰੀ ਨਜ਼ਰੀਆ ਸੀ, ਇਹ ਧਾਰਨਾ ਕਿ ਕਿਸੇ ਵਿਅਕਤੀ ਦੀ ਖ਼ੁਸ਼ੀ, ਜਾਂ ਕਹਿ ਲਓ ਸੰਤੁਸ਼ਟੀ ਦੀ ਉਠਾਣ ਆਪਣੇ ਸਿਖ਼ਰ 'ਤੇ ਸੀ (ਅਤੇ ਹੁਣ ਇਸ ਨੂੰ ਡਿਗਣਾ ਚਾਹੀਦਾ ਹੈ) ਕਿਉਂਕਿ ਗ਼ਲਤੀ ਨਾਲ ਉਸ ਕੋਲੋਂ 'ਸਫਲਤਾ' ਨੂੰ ਠੋਕਰ ਵੱਜ ਗਈ ਸੀ। ਇਹ ਇਸ ਕਲਪਨਾਹੀਣ ਵਿਸ਼ਵਾਸ 'ਤੇ ਅਧਾਰਤ ਸੀ ਕਿ ਦੌਲਤ ਅਤੇ ਸ਼ੁਹਰਤ ਹਰ ਕਿਸੇ ਦੇ ਸੁਪਨਿਆਂ ਦੀ ਜ਼ਰੂਰੀ ਚੀਜ਼ ਸੀ।

ਮੈਂ ਉਸਨੂੰ ਕਿਹਾ, ਤੁਸੀਂ ਬਹੁਤ ਲੰਬੇ ਸਮੇਂ ਤੋਂ ਨਿਊਯਾਰਕ ਵਿਚ ਰਹਿ ਹੋ। ਹੋਰ ਵੀ ਸੰਸਾਰ ਹਨ। ਹੋਰ ਕਿਸਮ ਦੇ ਸੁਪਨੇ। ਸੁਪਨੇ ਜਿਨ੍ਹਾਂ ਵਿਚ ਅਸਫ਼ਲਤਾ ਸੰਭਵ ਹੋਵੇ, ਸਨਮਾਨਯੋਗ ਹੋਵੇ, ਕਦੇ-ਕਦੇ ਇਹ ਸਫ਼ਲਤਾ ਹਾਸਲ ਕਰਨ ਲਈ ਕੋਸ਼ਿਸ਼ ਕਰਨ ਦੇ ਲਾਇਕ ਵੀ ਹੋਵੇ। ਇਕ ਅਜਿਹੀ ਦੁਨੀਆਂ ਜਿੱਥੇ ਪਛਾਣ ਹੀ ਪ੍ਰਤਿਭਾ ਜਾਂ ਮਨੁੱਖੀ ਮੁੱਲ ਦਾ ਇਕੋ ਇਕ ਪੈਮਾਨਾ ਨਹੀਂ ਹੈ। ਇੱਥੇ ਬਹੁਤ ਸਾਰੇ ਯੋਧੇ ਹਨ ਜਿਨ੍ਹਾਂ ਨੂੰ ਮੈਂ ਜਾਣਦੀ ਹਾਂ ਅਤੇ ਪਿਆਰ ਕਰਦੀ ਹਾਂ, ਉਹ ਲੋਕ ਮੇਰੇ ਨਾਲੋਂ ਕਿਤੇ ਵਧੇਰੇ ਵੱਡਮੁੱਲੇ ਹਨ, ਜੋ ਨਿੱਤ ਦਿਨ ਯੁੱਧ ਵਿਚ ਜਾਂਦੇ ਹਨ ਇਹ ਪਹਿਲਾਂ ਹੀ ਜਾਣਦੇ ਹੋਏ ਕਿ ਉਹ ਅਸਫ਼ਲ ਹੋ ਜਾਣਗੇ। ਇਹ ਸੱਚ ਹੈ ਕਿ ਉਹ ਸ਼ਬਦ ਦੇ ਸਭ ਤੋਂ ਅਸ਼ਲੀਲ ਮਾਇਨਿਆਂ 'ਚ ਘੱਟ 'ਸਫ਼ਲ' ਹਨ, ਪਰ ਕਿਸੇ ਵੀ ਤਰ੍ਹਾਂ ਘੱਟ ਸੰਪੂਰਨ ਨਹੀਂ ਹਨ।

ਮੈਂ ਉਸ ਨੂੰ ਕਿਹਾ, ਇੱਕੋਇਕ ਸੁਪਨਾ ਜੋ ਦੇਖਣ ਲਾਇਕ ਹੈ, ਉਹ ਇਹ ਸੁਪਨਾ ਹੈ ਕਿ ਕਿ ਤੁਸੀਂ ਜਦੋਂ ਤੱਕ ਜ਼ਿੰਦਾ ਹੋ, ਉਦੋਂ ਤੱਕ ਜਿਉਂਦੇ ਵੀ ਰਹੋ, ਅਤੇ ਉਦੋਂ ਹੀ ਮਰੋ ਜਦੋਂ ਤੁਸੀਂ ਸੱਚਮੁੱਚ ਮਰ ਜਾਓ। ਜਿਉਂਦੇ ਜੀ ਨਾ ਮਰੋ। (ਕੀ ਇਹ ਪੂਰਵ-ਗਿਆਨ ਸੀ? ਸ਼ਾਇਦ ਇਹ ਸੀ।)

'ਤੁਸੀਂ ਕਹਿਣਾ ਕੀ ਚਾਹੁੰਦੇ ਹੋ?' (ਭਰਵੱਟੇ ਚੜ੍ਹਾ ਕੇ ਉਸਨੇ ਥੋੜ੍ਹਾ ਖਿਝ ਕੇ ਕਿਹਾ।)

ਮੈਂ ਸਮਝਾਉਣ ਦੀ ਵਾਹ ਲਾਈ, ਪਰ ਇਸ ਦਾ ਉਸ ਉੱਪਰ ਕੋਈ ਬਹੁਤਾ ਅਸਰ ਨਹੀਂ ਹੋਇਆ। ਕਦੇ ਕਦੇ ਮੈਨੂੰ ਸੋਚਣ ਲਈ ਲਿਖਣਾ ਪੈਂਦਾ ਹੈ। ਇਸ ਲਈ ਮੈਂ ਉਸ ਦੇ ਲਈ ਪੇਪਰ ਨੈਪਕਿਨ 'ਤੇ ਲਿਖਿਆ। ਮੈਂ ਇਹੀ ਲਿਖਿਆ ਹੈ: ਪਿਆਰ ਕਰਨਾ, ਪਿਆਰ ਲੈਣਾ, ਆਪਣਾ ਨਾਚੀਜ਼ ਹੋਣਾ ਕਦੇ ਨਾ ਭੁੱਲਣਾ, ਕਦੇ ਵੀ ਆਪਣੇ ਆਲੇ ਦੁਆਲੇ ਦੀ ਜ਼ਿੰਦਗੀ ਦੀ ਅਕਹਿ ਹਿੰਸਾ ਅਤੇ ਅਸ਼ਲੀਲ ਨਾਬਰਾਬਰੀ ਦਾ ਆਦੀ ਕਦੇ ਨਾ ਹੋਣਾ, ਸਭ ਤੋਂ ਦੁਖਦਾਈ ਸਥਾਨਾਂ ਵਿਚ ਖ਼ੁਸ਼ੀ ਦੀ ਭਾਲ ਕਰਨਾ, ਸੁੰਦਰਤਾ ਦੀ ਭਾਲ ਵਿਚ ਉਸ ਦੇ ਮੂਲ ਤੱਕ ਜਾ ਪਹੁੰਚ ਜਾਣਾ, ਜੋ ਪੇਚੀਦਾ ਹੈ ਉਸ ਕਦੇ ਵੀ ਸਰਲ ਨਾ ਬਣਾਉਣਾ ਅਤੇ ਜੋ ਸਰਲ ਹੈ ਉਸਨੂੰ ਕਦੇ ਵੀ ਪੇਚੀਦਾ ਨਾ ਬਣਾਉਣਾ, ਸ਼ਕਤੀ ਦਾ ਸਤਿਕਾਰ ਕਰਨਾ, ਸੱਤਾ ਦਾ ਕਦੇ ਵੀ ਨਹੀਂ। ਅਤੇ ਸਭ ਤੋਂ ਵੱਧ ਕੇ, ਦੇਖਣਾ, ਸਮਝਣ ਦੀ ਕੋਸ਼ਿਸ਼ ਕਰਨਾ, ਕਦੇ ਵੀ ਨਜ਼ਰਾਂ ਨਾ ਚੁਰਾਉਣਾ ਅਤੇ ਕਦੇ ਵੀ ਨਾ ਭੁੱਲਣਾ, ਕਦੇ ਵੀ ਨਹੀਂ।"

ਮੈਂ ਇਸ ਪੁਰਸਕਾਰ ਦੇ ਸਨਮਾਨ ਲਈ ਤੁਹਾਡਾ ਦੁਬਾਰਾ ਧੰਨਵਾਦ ਕਰਦੀ ਹਾਂ। ਮੈਨੂੰ ਪੁਰਸਕਾਰ ਦੇ ਹਵਾਲੇ ਦਾ ਉਹ ਹਿੱਸਾ ਪਸੰਦ ਹੈ ਜਿਸ ਵਿਚ ਲਿਖਿਆ ਹੈ, "ਅਰੁੰਧਤੀ ਰਾਏ ਲੇਖ ਦੀ ਵਰਤੋਂ ਯੁੱਧ ਦੇ ਇਕ ਰੂਪ ਵਜੋਂ ਕਰਦੀ ਹੈ।"

ਕਿਸੇ ਲੇਖਕ ਲਈ ਇਹ ਵਿਸ਼ਵਾਸ ਕਰਨਾ ਕਿ ਉਹ ਆਪਣੀ ਲੇਖਣੀ ਨਾਲ ਦੁਨੀਆ ਨੂੰ ਬਦਲ ਸਕਦੀ ਹੈ, ਘੁਮੰਡ, ਹੰਕਾਰ ਅਤੇ ਜ਼ਰ੍ਹਾ ਕੁ ਮੂਰਖ਼ਤਾ ਵੀ ਹੋਵੇਗੀ। ਪਰ ਜੇਕਰ ਉਸਨੇ ਕੋਸ਼ਿਸ਼ ਵੀ ਨਾ ਕੀਤੀ ਤਾਂ ਇਹ ਤਰਸਯੋਗ ਗੱਲ ਹੋਵੇਗੀ।

ਜਾਣ ਤੋਂ ਪਹਿਲਾਂ...ਮੈਂ ਬਸ ਏਨੀ ਗੱਲ ਕਹਿਣੀ ਚਾਹਾਂਗੀ: ਇਸ ਪੁਰਸਕਾਰ ਨਾਲ ਬਹੁਤ ਸਾਰਾ ਪੈਸਾ ਮਿਲਦਾ ਹੈ। ਇਹ ਮੈਂ ਆਪਣੇ ਕੋਲ ਨਹੀਂ ਰੱਖਾਂਗੀ। ਇਸ ਨੂੰ ਬਹੁਤ ਸਾਰੇ ਦਲੇਰ ਕਾਰਕੁੰਨਾਂ, ਪੱਤਰਕਾਰਾਂ, ਵਕੀਲਾਂ, ਫਿਲਮ ਨਿਰਮਾਤਾਵਾਂ ਨਾਲ ਸਾਂਝਾ ਕੀਤਾ ਜਾਵੇਗਾ ਜੋ ਲੱਗਭੱਗ ਬਿਨਾਂ ਕਿਸੇ ਵਸੀਲੇ ਦੇ ਇਸ ਹਕੂਮਤ ਦੇ ਖ਼ਿਲਾਫ਼ ਡੱਟ ਕੇ ਖੜ੍ਹੇ ਹਨ। ਹਾਲਾਤ ਭਾਵੇਂ ਕਿੰਨੇ ਵੀ ਗੰਭੀਰ ਕਿਉਂ ਨਾ ਹੋਣ, ਕਿਰਪਾ ਕਰਕੇ ਇਹ ਜਾਣ ਲਓ ਕਿ ਜ਼ਬਰਦਸਤ ਲੜਾਈ ਲੜਨੀ ਪਵੇਗੀ।

# ਗਾਜ਼ਾ ਦੇ ਬੱਚਿਆਂ ਦੇ ਨਾਂ ਚਿੱਠੀ

**-ਕ੍ਰਿਸ ਹੈਜਸ**
**ਅਨੁ.: ਬੂਟਾ ਸਿੰਘ ਮਹਿਮੂਦਪੁਰ**

*(ਕ੍ਰਿਸ ਹੈਜਸ ਉੱਘੇ ਅਮਰੀਕਨ ਪੱਤਰਕਾਰ, ਤਬਸਰਾਕਾਰ ਅਤੇ ਦਰਜਨਾਂ ਕਿਤਾਬਾਂ ਦੇ ਲੇਖਕ ਹਨ।)*



ਪਿਆਰੇ ਬੱਚੇ। ਅੱਧੀ ਰਾਤ ਹੋ ਚੁੱਕੀ ਹੈ। ਮੈਂ ਅੰਧ ਮਹਾਸਾਗਰ ਤੋਂ ਹਜ਼ਾਰਾਂ ਫੁੱਟ ਉੱਪਰ ਹਨੇਰੇ 'ਚ ਸੈਂਕੜੇ ਮੀਲ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਉੱਡ ਰਿਹਾ ਹਾਂ। ਮੈਂ ਮਿਸਰ ਦੀ ਯਾਤਰਾ ਕਰ ਰਿਹਾ ਹਾਂ। ਮੈਂ ਰਾਫਾ 'ਚ ਗਾਜ਼ਾ ਸਰਹੱਦ 'ਤੇ ਜਾਵਾਂਗਾ। ਮੈਂ ਤੁਹਾਡੇ ਕਰਕੇ ਜਾ ਰਿਹਾ ਹਾਂ।

ਤੁਸੀਂ ਕਦੇ ਹਵਾਈ ਜਹਾਜ਼ 'ਚ ਨਹੀਂ ਬੈਠੇ ਹੋਵੋਗੇ। ਤੁਸੀਂ ਕਦੇ ਗਾਜ਼ਾ ਤੋਂ ਬਾਹਰ ਨਹੀਂ ਗਏ ਹੋਵੋਗੇ। ਤੁਸੀਂ ਸਿਰਫ਼ ਭੀੜ-ਭੜੱਕੇ ਵਾਲੀਆਂ ਸੜਕਾਂ ਅਤੇ ਗਲੀਆਂ ਹੀ ਜਾਣਦੇ ਹੋਵੋਗੇ ਕੰਕਰੀਟ ਦੇ ਢੇਰ। ਤੁਸੀਂ ਸਿਰਫ਼ ਸੁਰੱਖਿਆ ਨਾਕਿਆਂ ਅਤੇ ਵਾੜਾਂ ਬਾਰੇ ਹੀ ਜਾਣਦੇ ਹੋਵੋਗੇ ਜਿਨ੍ਹਾਂ ਉੱਪਰ ਗਾਜ਼ਾ ਦੇ ਚਾਰੇ-ਪਾਸੇ ਸਿਪਾਹੀ ਗਸ਼ਤ ਕਰਦੇ ਰਹਿੰਦੇ ਹਨ। ਜਹਾਜ਼ ਤੁਹਾਡੇ ਲਈ ਭਿਆਨਕ ਹਨ। ਲੜਾਕੂ ਜੈੱਟ ਜਹਾਜ਼। ਹਮਲਾ ਕਰਨ ਵਾਲੇ ਹੈਲੀਕਾਪਟਰ। ਡਰੋਨ। ਇਹ ਤੁਹਾਡੇ ਉੱਪਰ ਮੰਡਰਾਉਂਦੇ ਰਹਿੰਦੇ ਹਨ। ਉਹ ਮਿਜ਼ਾਈਲਾਂ ਅਤੇ ਬੰਬ ਸੁੱਟਦੇ ਹਨ। ਕੰਨ ਬੋਲ਼ੇ ਕਰ ਦੇਣ ਵਾਲੇ ਧਮਾਕੇ ਹੁੰਦੇ ਹਨ। ਧਰਤੀ ਕੰਬ ਜਾਂਦੀ ਹੈ। ਇਮਾਰਤਾਂ ਢਹਿ ਜਾਂਦੀਆਂ ਹਨ। ਮੌਤਾਂ। ਚੀਕਾਂ। ਮਲਬੇ ਹੇਠਾਂ ਦੱਬੀ ਹੋਈ ਆਵਾਜ਼ ਮੱਦਦ ਲਈ ਪੁਕਾਰਦੀ ਹੈ। ਇਹ ਸਿਲਸਿਲਾ ਰੁਕਦਾ ਨਹੀਂ ਹੈ। ਰਾਤ-ਦਿਨ ਚੱਲਦਾ ਰਹਿੰਦਾ ਹੈ। ਮਲ਼ਬਾ ਬਣੇ ਕੰਕਰੀਟ ਢੇਰ ਹੇਠ ਫਸੇ ਹੋਏ। ਤੁਹਾਡੇ ਸਾਥੀ। ਤੁਹਾਡਾ ਸਹਿਪਾਠੀ। ਤੁਹਾਡੇ ਗੁਆਂਢੀ ਪਲਾਂ 'ਚ ਤੁਰ ਗਏ। ਜਦੋਂ ਉਨ੍ਹਾਂ ਨੂੰ ਖੋਦ ਕੇ ਬਾਹਰ ਕੱਢਿਆ ਜਾਂਦਾ ਹੈ ਤਾਂ ਤੁਸੀਂ ਦੇਖਦੇ ਹੋ ਕਿ ਉਨ੍ਹਾਂ ਚਿਹਰੇ ਸਲੇਟੀ ਰੰਗੇ ਹੋ ਚੁੱਕੇ ਹਨ ਅਤੇ ਸਰੀਰ ਝੂਲ ਰਹੇ ਹਨ। ਮੈਂ ਇਕ ਰਿਪੋਰਟਰ ਹਾਂ। ਇਹ ਦੇਖਣਾ ਮੇਰਾ ਕੰਮ ਹੈ। ਤੁਸੀਂ ਇਕ ਬੱਚੇ ਹੋ। ਤੁਹਾਨੂੰ ਇਹ ਕਦੇ ਨਹੀਂ ਦੇਖਣਾ ਚਾਹੀਦਾ।

ਮੌਤ ਦੀ ਬਦਬੂ। ਕੰਕਰੀਟ ਦੇ ਮਲ਼ਬੇ ਹੇਠ ਸੜਦੀਆਂ ਲਾਸ਼ਾਂ। ਤੁਸੀਂ ਆਪਣਾ ਸਾਹ ਬੰਦ ਕਰ ਲੈਂਦੇ ਹੋ। ਆਪਣਾ ਮੂੰਹ ਕੱਪੜੇ ਨਾਲ ਢੱਕ ਲੈਂਦੇ ਹੋ। ਤੁਸੀਂ ਤੇਜ਼ ਤੇਜ਼ ਤੁਰਨ ਲੱਗ ਪੈਂਦੇ ਹੋ। ਤੁਹਾਡਾ ਆਂਢ-ਗੁਆਂਢ ਕਬਰਿਸਤਾਨ ਬਣ ਗਿਆ ਹੈ। ਹਰ ਜਾਣੀ-ਪਛਾਣੀ ਹਰ ਸ਼ੈਅ ਖ਼ਤਮ ਹੋ ਗਈ ਹੈ। ਤੁਸੀਂ ਹੈਰਾਨੀ ਨਾਲ ਤੱਕਦੇ ਰਹਿ ਜਾਂਦੇ ਹੋ। ਤੁਸੀਂ ਹੈਰਾਨ ਹੋ ਕਿ ਤੁਸੀਂ ਕਿੱਥੇ ਹੋ।

ਤੁਸੀਂ ਭੈਭੀਤ ਹੋ। ਵਿਸਫੋਟ ਦਰ ਵਿਸਫੋਟ। ਤੁਸੀਂ ਚੀਕਦੇ-ਚਿਲਾਉਂਦੇ ਹੋ। ਤੁਸੀਂ ਆਪਣੀ ਮਾਂ ਜਾਂ ਬਾਪ ਨਾਲ ਚਿੰਬੜ ਜਾਂਦੇ ਹੋ। ਤੁਸੀਂ ਆਪਣੇ ਕੰਨ ਬੰਦ ਕਰ ਲੈਂਦੇ ਹੋ। ਤੁਸੀਂ ਮਿਜ਼ਾਈਲ ਦੀ ਚਿੱਟੀ ਲੋਅ ਦੇਖਦੇ ਹੋ ਅਤੇ ਧਮਾਕੇ ਦੀ ਉਡੀਕ ਕਰਦੇ ਹੋ। ਉਹ ਬੱਚਿਆਂ ਨੂੰ ਕਿਉਂ ਮਾਰਦੇ ਹਨ? ਤੁਸੀਂ ਆਖ਼ਿਰ ਕੀ ਗੁਨਾਹ ਕੀਤਾ ਹੈ? ਕੋਈ ਤੁਹਾਡੀ ਰੱਖਿਆ ਕਿਉਂ ਨਹੀਂ ਕਰ ਸਕਦਾ?



ਕੀ ਤੁਸੀਂ ਜ਼ਖ਼ਮੀ ਹੋ ਜਾਓਗੇ? ਕੀ ਤੁਸੀਂ ਇਕ ਲੱਤ ਜਾਂ ਬਾਂਹ ਗੁਆ ਬੈਠੋਗੇ? ਕੀ ਤੁਸੀਂ ਅੰਨ੍ਹੇ ਹੋ ਜਾਵੋਗੇ ਜਾਂ ਵ੍ਹੀਲਚੇਅਰ 'ਤੇ ਰਹੋਗੇ? ਤੁਸੀਂ ਕਿਉਂ ਜਨਮ ਲਿਆ ਸੀ? ਕੀ ਇਹ ਇਕ ਚੰਗੇ ਕੰਮ ਲਈ ਸੀ? ਜਾਂ ਇਹ ਐਸ ਲਈ ਸੀ? ਕੀ ਤੁਸੀਂ ਵੱਡੇ ਹੋ ਸਕੋਗੇ? ਕੀ ਤੁਸੀਂ ਖ਼ੁਸ਼ ਹੋਵੋਗੇ? ਆਪਣੇ ਦੋਸਤਾਂ ਤੋਂ ਬਿਨਾਂ ਇਹ ਤੁਹਾਨੂੰ ਕਿਹੋ ਜਿਹਾ ਲੱਗੇਗਾ? ਮਰਨ ਦੀ ਅਗਲੀ ਵਾਰੀ ਕਿਸ ਦੀ ਹੋਵੇਗੀ? ਤੁਹਾਡੀ ਮਾਂ? ਤੁਹਾਡੇ ਪਿਤਾ? ਤੁਹਾਡੇ ਭੈਣ-ਭਰਾ? ਤੁਹਾਡਾ ਕੋਈ ਜਾਣੂ ਜ਼ਖ਼ਮੀ ਹੋ ਜਾਵੇਗਾ। ਛੇਤੀਂ ਹੀ।

ਰਾਤ ਨੂੰ ਤੁਸੀਂ ਹਨੇਰੇ ਵਿਚ ਠੰਡੇ ਸੀਮਿੰਟ ਦੇ ਫਰਸ਼ 'ਤੇ ਪਏ ਰਹਿੰਦੇ ਹੋ। ਫੋਨ ਕੱਟ ਦਿੱਤੇ ਗਏ ਹਨ। ਇੰਟਰਨੈੱਟ ਬੰਦ ਹੈ। ਤੁਸੀਂ ਨਹੀਂ ਜਾਣਦੇ ਕਿ ਕੀ ਹੋ ਰਿਹਾ ਹੈ। ਚਾਨਣ ਦੀਆਂ ਲਿਸ਼ਕਾਂ ਪੈ ਰਹੀਆਂ ਹਨ। ਧਮਾਕੇ ਦੇ ਝਟਕੇ ਦੀਆਂ ਲਹਿਰਾਂ ਹਨ। ਚੀਕਾਂ ਹੀ ਚੀਕਾਂ ਹਨ। ਇਹ ਸਿਲਸਿਲਾ ਰੁਕ ਨਹੀਂ ਰਿਹਾ।

ਜਦੋਂ ਤੁਹਾਡੇ ਪਿਤਾ ਜਾਂ ਮਾਤਾ ਭੋਜਨ ਜਾਂ ਪਾਣੀ ਦੀ ਭਾਲ 'ਚ ਜਾਂਦੇ ਹਨ ਤਾਂ ਤੁਸੀਂ ਇੰਤਜ਼ਾਰ ਕਰਦੇ ਹੋ। ਤੁਹਾਡੇ ਪੇਟ 'ਚ ਉਹ ਕਿੰਨਾ ਭਿਆਨਕ ਅਹਿਸਾਸ ਹੁੰਦਾ ਹੈ। ਕੀ ਉਹ ਵਾਪਸ ਆਉਣਗੇ? ਕੀ ਤੁਸੀਂ ਉਨ੍ਹਾਂ ਨੂੰ ਦੁਬਾਰਾ ਦੇਖ ਸਕੋਗੇ? ਕੀ ਅਗਲਾ ਨਿਸ਼ਾਨਾ ਤੁਹਾਡਾ ਛੋਟਾ ਜਿਹਾ ਘਰ ਹੋਵੇਗਾ? ਕੀ ਬੰਬ ਤੁਹਾਨੂੰ ਟੋਹਲ ਲੈਣਗੇ? ਕੀ ਇਹ ਧਰਤੀ 'ਤੇ ਤੁਹਾਡੇ ਆਖਰੀ ਪਲ ਹਨ?

ਤੁਹਾਨੂੰ ਖ਼ਾਰਾ, ਗੰਦਾ ਪਾਣੀ ਪੀਣਾ ਪੈਂਦਾ ਹੈ। ਇਹ ਤੁਹਾਨੂੰ ਬਹੁਤ ਬਿਮਾਰ ਕਰ ਦਿੰਦਾ ਹੈ। ਤੁਹਾਡਾ ਢਿੱਡ ਦੁਖ ਰਿਹਾ ਹੈ। ਤੁਸੀਂ ਭੁੱਖੇ ਹੋ। ਬੇਕਰੀਆਂ ਤਬਾਹ ਕਰ ਦਿੱਤੀਆਂ ਗਈਆਂ ਹਨ। ਰੋਟੀ ਨਹੀਂ ਹੈ। ਤੁਸੀਂ ਦਿਨ ਵਿਚ ਇਕ ਵਾਰ ਖਾ ਕੇ ਡੰਗ ਟਪਾਉਂਦੇ ਹੋ। ਪਾਸਤਾ। ਇਕ ਖੀਰਾ। ਛੇਤੀਂ ਹੀ ਇਹ ਇਕ ਦਾਅਵਤ ਵਰਗਾ ਲੱਗਣਾ ਸ਼ੁਰੂ ਹੋ ਜਾਵੇਗਾ।

ਤੁਸੀਂ ਲੀਰਾਂ ਦੀ ਬਣੀ ਆਪਣੀ ਖਿੱਦੋ ਨਾਲ ਨਹੀਂ ਖੇਡਦੇ। ਤੁਸੀਂ ਹੁਣ ਪੁਰਾਣੇ ਅਖ਼ਬਾਰਾਂ ਦੀ ਬਣਾਈ ਪਤੰਗ ਨਹੀਂ ਉਡਾਉਂਦੇ। ਤੁਸੀਂ ਬਦੇਸ਼ੀ ਪੱਤਰਕਾਰਾਂ ਨੂੰ ਦੇਖਿਆ ਹੈ। ਅਸੀਂ ਫਲੈਕ ਜੈਕਟਾਂ ਪਹਿਨਦੇ ਹਾਂ ਜਿਸ 'ਤੇ ਪ੍ਰੈੱਸ ਸ਼ਬਦ ਲਿਖਿਆ ਹੁੰਦਾ ਹੈ। ਸਾਡੇ ਕੋਲ ਹੈਲਮਟ ਹੈ। ਸਾਡੇ ਕੋਲ ਕੈਮਰੇ ਹਨ। ਅਸੀਂ ਜੀਪ ਚਲਾਕੇ ਆਉਂਦੇ ਹਾਂ। ਅਸੀਂ ਬੰਬ ਧਮਾਕੇ ਜਾਂ ਗੋਲੀਬਾਰੀ ਤੋਂ ਬਾਦ ਆਉਂਦੇ ਹਾਂ। ਅਸੀਂ ਬਹੁਤ ਚਿਰ ਤੱਕ ਕੌਡੀ ਲੈ ਕੇ ਬੈਠੇ ਰਹਿੰਦੇ ਹਾਂ ਅਤੇ ਵੱਡਿਆਂ ਨਾਲ ਗੱਲਬਾਤ ਕਰਦੇ ਹਾਂ। ਫਿਰ ਅਸੀਂ ਗ਼ਾਇਬ ਹੋ ਜਾਂਦੇ ਹਾਂ। ਅਸੀਂ ਆਮ ਤੌਰ 'ਤੇ ਬੱਚਿਆਂ ਦੀ ਇੰਟਰਵਿਊ ਨਹੀਂ ਲੈਂਦੇ। ਪਰ ਮੈਂ ਅਜਿਹੇ ਇੰਟਰਵਿਊ ਕੀਤੇ ਹਨ ਜਦੋਂ ਤੁਸੀਂ ਸਾਡੇ ਆਲੇ-ਦੁਆਲੇ ਝੁਰਮਟ ਪਾ ਲੈਂਦੇ ਹੋ। ਹੱਸਦੇ ਹੋ। ਇਸ਼ਾਰੇ ਕਰਦੇ ਹੋ। ਸਾਨੂੰ ਆਪਣੀ ਫੋਟੋ ਲੈਣ ਲਈ ਕਹਿੰਦੇ ਹੋ।

ਗਾਜ਼ਾ 'ਚ ਮੇਰੇ ਉੱਪਰ ਜੈੱਟ ਜਹਾਜ਼ ਦੁਆਰਾ ਬੰਬਾਰੀ ਕੀਤੀ ਗਈ ਹੈ। ਮੇਰੇ ਉੱਪਰ ਹੋਰ ਯੁੱਧਾਂ 'ਚ ਬੰਬਾਰੀ ਕੀਤੀ ਗਈ ਹੈ, ਉਹ ਯੁੱਧ ਜੋ ਤੁਹਾਡੇ ਜਨਮ ਤੋਂ ਪਹਿਲਾਂ ਹੋਏ ਸਨ। ਮੈਂ ਵੀ ਬਹੁਤ, ਬਹੁਤ ਸਹਿਮਿਆ ਹੋਇਆ ਸੀ। ਮੇਰੇ ਕੋਲ ਅਜੇ ਵੀ ਇਸ ਬਾਰੇ ਸੁਪਨੇ ਹਨ। ਜਦੋਂ ਮੈਂ ਗਾਜ਼ਾ ਦੀਆਂ ਤਸਵੀਰਾਂ ਦੇਖਦਾ ਹਾਂ ਤਾਂ ਇਹ ਯੁੱਧ ਗੜਗੱਜ ਅਤੇ ਬਿਜਲੀ ਦੀ ਤੇਜ਼ੀ ਨਾਲ ਮੇਰੇ ਕੋਲ ਪਰਤ ਆਉਂਦੇ ਹਨ। ਮੈਂ ਤੁਹਾਡੇ ਬਾਰੇ ਸੋਚਦਾ ਹਾਂ।

ਅਸੀਂ ਸਾਰੇ ਜੋ ਯੁੱਧ ਵਿਚ ਜੀ ਰਹੇ ਲੋਕ ਯੁੱਧ ਨੂੰ ਕਰਦੇ ਹਾਂ ਸਭ ਤੋਂ ਜ਼ਿਆਦਾ ਨਫ਼ਰਤ ਉਸ ਕਰਕੇ ਜੋ ਅਸਰ ਇਸ ਦਾ ਬੱਚਿਆਂ ਉੱਪਰ ਪੈਂਦਾ ਹੈ।

ਮੈਂ ਤੁਹਾਡੀ ਕਹਾਣੀ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਦੁਨੀਆ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਜਦੋਂ ਤੁਸੀਂ ਲੋਕਾਂ 'ਤੇ ਜ਼ੁਲਮ ਕਰਦੇ ਹੋ, ਹਫ਼ਤਾ-ਹਫ਼ਤੇ, ਮਹੀਨੇ-ਦਰ-ਮਹੀਨੇ, ਸਾਲ-ਦਰ-ਸਾਲ, ਦਹਾਕੇ-ਦਹਾਕੇ, ਜਦੋਂ ਤੁਸੀਂ ਲੋਕਾਂ ਨੂੰ ਆਜ਼ਾਦੀ ਅਤੇ ਮਾਣ-ਸਨਮਾਨ ਤੋਂ ਵਾਂਝੇ ਕਰਦੇ ਹੋ, ਜਦੋਂ ਤੁਸੀਂ ਉਨ੍ਹਾਂ ਨੂੰ ਜ਼ਲੀਲ ਕਰਦੇ ਹੋ ਅਤੇ ਖੁੱਲ੍ਹੀ ਜੇਲ੍ਹ 'ਚ ਡੱਕ ਦਿੰਦੇ ਹੋ। ਜਦੋਂ ਤੁਸੀਂ ਉਨ੍ਹਾਂ ਨੂੰ ਇਸ ਤਰ੍ਹਾਂ ਮਾਰਦੇ ਹੋ ਜਿਵੇਂ ਉਹ ਜਾਨਵਰ ਹੋਣ ਤਾਂ ਉਨ੍ਹਾਂ ਨੂੰ ਬਹੁਤ ਗੁੱਸਾ ਆ ਜਾਂਦਾ ਹੈ। ਉਹ ਦੂਜਿਆਂ ਨਾਲ ਉਹੀ ਕੁਝ ਕਰਦੇ ਹਨ ਜੋ ਉਨ੍ਹਾਂ ਨਾਲ ਕੀਤਾ ਗਿਆ ਸੀ। ਮੈਂ ਇਹ ਗੱਲ ਵਾਰ ਵਾਰ ਕਹੀ ਹੈ। ਮੈਂ ਇਹ ਸੱਤ ਸਾਲ ਕਹਿੰਦਾ ਰਿਹਾ। ਕੁਝ ਨੇ ਮੇਰੀ ਗੱਲ ਸੁਣੀ। ਅਤੇ ਹੁਣ ਇਹ ਹੋ ਰਿਹਾ ਹੈ।

ਇੱਥੇ ਬਹੁਤ ਬਹਾਦਰ ਫ਼ਲਸਤੀਨੀ ਪੱਤਰਕਾਰ ਹਨ। ਇਹ ਬੰਬਾਰੀ ਸ਼ੁਰੂ ਹੋਣ ਤੋਂ ਲੈ ਕੇ ਉਨ੍ਹਾਂ ਵਿੱਚੋਂ 39 ਮਾਰੇ ਗਏ ਹਨ। ਉਹ ਹੀਰੋ ਹਨ। ਤੁਹਾਡੇ ਹਸਪਤਾਲਾਂ ਦੇ ਡਾਕਟਰ ਅਤੇ ਨਰਸਾਂ ਵੀ ਇਸੇ ਤਰ੍ਹਾਂ ਦੇ ਲੋਕ ਹਨ। ਸੰਯੁਕਤ ਰਾਸ਼ਟਰ ਦੇ ਮੁਲਾਜ਼ਮ ਵੀ ਇਸੇ ਮਿੱਟੀ ਦੇ ਬਣੇ ਹੋਏ ਹਨ। ਉਨ੍ਹਾਂ ਵਿੱਚੋਂ 89 ਮਾਰੇ ਜਾ ਚੁੱਕੇ ਹਨ। ਇਸੇ ਤਰ੍ਹਾਂ ਐਂਬੂਲੈਂਸ ਡਰਾਈਵਰ ਅਤੇ ਡਾਕਟਰ ਹਨ। ਬਚਾਅ ਟੀਮਾਂ ਵੀ ਅਜਿਹੀਆਂ ਹੀ ਹਨ ਜੋ ਆਪਣੇ ਹੱਥਾਂ ਨਾਲ ਕੰਕਰੀਟ ਦੀਆਂ ਸਲੈਬਾਂ ਨੂੰ ਚੁੱਕ ਕੇ ਥੱਲੇ ਦਬੇ ਲੋਕਾਂ ਨੂੰ ਕੱਢਦੀਆਂ ਹਨ। ਇਸੇ ਤਰ੍ਹਾਂ ਤੁਹਾਡੇ ਮਾਵਾਂ ਅਤੇ ਬਾਪ ਹਨ ਜੋ ਤੁਹਾਨੂੰ ਬੰਬਾਂ ਤੋਂ ਬਚਾਉਂਦੇ ਹਨ।

ਪਰ ਅਸੀਂ ਉੱਥੇ ਨਹੀਂ ਹਾਂ। ਇਸ ਵਾਰ ਨਹੀਂ। ਅਸੀਂ ਅੰਦਰ ਨਹੀਂ ਜਾ ਸਕਦੇ। ਅਸੀਂ ਬਾਹਰ ਡੱਕੇ ਹੋਏ ਹਾਂ।

ਦੁਨੀਆ ਭਰ ਦੇ ਰਿਪੋਰਟਰ ਰਾਫਾ ਵਿਖੇ ਸਰਹੱਦ ਪਾਰ ਕਰਨ ਜਾ ਰਹੇ ਹਨ। ਅਸੀਂ ਇਸ ਲਈ ਜਾ ਰਹੇ ਹਾਂ ਕਿਉਂਕਿ ਅਸੀਂ ਹੱਥ 'ਤੇ ਹੱਥ ਧਰ ਕੇ ਇਹ ਕਤਲੇਆਮ ਨਹੀਂ ਦੇਖ ਸਕਦੇ। ਅਸੀਂ ਇਸ ਲਈ ਜਾ ਰਹੇ ਹਾਂ ਕਿਉਂਕਿ ਇਕ ਦਿਨ 'ਚ ਸੈਂਕੜੇ ਲੋਕ ਮਾਰੇ ਜਾ ਰਹੇ ਹਨ ਜਿਨ੍ਹਾਂ ਵਿਚ 160 ਬੱਚੇ ਵੀ ਸ਼ਾਮਿਲ ਹਨ। ਅਸੀਂ ਜਾ ਰਹੇ ਹਾਂ ਕਿਉਂਕਿ ਇਹ ਨਸਲਕੁਸ਼ੀ ਰੁਕਣੀ ਚਾਹੀਦੀ ਹੈ। ਅਸੀਂ ਜਾ ਰਹੇ ਹਾਂ ਕਿਉਂਕਿ ਸਾਡੇ ਵੀ ਬੱਚੇ ਹਨ। ਤੁਹਾਡੇ ਵਰਗੇ। ਅਨਮੋਲ। ਮਾਸੂਮ। ਪਿਆਰੇ ਜਹੇ। ਅਸੀਂ ਜਾ ਰਹੇ ਹਾਂ ਕਿਉਂਕਿ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਜ਼ਿੰਦਾ ਰਹੋ।

ਮੈਨੂੰ ਉਮੀਦ ਹੈ ਕਿ ਅਸੀਂ ਇਕ ਦਿਨ ਮਿਲਾਂਗੇ। ਤੁਸੀਂ ਬਾਲਗ ਹੋ ਗਏ ਹੋਵੋਗੇ। ਮੈਂ ਬੁੱਢਾ ਹੋ ਗਿਆ ਹੋਵਾਂਗਾ, ਹਾਲਾਂਕਿ ਤੁਹਾਡੇ ਲਈ ਮੈਂ ਪਹਿਲਾਂ ਹੀ ਬਹੁਤ ਬੁੱਢਾ ਹਾਂ। ਆਪਣੇ ਸੁਪਨਿਆਂ ਵਿਚ ਮੈਂ ਤੁਹਾਨੂੰ ਆਜ਼ਾਦ, ਸੁਰੱਖਿਅਤ ਅਤੇ ਖ਼ੁਸ਼ ਦੇਖਾਂਗਾ। ਕੋਈ ਵੀ ਤੁਹਾਨੂੰ ਮਾਰਨ ਦੀ ਕੋਸ਼ਿਸ਼ ਨਹੀਂ ਕਰੇਗਾ। ਤੁਸੀਂ ਬੰਬਾਂ ਦੀ ਬਜਾਏ ਲੋਕਾਂ ਨਾਲ ਭਰੇ ਹਵਾਈ ਜਹਾਜ਼ 'ਚ ਉਡੋਗੇ। ਤੁਸੀਂ ਕਿਸੇ ਤਸੀਹਾ ਕੈਂਪ ਵਿਚ ਘਿਰੇ ਹੋਏ ਨਹੀਂ ਹੋਵੋਗੇ। ਤੁਸੀਂ ਦੁਨੀਆ ਦੇਖੋਗੇ। ਤੁਸੀਂ ਵੱਡੇ ਹੋਵੋਗੇ ਅਤੇ ਤੁਹਾਡੇ ਬੱਚੇ ਹੋਣਗੇ। ਤੁਸੀਂ ਬੁੱਢੇ ਹੋਵੋਗੇ। ਤੁਹਾਨੂੰ ਇਹ ਮੁਸੀਬਤਾਂ ਚੇਤੇ ਰਹਿਣਗੀਆਂ, ਪਰ ਤੁਹਾਨੂੰ ਪਤਾ ਹੋਵੇਗਾ ਕਿ ਇਸਦਾ ਮਤਲਬ ਹੈ ਕਿ ਤੁਹਾਨੂੰ ਦੁਖੀ ਲੋਕਾਂ ਦੀ ਮੱਦਦ ਕਰਨੀ ਚਾਹੀਦੀ ਹੈ। ਇਹੀ ਮੇਰੀ ਉਮੀਦ ਹੈ। ਇਹੀ ਮੇਰੀ ਪ੍ਰਾਰਥਨਾ ਹੈ।

ਅਸੀਂ ਤੁਹਾਨੂੰ ਅਸਫ਼ਲ ਬਣਾ ਦਿੱਤਾ ਹੈ। ਇਹ ਉਹ ਭਿਆਨਕ ਅਪਰਾਧ-ਬੋਧ ਹੈ ਜੋ ਅਸੀਂ ਢੋ ਰਹੇ ਹਾਂ। ਅਸੀਂ ਯਤਨ ਤਾਂ ਕੀਤੇ। ਪਰ ਸਾਡੇ ਤੋਂ ਕਾਫ਼ੀ ਯਤਨ ਨਹੀਂ ਹੋਏ। ਅਸੀਂ ਰਾਫਾ ਜਾਵਾਂਗੇ। ਸਾਡੇ ਵਿੱਚੋਂ ਬਹੁਤ ਸਾਰੇ। ਪੱਤਰਕਾਰ। ਅਸੀਂ ਵਿਰੋਧ ਵਜੋਂ ਗਾਜ਼ਾ ਸਰਹੱਦ ਦੇ ਬਾਹਰ ਖੜ੍ਹੇ ਰਹਾਂਗੇ। ਅਸੀਂ ਲਿਖਾਂਗੇ ਅਤੇ ਫਿਲਮਾਂ ਬਣਾਵਾਂਗੇ। ਇਹੀ ਤਾਂ ਅਸੀਂ ਕਰਦੇ ਹਾਂ। ਇਹ ਬਹੁਤ ਕੁਝ ਤਾਂ ਨਹੀਂ ਹੈ। ਪਰ ਇਹ ਕੁਝ ਤਾਂ ਹੈ। ਅਸੀਂ ਤੁਹਾਡੀ ਕਹਾਣੀ ਮੁੜ ਦੱਸਾਂਗੇ।

ਸ਼ਾਇਦ ਇਹ ਕਾਫ਼ੀ ਹੋਵੇਗਾ ਤੁਹਾਡੇ ਤੋਂ ਮਾਫ਼ੀ ਮੰਗਣ ਦਾ ਹੱਕ ਲੈਣ ਲਈ।

(8 ਨਵੰਬਰ 2023)

# ਔਰਤਾਂ ਵਿਰੁੱਧ ਵਧਦੇ ਜ਼ੁਰਮਾਂ



ਨਰਾਇਣ ਦੱਤ
84275-11770

ਭਾਰਤ ਅੰਦਰ ਔਰਤਾਂ ਖਿਲਾਫ ਜੁਰਮਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਬਨਾਰਸ ਹਿੰਦੂ ਯੂਨੀਵਰਸਿਟੀ ਆਈਆਈਟੀ ਦੇ ਹੋਸਟਲ ਦੇ ਬਿਲਕੁਲ ਨਜਦੀਕ ਵਾਪਰੀ ਘਟਨਾ ਨੇ ਇੱਕ ਵਾਰ ਫੇਰ ਸਭ ਨੂੰ ਸ਼ਰਮਸ਼ਾਰ ਕੀਤਾ ਹੈ। ਇਸ ਘਟਨਾ ਦੇ ਵਾਪਰਣ ਸਮੇਂ ਇਹ ਵਿਦਿਆਰਥਣ ਆਪਣੇ ਦੋਸਤ ਨਾਲ ਜਾ ਰਹੀ ਸੀ। ਮੋਟਰ ਸਾਈਕਲ 'ਤੇ ਸਵਾਰ ਤਿੰਨ ਬਦਮਾਸ਼ਾਂ ਨੇ ਇਨ੍ਹਾਂ ਨੂੰ ਘੇਰਿਆ, ਵਿਦਿਆਰਥਣ ਨੂੰ ਉਸ ਦੇ ਦੋਸਤ ਨਾਲੋਂ ਅਲੱਗ ਕੀਤਾ। ਉਸ ਨੂੰ ਨਿਰਵਸਤਰ ਕੀਤਾ ਗਿਆ, ਸਰੀਰਕ ਛੇੜਛਾੜ ਕੀਤੀ, ਸਾਰੀ ਘਟਨਾ ਦੀ ਵੀਡੀਓਗਰਾਫੀ ਕੀਤੀ ਗਈ। ਘਟਨਾ ਵਾਪਰਨ ਦੇ ਅਗਲੇ ਹੀ ਦਿਨ ਵਿਰੋਧ 'ਚ ਹਜ਼ਾਰਾਂ ਦੀ ਗਿਣਤੀ ਵਿੱਚ ਯੂਨੀਵਰਸਿਟੀ ਵਿਦਿਆਰਥੀਆਂ ਨੇ ਇਸ ਘਿਨਾਉਣੀ ਘਟਨਾ ਦਾ ਤਿੱਖਾ ਵਿਰੋਧ ਕੀਤਾ ਅਤੇ ਬੁਲੰਦ ਆਵਾਜ਼ 'ਚ ਮੰਗ ਕੀਤੀ ਕਿ ਵਿਦਿਆਰਥਣ ਨਾਲ ਘਿਨਾਉਣਾ ਜ਼ੁਰਮ ਕਰਨ ਵਾਲੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਸਖਤ ਸਜ਼ਾਵਾਂ ਦਿੱਤੀਆਂ ਜਾਣ। ਯੂਨੀਵਰਸਿਟੀ ਨੂੰ ਬਦਮਾਸ਼ ਟੋਲਿਆਂ ਤੋਂ ਮੁਕਤ ਕਰਵਾਇਆ ਜਾਵੇ।

ਯਾਦ ਰਹੇ ਕਿ ਮੁਲਕ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਨਾਰਸ ਦੇ ਇਸੇ ਪਾਰਲੀਮਾਨੀ ਹਲਕੇ ਦਾ ਹੀ ਨੁਮਾਇੰਦਾ ਹੈ। ਇਹ ਉਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੈ ਜੋ ਆਜ਼ਾਦੀ ਦੇ ਅਮਰ ਮਹਾਂਉਤਸਵ ਮੌਕੇ 15 ਅਗਸਤ 2022 ਨੂੰ ਲਾਲ ਕਿਲੇ ਦੀ ਫਸੀਲ ਤੋਂ ਔਰਤ ਸਸ਼ਕਤੀਕਰਨ ਦੇ ਗੱਜ-ਵੱਜਕੇ ਐਲਾਨ ਕਰ ਰਿਹਾ ਸੀ। ਇਸੇ ਪ੍ਰਧਾਨ ਮੰਤਰੀ ਨੇ ਬੇਟੀ ਪੜ੍ਹਾਓ-ਬੇਟੀ ਬਚਾਓ ਦੀ ਰਟ ਲਾਈ ਰੱਖੀ ਹੈ।

ਬਨਾਰਸ ਹਿੰਦੂ ਯੂਨੀਵਰਸਿਟੀ ਦੀ ਇਹ ਘਟਨਾ ਕੋਈ ਕੱਲੀ-ਕਹਿਰੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਦੀਆਂ ਘਟਨਾਵਾਂ ਵੀ ਸਾਡੀਆਂ ਅੱਖਾਂ ਸਾਹਮਣੇ ਮੁੜ ਆ ਪੇਸ਼ ਹੁੰਦੀਆਂ ਹਨ। ਅਸੀਂ ਕਿਵੇਂ ਭੁੱਲ ਸਕਦੇ ਹਾਂ ਕਿ ਦੇਸ਼ ਦੇ ਪ੍ਰਧਾਨ ਮੰਤਰੀ ਦੀ ਪਾਰਟੀ ਭਾਜਪਾ ਦੀ ਹਕੂਮਤ ਵਾਲੇ ਗੁਜਰਾਤ ਸੂਬੇ ਅੰਦਰ ਗੋਧਰਾ ਦੰਗਿਆਂ ਤੋਂ ਫੌਰੀ ਬਾਅਦ 3 ਮਾਰਚ 2002 ਨੂੰ ਮੁਸਲਿਮ ਭਾਈਚਾਰੇ ਨਾਲ ਸਬੰਧਤ ਇੱਕ ਔਰਤ ਬਿਲਕੀਸ ਬਾਨੋ ਨਾਲ, ਜੋ ਉਸ ਸਮੇਂ ਪੰਜ ਮਹੀਨੇ ਦੀ ਗਰਭਵਤੀ ਸੀ, 20-30 ਭਗਵਾਧਾਰੀਆਂ ਨੇ ਸਮੂਹਕ ਬਲਾਤਕਾਰ ਕਰਨ ਉਪਰੰਤ ਉਸਦੇ ਪਰਵਾਰ ਦੇ ਸੱਤ ਮੈਂਬਰਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਸਮੂਹਕ ਬਲਾਤਕਾਰ ਅਤੇ ਕਤਲ ਦੀ ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਕਤਲ ਦੇ ਦੋਸ਼ੀਆਂ ਨੂੰ 15 ਅਗਸਤ 2022 ਵਾਲੇ ਆਜ਼ਾਦੀ ਦੇ ਅਮਰ ਉਤਸਵ ਵਾਲੇ ਦਿਨ ਹੀ ਸਾਰੇ ਕਾਇਦੇ-ਕਾਨੂੰਨਾਂ ਨੂੰ ਛਿੱਕੇ ਟੰਗਕੇ ਰਿਹਾਅ ਕਰ ਦਿੱਤਾ ਗਿਆ ਸੀ। ਸਿਰਫ ਐਨਾ ਹੀ ਨਹੀਂ, ਸਗੋਂ ਬੇਸ਼ਰਮੀ ਦੀਆਂ ਸਾਰੇ ਹੱਦਾਂ-ਬੰਨੇ ਪਾਰ ਕਰਦਿਆਂ ਇਹਨਾਂ ਬਲਾਤਕਾਰੀ ਕਾਤਲਾਂ ਨੂੰ ਉੱਚ-ਸੰਸਕਾਰਾਂ ਵਾਲੇ ਹਿੰਦੂ ਬ੍ਰਾਹਮਣ ਗਰਦਾਨਕੇ ਮਠਿਆਈਆਂ ਵੰਡਕੇ ਖ਼ੁਸ਼ੀ ਵੀ ਮਨਾਈ ਗਈ, ਬਲਾਤਕਾਰੀਆਂ ਦੇ ਗਲਾਂ ਵਿੱਚ ਫੁੱਲਾਂ ਦੇ ਹਾਰ ਪਾਕੇ ਸਨਮਾਨਤ ਵੀ ਕੀਤਾ ਗਿਆ।

ਔਰਤਾਂ ਖਿਲਾਫ ਹਿੰਸਾ ਦੀ ਗੱਲ ਸਾਡੇ ਮੁਲਕ ਦੀਆਂ ਹੱਦਬੰਦੀਆਂ ਅੰਦਰ ਹੀ ਸੀਮਤ ਨਹੀਂ ਹੈ, ਸਗੋਂ ਦੋਵੇਂ ਸੰਸਾਰ ਜੰਗਾਂ ਅਤੇ ਸਾਡੇ ਆਪਣੇ ਖੇਤਰ ਅੰਦਰ 1947 ਦੀ ਭਾਰਤ-ਪਾਕਿ ਵੰਡ ਸਮੇਂ ਸੱਭ ਤੋਂ ਵੱਧ ਜਬਰ ਦਾ ਸ਼ਿਕਾਰ ਲੱਖਾਂ ਔਰਤਾਂ ਨੂੰ ਹੋਣਾ ਪਿਆ ਹੈ। ਇਸੇ ਹੀ ਕੜੀ ਵਿੱਚ 1984 ਦੇ ਦਿੱਲੀ ਦੰਗੇ, ਅਫਗਾਨਿਸਤਾਨ ਅੰਦਰ ਕਦੇ ਸਾਮਰਾਜੀ ਜਾਬਰਾਂ ਤੇ ਕਦੇ ਮੁੱਲਾਂ-ਮੁਲਾਣਿਆਂ ਹੱਥੋਂ, ਇਰਾਕ ਜੰਗ, ਇਰਾਨ ਵਿੱਚ ਬੁਰਕਾ ਉਤਾਰੋ ਮੁਹਿੰਮ ਤੋਂ ਵੀ ਇਸ ਮਰਜ਼ ਦੇ ਆਲਮੀ ਪੱਧਰ 'ਤੇ ਵਿਦਮਾਨ ਹੋਣ ਨੂੰ ਸਮਝਿਆ ਜਾ ਸਕਦਾ ਹੈ।

ਤੰਦੂਰ ਕਾਂਡ, ਮਹਿਲਕਲਾਂ ਦਾ 1997 ਵਿੱਚ ਕਿਰਨਜੀਤ ਕੌਰ ਸਮੂਹਕ ਜਬਰ-ਜਿਨਾਹ ਅਤੇ ਕਤਲ ਕਾਂਡ, ਪਿੰਕੀ ਕਾਂਡ ਬਰੇਟਾ, ਸ਼ਰੂਤੀ ਕਾਂਡ ਫਰੀਦਕੋਟ, ਰੂਪਨ ਦਿਓਲ ਬਜਾਜ ਕੇਸ, ਯੂਪੀ ਦਾ ਉਨਾਓ ਕਾਂਡ, ਦਿੱਲੀ ਦਾ ਦਾਮਿਨੀ ਕਾਂਡ, ਚਿਨਮਿਆਨੰਦ ਕਾਂਡ, ਜੰਮੂ-ਕਸ਼ਮੀਰ ਦਾ ਕਠੂਆ ਕਾਂਡ, ਯੂਪੀ ਦਾ ਹਾਥਰਸ ਕੇਸ, ਪਹਿਲਵਾਨ ਖਿਡਾਰਣਾਂ ਵਾਲਾ ਕੇਸ, ਮਨੀਪੁਰ ਵਿੱਚ ਦੋ ਔਰਤਾਂ ਨੂੰ ਨਗਨ ਕਰਕੇ ਘੁਮਾਉਣਾ ਆਦਿ ਔਰਤਾਂ ਉੱਤੇ ਜਬਰ ਦੀਆਂ ਹਾਲੀਆ ਪਿਛਲੇ ਕੁੱਝ ਅਰਸੇ ਦੌਰਾਨ ਵਾਪਰੀਆਂ ਵਹਿਸ਼ੀ ਕਲੰਕਤ ਘਟਨਾਵਾਂ ਦੀਆਂ ਕੁੱਝ ਕੁ ਉੱਭਰਵੀਆਂ ਮਿਸਾਲਾਂ ਹਨ।

ਜਦੋਂ ਅਸੀਂ ਨੈਸ਼ਨਲ ਕਰਾਈਮ ਰਿਕਾਰਡ ਬਿਉਰੋ 2021 ਦੇ ਅੰਕੜਿਆਂ 'ਤੇ ਨਿਗਾਹ ਮਾਰਦੇ ਹਾਂ ਤਾਂ ਦੇਖਦੇ ਹਾਂ ਕਿ-ਭਾਰਤ ਅੰਦਰ ਔਰਤਾਂ ਖਿਲਾਫ ਬਲਾਤਕਾਰ ਦੀਆਂ 86 ਘਟਨਾਵਾਂ ਹਰ ਰੋਜ਼ ਵਾਪਰਦੀਆਂ ਹਨ। ਔਰਤਾਂ ਖਿਲਾਫ ਅਪਰਾਧ ਦੇ 49 ਮਾਮਲੇ ਹਰ ਘੰਟੇ ਦਰਜ਼ ਹੁੰਦੇ ਹਨ। 2021 ਵਿੱਚ ਔਰਤਾਂ ਖਿਲਾਫ ਅਪਰਾਧ ਦੇ 4,28, 278 ਮਾਮਲੇ ਦਰਜ਼ ਹੋਏ, 2020 ਵਿੱਚ ਦਰਜ ਹੋਏ ਇਹਨਾਂ ਮਾਮਲਿਆਂ ਦੀ ਗਿਣਤੀ 3,71,503 ਸੀ। ਔਰਤਾਂ ਖਿਲਾਫ ਸੱਭ ਤੋਂ ਵੱਧ ਮਾਮਲੇ 56083 ਯੂਪੀ ਵਿੱਚ ਦਰਜ ਹੋਏ। ਕੇਂਦਰੀ ਹਕੂਮਤ ਦੇ ਨੱਕ ਹੇਠਲੇ ਰਾਜ ਦਿੱਲੀ ਵਿੱਚ ਅਜਿਹੇ ਮਾਮਲਿਆਂ 'ਚ ਵਾਧੇ ਦੀ ਦਰ 41% ਸੀ। ਦੂਜੇ ਪਾਸੇ ਇੱਕ ਹੋਰ ਹੀ ਤਸਵੀਰ ਸਾਡੇ ਸਾਹਮਣੇ ਆ ਪੇਸ਼ ਹੁੰਦੀ ਹੈ ਜਦੋਂ ਅਸੀਂ ਇਹਨਾਂ ਮਾਮਲਿਆਂ ਦੀ ਅਦਾਲਤੀ ਪੈਰਵਾਈ 'ਤੇ ਨਜ਼ਰਸਾਨੀ ਕਰਦੇ ਹਾਂ- ਇਹਨਾਂ ਹੀ ਮਾਮਲਿਆਂ ਵਿੱਚ 2021 ਦੌਰਾਨ ਸਜ਼ਾ ਦੀ ਦਰ ਮਹਿਜ਼ 26.5% ਰਹੀ।

ਔਰਤਾਂ ਖਿਲਾਫ ਜਬਰ ਦੇ ਇਹਨਾਂ ਮਾਮਲਿਆਂ ਦੀ ਲੜੀ 'ਚ ਇੱਕ ਹੋਰ ਹੀ ਕਿਸਮ ਦੇ ਨਕਸ਼ ਵੀ ਸਾਡੇ ਮੁਖਰ ਹੁੰਦੇ ਹਨ। ਹਾਥਰਸ ਦੀ 19 ਸਾਲਾ ਦਲਿਤ ਔਰਤ ਨਾਲ ਚਾਰ ਮਰਦਾਂ ਨੇ ਸਮੂਹਕ ਬਲਾਤਕਾਰ ਕੀਤਾ, ਜਾਨਲੇਵਾ ਹਮਲਾ ਕੀਤਾ। ਕਈ ਹਫਤਿਆਂ ਤੱਕ ਤੜਪਣ ਬਾਅਦ ਉਸ ਦੀ ਮੌਤ ਹੋ ਗਈ। ਪੁਲਿਸ ਨੇ ਸ਼ਰਮ-ਹਯਾ ਦੀਆਂ



ਸਾਰੀਆਂ ਹੱਦਾਂ-ਬੰਨ੍ਹੇ ਪਾਰ ਕਰਦਿਆਂ ਉਸ ਦੇ ਮਾਪਿਆਂ ਦੀ ਗੈਰਹਾਜ਼ਰੀ ਵਿੱਚ ਰਾਤ ਸਮੇਂ ਹੀ ਉਸਦਾ ਅੰਤਮ ਸੰਸਕਾਰ ਕਰ ਦਿੱਤਾ। ਇਸ ਦੀ ਕਵਰੇਜ ਕਰਨ ਵਾਲੇ ਕੇਰਲ ਸੂਬੇ ਨਾਲ ਸਬੰਧ ਰੱਖਣ ਵਾਲੇ ਪੱਤਰਕਾਰ ਸਿੱਦੀਕੀ ਕੱਪਨ ਖਿਲਾਫ ਦੇਸ਼ ਧ੍ਰੋਹ ਦਾ ਮੁਕੱਦਮਾ ਦਰਜ ਕਰਕੇ ਉਸਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਕੈਦ ਕਰ ਦਿੱਤਾ ਅਤੇ ਉਸਨੂੰ ਲੰਬਾ ਸਮਾਂ ਯੂਏਪੀਏ ਵਰਗੇ ਜਾਬਰ ਕਾਲੇ ਕਾਨੂੰਨ ਤਹਿਤ ਲੰਮੇ ਸਮੇਂ ਲਈ ਜੇਲ੍ਹ ਦੀਆਂ ਸਲਾਖਾਂ ਪਿੱਛੇ ਕੈਦ ਰਹਿਣਾ ਪਿਆ ਸੀ। ਇਵੇਂ ਹੀ ਅੱਜ ਤੋਂ ਪੱਚੀ ਸਾਲ ਪਹਿਲਾਂ ਔਰਤਾਂ ਦੇ ਹੱਕ ਵਿੱਚ ਹਾਅ ਦਾ ਨਾਹਰਾ ਮਾਰਨ ਵਾਲੇ ਐਕਸ਼ਨ ਕਮੇਟੀ ਮਹਿਲਕਲਾਂ ਦੇ ਤਿੰਨ ਲੋਕ ਆਗੂਆਂ ਨਰਾਇਣ ਦੱਤ, ਮਨਜੀਤ ਧਨੇਰ ਅਤੇ ਪ੍ਰੇਮ ਕੁਮਾਰ ਨੂੰ ਝੂਠੇ ਪੁਲਿਸ ਕੇਸ ਵਿੱਚ ਉਮਰ ਕੈਦ ਵਰਗੀਆਂ ਸਜ਼ਾਵਾਂ ਦਾ ਸਾਹਮਣਾ ਕਰਨਾ ਪਿਆ।

ਔਰਤ ਵਰਗ ਖਿਲਾਫ ਅਪਰਾਧਾਂ ਵਿੱਚ ਬਲਾਤਕਾਰ, ਬਲਾਤਕਾਰ ਤੇ ਕਤਲ, ਦਹੇਜ, ਤੇਜ਼ਾਬੀ ਹਮਲੇ, ਖੁਦਕਸ਼ੀ ਲਈ ਉਕਸਾਉਣਾ, ਜਬਰੀ ਵਿਆਹ, ਮਨੁੱਖਾ ਤਸਕਰੀ, ਆਨਲਾਈਨ ਉਤਪੀੜਣ ਆਦਿ ਸ਼ਾਮਲ ਹਨ। ਏਡੀਆਰ ਵੱਲੋਂ ਹਾਸਲ ਕੀਤੇ ਗਏ ਅੰਕੜੇ ਧਿਆਨ ਦੀ ਮੰਗ ਕਰਦੇ ਹਨ- 2019 ਦੀਆਂ ਪਾਰਲੀਮੈਂਟ ਚੋਣਾਂ ਮੌਕੇ 763 ਪਾਰਲੀਮਾਨੀ ਮੈਂਬਰਾਂ ਵੱਲੋਂ ਦਿੱਤੇ ਗਏ ਵੇਰਵਿਆਂ ਅਨੁਸਾਰ 306 ਮੈਂਬਰਾਂ ਨੇ ਯਾਨੀ ਕਿ 40% ਮੈਂਬਰਾਂ ਨੇ ਆਪਣੇ ਖਿਲਾਫ ਦਰਜ ਹੋਏ ਮੁਕੱਦਮਿਆਂ ਬਾਰੇ ਜਾਣਕਾਰੀ ਦਿੱਤੀ ਹੈ। ਤਕਰੀਬਨ 194, ਯਾਨੀ ਕਿ 25% ਪਾਰਲੀਮਾਨੀ ਮੈਂਬਰਾਂ ਨੇ ਆਪਣੇ ਖਿਲਾਫ ਗੰਭੀਰ ਅਪਰਾਧਕ ਮਾਮਲੇ ਦਰਜ ਹੋਣ ਬਾਰੇ ਵੇਰਵਾ ਦਿੱਤਾ ਹੈ। ਕਤਲ, ਇਰਾਦਾ ਕਤਲ, ਅਗਵਾ, ਔਰਤਾਂ ਖਿਲਾਫ ਜੁਰਮ ਆਦਿ ਗ੍ਰਹਿ ਰਾਜ ਮੰਤਰੀ ਅਜੈ ਕੁਮਾਰ ਮਿਸ਼ਰਾ ਨੇ ਪਾਰਲੀਮੈਂਟ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ ਦੱਸਿਆ ਕਿ ਔਰਤਾਂ ਖਿਲਾਫ ਤਕਰੀਬਨ ਇੱਕ ਕਰੋੜ ਅਪਰਾਧਾਂ ਦੇ ਕੇਸ ਦਰਜ਼ ਹੋਏ। ਡਿਪਾਰਟਮੈਂਟ ਆਫ ਜਸਟਿਸ ਦੀ ਰਿਪੋਰਟ ਅਨੁਸਾਰ 5 ਸਾਲ ਪਹਿਲਾਂ ਸਿਆਸਤਦਾਨਾਂ ਖਿਲਾਫ ਦਰਜ ਮੁਕੱਦਮਿਆਂ ਦੇ ਨਿਪਟਾਰੇ ਲਈ 10 ਫਾਸਟ ਟਰੈਕ ਅਦਾਲਤਾਂ ਕਾਇਮ ਕੀਤੀਆਂ ਗਈਆਂ ਸਨ। ਪਰ ਇਹਨਾਂ ਵਿੱਚ ਸਿਰਫ 168 ਕੇਸ ਯਾਨੀ ਕਿ 6% ਕੇਸ ਹੀ ਨਿਪਟੇ, 2729 ਕੇਸ ਬਕਾਇਆ ਚੱਲ ਰਹੇ ਹਨ। ਮੱਧ ਪ੍ਰਦੇਸ਼, ਤਿਲੰਗਾਨਾ ਅਤੇ ਆਂਧਰਾ ਪ੍ਰਦੇਸ਼ ਅਜਿਹੇ ਰਾਜ ਸਨ, ਜਿੱਥੇ ਇੱਕ ਵੀ ਕੇਸ ਨਹੀਂ ਨਿਪਟਾਇਆ ਗਿਆ। ਦੇਸ਼ ਭਰ ਵਿੱਚ ਇਸ ਸਮੇਂ 2556 ਮਾਮਲੇ ਮੌਜੂਦਾ ਵਿਧਾਇਕਾਂ ਖਿਲਾਫ, 4442 ਮਾਮਲੇ ਮੌਜੂਦਾ ਅਤੇ ਸਾਬਕਾ ਵਿਧਾਇਕਾਂ ਖਿਲਾਫ ਕਤਲ, ਲੁੱਟਮਾਰ, ਅਗਵਾ, ਬਲਾਤਕਾਰ ਅਤੇ ਹੋਰ ਗੰਭੀਰ ਅਪਰਾਧਾਂ ਦੇ ਸਬੰਧ 'ਚ ਦਰਜ ਹਨ। ਇਹ ਵੀ ਕੋਈ ਛੋਟੀ ਗੱਲ ਨਹੀਂ ਹੈ ਕਿ ਕਿਰਤ ਸ਼ਕਤੀ ਵਿੱਚ ਭਾਰਤ ਅੰਦਰ ਔਰਤਾਂ ਦੀ ਭਾਗੀਦਾਰੀ ਬੰਗਲਾਦੇਸ਼ ਨਾਲੋਂ ਵੀ ਘੱਟ ਸਿਰਫ 20% ਹੀ ਹੈ। ਆਲਮੀ ਲਿੰਗ ਵਖਰੇਵਾਂ ਸੂਚਕ ਅੰਕ 'ਚ ਭਾਰਤ ਦਾ ਸਥਾਨ 146 ਮੁਲਕਾਂ ਵਿੱਚੋਂ 135 ਵੇਂ ਸਥਾਨ 'ਤੇ ਹੈ।

ਇਹਨਾਂ ਘਟਨਾਵਾਂ ਦੇ ਵਾਪਰਨ ਸਮੇਂ ਮੌਕੇ ਦੀਆਂ ਹਕੂਮਤਾਂ ਸਦਾ ਵਾਂਗ ਮੋਨ ਰਹੀਆਂ ਹਨ। ਔਰਤਾਂ ਉੱਪਰ ਹੁੰਦਾ ਜਬਰ ਇੱਕ ਸੰਸਥਾਗਤ ਜਬਰ ਦੀ ਸ਼੍ਰੇਣੀ ਵਾਲਾ ਜਬਰ ਹੈ। ਵੇਖਣ ਨੂੰ ਭਾਵੇਂ ਔਰਤਾਂ ਦੇ ਹੱਕ ਵਿੱਚ ਬਹੁਤ ਸਾਰੇ ਕਾਨੂੰਨ ਬਣਾਏ ਹੋਏ ਹਨ, ਪਰ ਹਕੀਕਤ ਇਹ ਹੈ ਕਿ ਢੇਰ ਸਾਰੇ ਕਾਨੂੰਨਾਂ ਦੇ ਬਣੇ ਹੋਣ ਦੇ ਬਾਵਜੂਦ ਵੀ ਔਰਤਾਂ ਉੱਪਰ ਜਬਰ ਦੀਆਂ ਘਟਨਾਵਾਂ ਵਧ ਰਹੀਆਂ ਹਨ। ਔਰਤਾਂ ਉੱਪਰ ਜਬਰ ਕਰਨ ਵਾਲੇ ਵਹਿਸ਼ੀ ਦਰਿੰਦਿਆਂ ਦੀ ਗਿਣਤੀ ਪਾਕ-ਪਵਿੱਤਰ ਕਹਾਉਂਦੀਆਂ ਸੂਬਿਆਂ ਦੀਆਂ ਵਿਧਾਨ ਸਭਾਵਾਂ ਅਤੇ ਪਾਰਲੀਮੈਂਟ ਅੰਦਰ ਵੀ ਵਧ ਰਹੀ ਹੈ।

ਸਮੇਂ ਦੇ ਹਾਕਮ ਬੇਸ਼ਰਮੀ ਭਰੇ ਢੰਗ ਨਾਲ ਖਾਮੋਸ਼ ਰਹਿਕੇ ਔਰਤਾਂ ਉੱਪਰ ਜਬਰ ਕਰਨ ਵਾਲਿਆਂ ਦੀ ਸਿੱਧੀ-ਅਸਿੱਧੀ ਪਿੱਠ ਪੂਰਦੇ ਰਹੇ ਹਨ। ਜਿਸ ਤੋਂ ਰਾਜ ਕਰਦੇ ਇਹਨਾਂ ਹਾਕਮਾਂ ਦੀ ਔਰਤ-ਵਿਰੋਧੀ ਮਾਨਸਿਕਤਾ ਦਾ ਪਤਾ ਲੱਗਦਾ ਹੈ। ਇਸ ਸਾਰੇ ਵਰਤਾਰੇ ਨੂੰ ਸਮਝਣ ਲਈ ਬੀਤੇ ਇਤਿਹਾਸ ਦੇ ਪੰਨਿਆਂ ਉੱਪਰ ਨਿਗਾਹ ਮਾਰਨਾ ਵੀ ਅਤਿ ਜਰੂਰੀ ਹੈ। ਅਲੱਗ-ਅਲੱਗ ਸਮਿਆਂ 'ਚ ਔਰਤ ਵਿਰੋਧੀ ਮਾਨਸਕਤਾ ਆਪਣੀ ਸਿਰੀ ਚੁੱਕਦੀ ਰਹੀ ਹੈ। ਐਥੇ ਕੁੱਝ ਕੁ ਮਸ਼ਹੂਰ ਕਥਨ ਹੀ ਦਰਜ ਕੀਤੇ ਹਨ, ਨਹੀਂ ਤਾਂ ਅਜਿਹੇ ਕਥਨਾਂ ਨੂੰ ਇਕੱਤਰ ਕਰਿਆਂ ਗ੍ਰੰਥਾਂ ਦੇ ਗ੍ਰੰਥ ਲਿਖੇ ਜਾ ਸਕਦੇ ਹਨ-

'ਢੋਰ ਗੰਵਾਰ ਸ਼ੂਦਰ ਪਸ਼ੂ ਨਾਰੀ, ਯੇਹ ਸਭ ਤਾੜਨ ਕੇ ਅਧਿਕਾਰੀ।' (ਤੁਲਸੀ ਦਾਸ)

ਭੱਠ ਰੰਨਾਂ ਦੀ ਦੋਸਤੀ ਖੁਰੀਂ ਜਿੰਨ੍ਹਾਂ ਦੀ ਮੱਤ, ਹੱਸ-ਹੱਸ ਲਾਵਣ ਯਾਰੀਆਂ, ਰੋ-ਰੋ ਦੇਵਣ ਦੱਸ।(ਪੀਲੂ)

ਵਾਰਿਸ ਫਕੀਰ ਰੰਨ ਤਲਵਾਰ ਘੋੜਾ, ਚਾਰੇ ਲੋਕ ਇਹ ਕਿਸੇ ਦੇ ਯਾਰ ਨਾਹੀਂ। (ਵਾਰਿਸ ਸ਼ਾਹ)

ਸੰਸਾਰ ਦੇ ਜਿਹੜੇ ਸਮਾਜ ਵਿੱਚ ਔਰਤ ਨੂੰ ਅਜਿਹੇ 'ਮਹਾਨ' ਵਿਚਾਰਾਂ ਨਾਲ ਸਨਮਾਨਤ ਕੀਤਾ ਗਿਆ ਹੋਵੇ, ਉਥੇ ਔਰਤ ਦੀ ਸਮਾਜਕ ਬਰਾਬਰੀ ਜਾਂ ਮੁਕਤੀ ਦੀ ਗੱਲ ਕਰਨਾ ਕਿੰਨਾ ਅਜੀਬ ਅਤੇ ਹਾਸੋਹੀਣਾ ਲਗਦਾ ਹੈ।

ਔਰਤਾਂ ਖਿਲਾਫ ਜਬਰ ਦੇ ਮਾਮਲਿਆਂ 'ਚ ਅਜੋਕੇ ਦੌਰ ਦਾ ਇੱਕ ਅਹਿਮ ਅਤੇ ਹਾਂਦਰੂ ਪੱਖ ਇਹ ਹੈ ਕਿ ਜਬਰ ਅਤੇ ਟਾਕਰੇ ਦੀ ਲਹਿਰ ਰਾਹੀਂ ਠੀਕ ਦਿਸ਼ਾ ਵੱਲ ਮੋੜਾ ਕੱਟਦਿਆਂ ਢਾਂਚਾਗਤ ਜਬਰ ਤਸ਼ੱਦਦ ਦੇ ਇਸ ਦੌਰ ਵਿੱਚ ਔਰਤਾਂ ਅੰਦਰ ਵੀ ਚੇਤਨਾ ਦਾ ਸੰਚਾਰ ਹੋਇਆ ਹੈ। ਉਹਨਾਂ ਨੇ ਘੋਲਾਂ ਦੇ ਵਿਗਿਆਨ ਨੂੰ ਸਮਝ ਲਿਆ ਹੈ। ਕਾਲਜਾਂ, ਯੂਨੀਵਰਸਿਟੀਆਂ, ਕਿਸਾਨਾਂ-ਮਜ਼ਦੂਰਾਂ ਅਤੇ ਘਰੇਲੂ ਔਰਤਾਂ ਨੂੰ ਸਮਾਜਿਕ ਸੋਝੀ ਹਾਸਲ ਹੋਣ ਕਰਕੇ ਇਸ ਵਰਗ ਨੇ ਸੰਘਰਸ਼ਾਂ ਦਾ ਪਿੜ੍ਹ ਮੱਲਣਾ ਸ਼ੁਰੂ ਕੀਤਾ ਹੈ। ਦਹਾਕਿਆਂ ਬੱਧੀ ਸਮੇਂ ਤੋਂ ਮਹਿਲਕਲਾਂ ਜਿਹੇ ਸਾਂਝੇ ਲੋਕ ਘੋਲ ਰਾਹੀਂ ਹਾਸਲ ਹੋਈ ਚੇਤਨਾ ਰਾਹੀਂ ਸਮਾਜਕ ਜਬਰ ਸਮੇਤ ਕਿਸਾਨ-ਮਜਦੂਰ ਘੋਲਾਂ ਅੰਦਰ ਗਿਣਨਯੋਗ ਭੂਮਿਕਾ ਵੇਖੀ ਜਾ ਸਕਦੀ ਹੈ। ਕਾਲਜਾਂ, ਯੂਨੀਵਰਸਿਟੀਆਂ ਅੰਦਰ ਪਿੰਜਰਾ-ਤੋੜ੍ਹ ਮੁਹਿੰਮ, ਨਾਗਰਿਕਤਾ ਸੋਧ ਕਾਨੂੰਨ ਖਿਲਾਫ ਸ਼ਾਹੀਨਬਾਗ ਅਤੇ ਉਸ ਤੋਂ ਬਾਅਦ ਇਤਿਹਾਸਕ ਕਿਸਾਨ ਘੋਲ ਦੌਰਾਨ ਨਿਭਾਈ ਸ਼ਾਨਾਮੱਤੀ ਭੂਮਿਕਾ ਆਪਣੇ ਆਪ ਵਿੱਚ ਇੱਕ ਮਿਸਾਲ ਹੈ।

ਔਰਤਾਂ ਬਾਰੇ ਮਹਾਨ ਚਿੰਤਕ ਕਾਰਲ ਮਾਰਕਸ ਨੇ ਕਿਹਾ ਸੀ, 'ਕੋਈ ਵੀ ਮਹਾਨ ਸਮਾਜਕ ਤਬਦੀਲੀ ਔਰਤਾਂ ਦੀ ਸ਼ਮੂਲੀਅਤ ਤੋਂ ਬਿਨਾ ਸੰਭਵ ਨਹੀਂ। ਔਰਤ ਜਾਤੀ ਦਾ ਸਾਡੇ ਸਮਾਜ ਵਿੱਚ ਗੁਲਾਮ ਹੋਣ ਦਾ ਅਰਥ ਹੈ ਕਿ ਸਾਡੇ ਸਮਾਜ ਦਾ ਅੱਧਾ ਹਿੱਸਾ ਗ਼ੁਲਾਮ ਹੈ। ਕਿਸੇ ਵੀ ਸਮਾਜਕ ਕਰਾਂਤੀ ਦੇ ਮਹਾਨ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਜਿੱਥੇ ਇਨਕਲਾਬੀ ਮਰਦਾਂ ਦੀ ਲੋੜ ਹੁੰਦੀ ਹੈ, ਉਥੇ ਚੇਤੰਨ ਤੇ ਜਾਗਦੀਆਂ ਔਰਤਾਂ ਦੀ ਲੋੜ ਵੀ ਬਰਾਬਰ ਦੀ ਹੀ ਹੈ। ਪਰ ਸਮਾਜਕ ਤਬਦੀਲੀ ਦੇ ਸੰਘਰਸ਼ ਵਿੱਚ ਸ਼ਾਮਲ ਹੋਣ ਲਈ ਔਰਤ ਨੂੰ ਸਮਾਜਵਾਦੀ ਸਿਧਾਂਤ ਦੀ ਸਮਝ ਨਾਲ ਲੈਸ ਹੋਣਾ ਪੈਣਾ ਹੈ ਕਿਉਂਕਿ ਸੰਸਾਰ ਵਿੱਚ ਸਮਾਜਵਾਦ ਹੀ ਇੱਕ ਐਸੀ ਵਿਚਾਰਧਾਰਾ ਹੈ ਜੋ ਕਿ ਔਰਤ ਅਤੇ ਮਰਦ ਨੂੰ ਬੁਨਿਆਦੀ ਤੌਰ 'ਤੇ ਬਰਾਬਰ ਸਮਝਦੀ ਹੈ।'

ਇਸ ਲਈ ਔਰਤ ਦੀ ਮੁਕੰਮਲ ਮੁਕਤੀ ਦੇ ਕਾਰਜ ਨੂੰ ਮੁਖਾਤਬ ਹੁੰਦਿਆਂ ਸਮਾਜਕ ਜਬਰ ਦੇ ਇਹਨਾਂ ਘੋਲਾਂ ਨੂੰ ਲੁੱਟ, ਜਬਰ ਅਤੇ ਦਾਬੇ ਦੀ ਅਸਲ ਜੜ੍ਹ- ਲੁਟੇਰੇ ਅਤੇ ਜਾਬਰ ਪ੍ਰਬੰਧ ਨੂੰ ਤਬਦੀਲ ਕਰਕੇ ਨਵਾਂ ਸਮਾਜ ਸਿਰਜਣ ਵੱਲ ਸੇਧਤ ਕਰਨ ਦੀ ਲੋੜ ਹੈ।

Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom
ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ
ਟਾਇਲਾਂ, ਮਾਰਬਲ ਲਗਵਾਉਣ ਅਤੇ
ਤਸੱਲੀਬਖਸ਼ ਕੰਮ ਕਰਵਾਉਣ
ਲਈ ਸੰਪਰਕ ਕਰੋ

Harmanjot Dhudike
403-975-0006
Sharmanjot22@gmail.com



### ਸੁਰੰਗ ਅੰਦਰ ਜ਼ਿੰਦਗੀ

# ਘੁੱਪ ਹਨੇਰੇ 'ਚ ਨਾ ਫ਼ੋਨ, ਨਾ ਟਿਫ਼ਨ ਅਤੇ ਘੰਟਿਆਂ ਤੱਕ ਦੁਨੀਆ ਤੋਂ ਦੂਰ

**ਰਵੀ ਪ੍ਰਕਾਸ਼**

ਘੁੱਪ ਹਨੇਰਾ, ਟੌਰਚ ਦੀ ਰੌਸ਼ਨੀ ਵਿੱਚ ਕੰਮ। ਮੱਥੇ ਉੱਤ ਖ਼ਾਸ ਹੈਲਮੇਟ ਅਤੇ ਉਸ ਦੇ ਅਗਲੇ ਹਿੱਸੇ ਵਿੱਚ ਚਲਦੀ ਟੌਰਚ। ਲੱਕ ਵਿੱਚ ਬੰਨ੍ਹੀ ਬੈਲਟ ਵਿੱਚ ਟੰਗੀ ਬੈਟਰੀ। ਉਸ ਬੈਟਰੀ ਨਾਲ ਤਾਰ ਸਹਾਰੇ ਜੁੜੀ ਟੌਰਚ ਜੇ ਬੰਦ ਹੋ ਜਾਵੇ ਤਾਂ ਖ਼ੁਦ ਦਾ ਹੱਥ ਵੀ ਨਾ ਦਿਖੇ।

ਆਪਣੇ ਕੰਮ ਦੀ ਥਾਂ ਤੋਂ ਦੂਜੀ ਥਾਂ ਜਾਣ ਦੀ ਮਨਾਹੀ। ਧਰਤੀ ਅੰਦਰ ਕੰਮ ਕਰਨ ਵਾਲੀ ਥਾਂ (ਖਾਨ ਜਾਂ ਸੁਰੰਗ) ਵਿੱਚ ਪਖਾਨੇ ਦਾ ਇੰਤਜ਼ਾਮ ਨਾ ਹੋਣਾ। ਫ਼ੋਨ ਲਿਜਾਣ ਦੀ ਮਨਾਹੀ, ਖਾਣੇ ਦਾ ਟਿਫ਼ ?ਨ ਵੀ ਨਹੀਂ। ਆਮ ਤੌਰ ਉੱਤੇ 2 ਲੀਟਰ ਦੀ ਪਾਣੀ ਦੀ ਬੋਤਲ ਤੇ ਕੰਮ ਦੇ ਅੱਠ ਘੰਟੇ ਤੱਕ ਬਾਹਰ ਦੀ ਦੁਨੀਆ ਨਾਲ ਕੋਈ ਸੰਪਰਕ ਨਹੀਂ।

ਅਜਿਹੀ ਹੁੰਦੀ ਹੈ ਧਰਤੀ ਦੇ ਸਤਿਹ ਤੋਂ ਕਈ ਮੀਟਰ ਅੰਦਰ ਡੂੰਘੀ ਖਾਨ ਜਾਂ ਸੁਰੰਗ ਵਿੱਚ ਕੰਮ ਕਰਨ ਵਾਲੇ ਕਿਸੇ ਮਜ਼ਦੂਰ (ਮਾਇਨਰ) ਦੀ ਜ਼ਿੰਦਗੀ।

ਉੱਤਰਕਾਸ਼ੀ ਵਿੱਚ ਹੋਏ ਸੁਰੰਗ ਹਾਦਸੇ ਤੋਂ ਬਾਅਦ ਧਰਤੀ ਅੰਦਰ ਕੰਮ ਕਰਨ ਵਾਲੇ ਅਜਿਹੇ ਹੀ ਕੁਝ ਲੋਕਾਂ ਨਾਲ ਬੀਬੀਸੀ ਨੇ ਗੱਲਬਾਤ ਕੀਤੀ, ਤਾਂ ਜੋ ਇਹ ਸਮਝ ਸਕੀਏ ਕਿ ਖਾਨ ਜਾਂ ਸੁਰੰਗ ਅੰਦਰ ਲੋਕ ਕਿਹੜੇ ਹਾਲਾਤ ਵਿੱਚ ਆਪਣਾ ਕੰਮ ਕਰਦੇ ਹਨ। ਉਸ ਵੇਲੇ ਉਨ੍ਹਾਂ ਨੂੰ ਕਿਹੜੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਗੱਲਬਾਤ ਲਈ ਅਸੀਂ ਕੁਝ ਅਜਿਹੇ ਹੀ ਲੋਕਾਂ ਨੂੰ ਚੁਣਿਆ, ਜਿੰਨ੍ਹਾ ਨੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ (ਔਸਤਨ 25 ਸਾਲ) ਧਰਤੀ ਅੰਦਰ ਖਾਨ ਵਿੱਚ ਕੰਮ ਕਰਦਿਆਂ ਗੁਜ਼ਾਰਿਆ ਹੈ।

ਹਾਲਾਂਕਿ ਹੁਣ ਉਹ ਲੰਘੇ ਕੁਝ ਸਾਲਾਂ ਤੋਂ ਓਪਨ ਕਾਸਟ ਮਾਈਨਜ਼ (ਖੁਲ੍ਹੀ ਖਾਨ) ਵਿੱਚ ਕੰਮ ਕਰਨ ਲੱਗੇ ਹਨ।

ਦੇਸ਼ ਦੇ ਕੋਲ ਕੈਪਿਟਲ ਕਹੇ ਜਾਂਦੇ ਧਨਬਾਦ ਦੇ ਚਰਚਿਤ ਝਰੀਆ ਦੀ ਇੱਕ ਕੋਲੇ ਦੀ ਖਾਨ ਵਿੱਚ ਕੰਮ ਕਰਨ ਵਾਲੇ ਪੋਖਨ ਸਾਵ ਅਜਿਹੇ ਹੀ ਸ਼ਖ਼ਸ ਹਨ।

49 ਸਾਲ ਦੇ ਪੋਖਨ ਸਾਵ ਹੁਣ ਸੀਨੀਅਰ ਓਵਰਮੈਨ ਹਨ। ਮਹਿਜ਼ 21 ਸਾਲ ਦੀ ਉਮਰ 'ਚ ਸਾਲ 1995 ਵਿੱਚ ਇਨ੍ਹਾਂ ਨੇ ਮਾਈਨਿੰਗ ਵਰਕਰ (ਖਾਨ ਮਜ਼ਦੂਰ) ਦੇ ਤੌਰ ਉੱਤੇ ਕੰਮ ਕਰਨਾ ਸ਼ੁਰੂ ਕੀਤਾ। ਹੁਣ ਉਹ ਰੈਸਕਿਊ ਟੀਮ ਨੂੰ ਵੀ ਲੀਡ ਕਰਦੇ ਹਨ।

ਜਦੋਂ ਪਹਿਲੀ ਵਾਰ ਖਾਨ ਅੰਦਰ ਗਏ...

ਪੋਖਨ ਸਾਵ ਜਦੋਂ ਖਾਨ ਅੰਦਰ ਪਹਿਲੀ ਵਾਰ ਗਏ ਤਾਂ ਨਾਲ ਤਜਰਬੇਕਾਰ ਸਾਥੀਆਂ ਦੇ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਡਰ ਲੱਗਿਆ। ਇਹ ਸੋਚ ਕੇ ਘਬਰਾਉਂਦੇ ਰਹੇ ਕਿ ਅੰਦਰ ਕੋਈ ਅਨਹੋਨੀ ਹੋ ਗਈ ਤਾਂ ਕੀ ਹੋਵੇਗਾ।

ਸ਼ੁਰੂਆਤੀ ਦਿਨਾਂ ਵਿੱਚ ਖਾਨ 'ਚ ਕਿਸ ਰਸਤੇ ਤੋਂ ਗਏ ਅਤੇ ਬਾਹਰ ਕਿਵੇਂ ਨਿਕਲੇ, ਇਹ ਤਾਂ ਪਤਾ ਨਹੀਂ ਚਲਦਾ ਸੀ ਪਰ ਹੌਲੀ-ਹੌਲੀ ਇਸ ਬਾਰੇ ਪਤਾ ਲੱਗਿਆ।

ਉਨ੍ਹਾਂ ਨੇ ਬੀਬੀਸੀ ਨੂੰ ਕਿਹਾ, "ਖਾਨ ਵਿੱਚ ਜਾਣ ਤੋਂ ਪਹਿਲਾਂ ਵੋਕੇਸ਼ਨਲ ਟਰੇਨਿੰਗ ਸੈਂਟਰ (ਵੀਟੀਸੀ) ਵਿੱਚ ਪੂਰੀ ਟਰੇਨਿੰਗ ਦਿੱਤੀ ਗਈ ਸੀ। ਇਹ ਦੱਸਿਆ ਗਿਆ ਸੀ ਕਿ ਅੰਦਰ ਕੀ-ਕੀ ਹੁੰਦਾ ਹੈ। ਕਿਵੇਂ ਕੰਮ ਕਰਨਾ ਹੈ, ਕਿਵੇਂ ਸੰਚਾਰ ਹੋਵੇਗਾ ਜਾਂ ਫ਼ ?ਰ ਐਮਰਜੈਂਸੀ ਹਾਲਾਤ ਵਿੱਚ ਕਿਵੇਂ ਰਹਿਣਾ ਹੈ। ਸਾਨੂੰ ਇੱਕ ਡਮੀ (ਆਰਜ਼ੀ) ਖਾਨ ਅੰਦਰ ਪ੍ਰੈਕਟਿਸ ਵੀ ਕਰਵਾਈ ਗਈ ਸੀ। ਇਸ ਦੇ ਬਾਵਜੂਦ ਮੈਨੂੰ ਡਰ ਲੱਗ ਰਿਹਾ ਸੀ। ਪਹਿਲੇ ਦਿਨ ਮੈਂ ਸਿਰਫ਼ 2-3 ਘੰਟੇ ਹੀ ਖਾਨ ਅੰਦਰ ਰਿਹਾ। ਫ਼ਿਰ ਹੌਲੀ-ਹੌਲੀ ਆਦਤ ਬਣ ਗਈ ਤਾਂ ਡਰ ਲੱਗਣਾ ਬੰਦਾ ਹੋ ਗਿਆ।"

ਝਾਰਖੰਡ ਦੇ ਪਾਰਸਨਾਥ ਦੇ ਰਹਿਣ ਵਾਲੇ ਪੋਖਨ ਸਾਵ ਨੇ ਦੱਸਿਆ ਕਿ ਖਾਨ ਅੰਦਰ ਜਾਣ ਤੋਂ ਪਹਿਲਾਂ ਮਾਈਨਿੰਗ ਯੂਨੀਫਾਰਮ ਪਹਿਨੀ ਜਾਂਦੀ ਹੈ। ਵਿਸ਼ੇਸ਼ ਤਰ੍ਹਾਂ ਦੇ ਜੁੱਤੇ, ਜ਼ਰੂਰੀ ਮਸ਼ੀਨਾਂ ਅਤੇ ਲੱਕ ਉੱਤੇ ਬੈਲਟ ਲਗਾਉਣੀ ਹੁੰਦੀ ਹੈ।

"ਇਸ ਵਿੱਚ ਬੈਟਰੀ ਲੱਗੀ ਹੁੰਦੀ ਹੈ, ਪਹਿਲਾਂ ਇਸ ਦਾ ਭਾਰ 5 ਕਿੱਲੋ ਹੁੰਦਾ ਸੀ। ਹੁਣ ਇਹ ਬੈਟਰੀ 250 ਗ੍ਰਾਮ ਦੀ ਹੁੰਦੀ ਹੈ। ਇਸ ਨੂੰ ਪਤਲੀ ਤਾਰ ਰਾਹੀਂ ਸਾਡੀ ਕੈਪ ਲਾਈਟ (ਹੈਲਮੇਟ ਦੇ ਅਗਲੇ ਹਿੱਸੇ ਵਿੱਚ ਲੱਗੀ ਟੌਰਚ) ਨਾਲ ਜੋੜਿਆ ਜਾਂਦਾ ਹੈ। ਉਸੇ ਕੈਪ ਲਾਈਟ ਦੀ ਰੌਸ਼ਨੀ ਨਾਲ ਅਸੀਂ ਕੰਮ ਕਰਦੇ ਹਾਂ। ਹਾਲਾਂਕਿ, ਖਾਨ ਵਿੱਚ ਥਾਂ-ਥਾਂ ਰੌਸ਼ਨੀ ਦਾ ਵੀ ਇੰਤਜ਼ਾਮ ਹੁੰਦਾ ਹੈ ਪਰ ਸਾਡਾ ਕੰਮ ਸਾਡੀ ਕੈਪ ਲਾਈਟ ਨਾਲ ਹੀ ਹੁੰਦਾ ਹੈ।"

**ਖਾਣ-ਪੀਣ ਦਾ ਇੰਤਜ਼ਾਮ**

ਪੋਖਨ ਸਾਵ ਨੇ ਕਿਹਾ, "ਅਸੀਂ ਆਪਣੇ ਨਾਲ ਪਾਣੀ ਦੀ ਬੋਤਲ ਵੀ ਰੱਖਦੇ ਹਾਂ। ਨਿਯਮਾਂ ਮੁਤਾਬਕ (ਮਾਈਨਜ਼ ਰੂਲਜ਼ ਐਂਡ ਰੈਗੁਲੇਸ਼ਨ) ਪੀਣ ਦੇ ਪਾਣੀ ਦੀ ਸਪਲਾਈ ਪਾਈਪਲਾਈਨ ਰਾਹੀਂ ਹੋਣੀ ਚਾਹੀਦੀ ਹੈ ਪਰ ਅਜਿਹਾ ਨਹੀਂ ਹੁੰਦਾ, ਇਸ ਲਈ ਅਸੀਂ ਆਪਣੀ ਪਾਣੀ ਦੀ ਬੋਤਲ ਨਾਲ ਲੈ ਕੇ ਜਾਂਦੇ ਹਾਂ। ਖਾਣੇ ਦਾ ਟਿਫਿਨ ਲੈ ਕੇ ਜਾਣ ਦਾ ਰੁਝਾਨ ਨਹੀਂ ਹੈ।"

"ਪਹਿਲਾਂ ਕੁਝ ਖਾਨਾਂ ਵਿੱਚ ਕੰਨਟੀਨ ਵੀ ਹੁੰਦੀ ਸੀ ਪਰ ਹੁਣ ਅਜਿਹਾ ਨਹੀਂ ਹੈ। ਹੁਣ ਜ਼ਿਆਦਾਤਰ ਓਪਨ ਕਾਸਟ ਮਾਈਨਜ਼ ਹਨ। ਜੋ ਅੰਡਰ ਮਾਈਨਜ਼ ਹਨ, ਉਨ੍ਹਾਂ ਵਿੱਚ ਵੀ ਕੰਨਟੀਨ ਨਹੀਂ ਹੈ। ਲਿਹਾਜ਼ਾ, ਖਾਨ ਮਜ਼ਦੂਰ ਡਿਊਟੀ ਉੱਤੇ ਆਉਣ ਤੋਂ ਪਹਿਲਾਂ ਘਰ ਹੀ ਖਾ ਲੈਂਦੇ ਹਨ। ਸਾਡੀ ਅੱਠ ਘੰਟੇ ਦੀ ਸ਼ਿਫ਼ਟ ਹੁੰਦੀ ਹੈ ਤੇ ਇਸ ਦੌਰਾਨ ਭੁੱਖ ਨਹੀਂ ਲੱਗਦੀ। ਸ਼ਿਫ਼ਟ ਤੋਂ ਬਾਅਦ ਖਾਨ ਤੋਂ ਬਾਹਰ ਸਾਫ਼-ਸਫ਼ਾਈ ਅਤੇ ਕਾਗਜ਼ੀ ਕੰਮ ਕਰਨੇ ਹੁੰਦੇ ਹਨ। ਉਸ ਤੋਂ ਬਾਅਦ ਅਸੀਂ ਘਰ ਪਰਤ ਕੇ ਹੀ ਖਾਣ ਖਾ ਪਾਂਦੇ ਹਾਂ।"

**ਆਕਸੀਜਨ ਦੀ ਸਪਲਾਈ**

**ਸੁਰੰਗ**

ਉਨ੍ਹਾਂ ਨੇ ਬੀਬੀਸੀ ਨੂੰ ਕਿਹਾ, "ਖਾਨ ਵਿੱਚ ਆਕਸੀਜਨ ਦੀ ਸਪਲਾਈ ਲਈ 2 ਰਾਸਤੇ ਹੁੰਦੇ ਹਨ। ਪੱਖਿਆਂ ਰਾਹੀਂ ਸਾਧਾਰਨ ਹਵਾ ਖਾਨ ਅੰਦਰ ਭੇਜੀ ਜਾਂਦੀ ਹੈ, ਜੋ ਦੂਜੇ ਰਾਸਤੇ ਤੋਂ ਬਾਹਰ ਨਿਕਲਦੀ ਹੈ। ਪੂਰੇ ਤਰੀਕੇ ਨਾਲ ਵੈਂਟੀਲੇਸ਼ਨ ਹੁੰਦੀ ਹੈ ਇਸ ਲਈ ਸਾਹ ਲੈਣ ਲਈ ਕਦੇ ਆਕਸੀਜਨ ਦੀ ਦਿੱਕਤ ਮਹਿਸੂਸ ਨਹੀਂ ਹੁੰਦੀ। ਆਕਸੀਜਨ ਦਾ ਲੈਵਲ 90 ਫੀਸਦੀ ਤੋਂ ਘੱਟ ਨਹੀਂ ਹੁੰਦਾ।"

"ਸਾਨੂੰ ਸੈਲਫ਼ ਰੈਸਕਿਊਰ ਵੀ ਦਿੱਤਾ ਜਾਂਦਾ ਹੈ। ਉਸ ਦਾ ਭਾਰ ਡੇਢ ਕਿੱਲੋ ਦਾ ਹੁੰਦਾ ਹੈ ਤਾਂ ਕਈ ਵਾਰ ਮਜ਼ਦੂਰ ਉਸ ਨੂੰ ਲੈ ਕੇ ਵੀ



ਨਹੀਂ ਜਾਂਦੇ ਹਨ। ਇਹ ਵੱਡੀ ਲਾਪਰਵਾਹੀ ਹੈ, ਇਸ ਦੇ ਬਾਵਜੂਦ ਕਦੇ ਆਕਸੀਜਨ ਦੀ ਦਿੱਕਤ ਨਹੀਂ ਹੁੰਦੀ। ਮੈਂ ਆਪਣੀ 28 ਸਾਲ ਦੀ ਨੌਕਰੀ ਵਿੱਚ ਕਦੇ ਆਕਸੀਜਨ ਦੀ ਘਾਟ ਮਹਿਸੂਸ ਨਹੀਂ ਕੀਤੀ।"

ਕਈ ਵਾਰ ਲੋਕ ਖਾਨ ਅੰਦਰ ਪੌੜੀਆਂ ਤੋਂ ਪੈਦਲ ਚੱਲ ਕੇ ਜਾਂਦੇ ਹਨ। ਪਰ ਖਾਨ ਡੂੰਘੀ ਹੋਣ 'ਤੇ ਮਜ਼ਦੂਰਾਂ ਨੂੰ ਲਿਫ਼ਟ (ਪੀਟ) ਰਾਹੀਂ ਵੀ ਲਿਜਾਇਆ ਜਾਂਦਾ ਹੈ। ਇਸ ਨੂੰ ਚਾਨਕ ਵੀ ਕਹਿੰਦੇ ਹਨ।

ਖਾਨ ਜਾਂ ਸੁਰੰਗ ਅੰਦਰ ਕੰਮ ਕਰਨ ਵਾਲਿਆਂ ਲਈ ਇਹ ਆਮ ਗੱਲਾਂ ਹਨ ਜੋ ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਵਿੱਚ ਸ਼ਾਮਲ ਹਨ।

ਧਰਤੀ ਅੰਦਰ ਕੰਮ ਕਰਨ ਦੇ ਖ਼ਤਰੇ

ਸਾਲ 2016 ਵਿੱਚ ਝਾਰਖੰਡ ਦੇ ਗੋਡਾ ਜ਼ਿਲ੍ਹੇ ਵਿੱਚ ਈਸੀਐੱਲ ਦੀ ਇੱਕ ਖਾਨ ਵਿੱਚ ਮਿੱਟੀ ਧਸਣ ਕਾਰਨ ਦੋ ਦਰਜਨ ਤੋਂ ਵੱਧ ਗੱਡੀਆਂ ਦੱਬ ਗਈਆਂ ਸਨ।

ਧਰਤੀ ਦੀ ਸਤਿਹ ਤੋਂ ਕਈ 100 ਮੀਟਰ ਅੰਦਰ ਕਈ ਮੀਟਰ ਡੂੰਘੀ ਖਾਨ ਦੀਆਂ ਸੁਰੰਗਾਂ ਵਿੱਚ ਕੰਮ ਕਰਨ ਦੇ ਖ਼ਤਰੇ ਵੀ ਹਨ। ਇਹ ਕੁਦਰਤ ਦੇ ਵਿਰੁੱਦ ਕੰਮ ਹੈ, ਇਸ ਲਈ ਇਸ ਦੀ ਆਪਣੀਆਂ ਚੁਣੌਤੀਆਂ ਅਤੇ ਖ਼ਤਰੇ ਹਨ।

ਸਾਲ 1993 ਵਿੱਚ ਬਿਹਾਰ ਦੇ ਸੁਗੌਲੀ ਤੋਂ ਝਾਰਖੰਡ ਵਿੱਚ ਆ ਕੇ ਮਜ਼ਦੂਰ ਦੇ ਤੌਰ ਉੱਤੇ ਨੌਕਰੀ ਸ਼ੁਰੂ ਕਰਨ ਵਾਲੇ ਤੇ ਹੁਣ ਕਲਰਕ ਚੰਦੇਸ਼ਵਰ ਕੁਮਾਰ ਸਿੰਘ ਨੇ ਬੀਬੀਸੀ ਨਾਲ ਗੱਲਬਾਤ ਦੌਰਾਨ ਕਿਹਾ ਕਿ ਕਿਸੇ ਵੀ ਸੁਰੰਗ ਜਾਂ ਖਾਨ ਵਿੱਚ ਜਾਣ ਦਾ ਮਤਲਬ ਹੀ ਹੈ ਕਿ ਤੁਸੀਂ ਬਾਹਰੀ ਦੁਨੀਆ ਤੋਂ ਕੱਟ ਚੁੱਕੇ ਹੋ।

"ਤੁਹਾਡੇ ਕੋਲ ਕੋਈ ਫ਼ੋਨ ਨਹੀਂ ਹੈ ਅਤੇ ਨਾ ਹੀ ਖਾਣੇ ਦਾ ਇੰਤਜ਼ਾਮ। ਤੁਸੀਂ ਆਪਣੀ ਵਿਵਸਥਾ ਸਿਰਫ਼ ਅੱਠ ਘੰਟੇ ਦੀ ਸ਼ਿਫ਼ਟ ਮੁਤਾਬਕ ਹੀ ਰੱਖਦੇ ਹੋ। ਸਭ ਤੋਂ ਵੱਡਾ ਰਿਸਕ ਤਾਂ ਇਹੀ ਹੈ।"

ਉੱਤਰਕਾਸ਼ੀ ਸੁਰੰਗ ਹਾਦਸੇ ਵਿੱਚ ਫਸੇ ਮਜ਼ਦੂਰਾਂ ਦਾ ਉਦਾਹਰਣ ਦਿੰਦੇ ਹੋਏ ਉਹ ਕਹਿੰਦੇ ਹਨ, "ਉਨ੍ਹਾਂ ਮਜ਼ਦੂਰਾਂ ਦੇ ਕੋਲ ਸਿਰਫ਼ ਆਪਣੀ ਸ਼ਿਫ਼ਟ ਦਾ ਇੰਤਜ਼ਾਮ ਰਿਹਾ ਹੋਵੇਗਾ। ਅਜਿਹੇ ਵਿੱਚ ਜੇ ਉਨ੍ਹਾਂ ਨੂੰ ਖਾਣਾ-ਪਾਣੀ ਨਹੀਂ ਪਹੁੰਚਾਇਆ ਜਾਂਦਾ, ਤਾਂ ਕੋਈ ਕਿੰਨੇ ਦਿਨ ਤੱਕ ਰਹਿ ਸਕੇਗਾ।"

ਚੰਦੇਸ਼ਵਰ ਨੇ ਕਿਹਾ, "ਕੋਲੇ ਦੀ ਖਾਨ ਵਿੱਚ ਕੰਮ ਕਰਨਾ ਤਾਂ ਹੋਰ ਵੀ ਵੱਡਾ ਜੋਖ਼ਮ ਹੈ। ਉੱਥੋਂ ਮਿਥੇਨ ਗੈਸ ਨਿਕਲਦੀ ਹੈ, ਜੋ ਕਿ ਜਵਲਨਸ਼ੀਲ ਹੈ, ਖ਼ਤਰਾ ਪੈਦਾ ਕਰ ਸਕਦੀ ਹੈ। ਜੇ ਅੱਗ ਲੱਗੀ ਤਾਂ ਵਿਸਫ਼ੋਟ ਵੀ ਹੋ ਸਕਦਾ ਹੈ। ਧਰਤੀ ਅੰਦਰ ਦਾ ਤਾਪਮਾਨ ਵੀ ਸਤਿਹ ਦੇ ਮੁਕਾਬਲੇ ਜ਼ਿਆਦਾ ਹੁੰਦਾ ਹੈ। ਇਸ ਲਈ ਧਰਤੀ ਅੰਦਰ ਦਾ ਕੰਮ ਅਜਿਹੇ ਹਾਲਾਤ ਵਿੱਚ ਕੀਤਾ ਜਾਣ ਵਾਲਾ ਜੋਖ਼ਮ ਭਰਿਆ ਕੰਮ ਹੈ।"

(ਬਾਕੀ ਸਫ਼ਾ 29 'ਤੇ)










# .ਗਦਰੀ ਸ਼ਹੀਦਾਂ ਦੀ ਯਾਦ ਨਾਟਕ 'ਅੱਲੜ ਉਮਰਾਂ ਘੁੱਪ ਹਨੇਰੇ' ਪੇਸ਼ ਕੀਤਾ ਗਿਆ

## ਸ਼ਹੀਦਾਂ ਦੇ ਸੁਪਨੇ ਅਧੂਰੇ ਨੇ, ਇਸ ਦੇਸ਼ ਨੂੰ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਬਣਾਉਣ ਦੇ ਯਤਨ ਕਰਨ ਦੀ ਲੋੜ : ਮਾ. ਭਜਨ ਸਿੰਘ









ਮੰਡੀ ਮੁਲਾਂਪੁਰ, (ਬਲਜਿੰਦਰ ਸਿੰਘ ਪਟਿਆਲਾ) : ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਵਿਖੇ ਮਹੀਨੇ ਦੇ ਅਖੀਰਲੇ ਸ਼ਨੀਵਾਰ .ਗਦਰੀ ਸ਼ਹੀਦਾਂ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਸੁਰੈਣ ਸਿੰਘ ਵੱਡਾ, ਸੁਰੈਣ ਸਿੰਘ ਛੋਟਾ, ਬਖ਼ਸ਼ੀਸ਼ ਸਿੰਘ, ਜਗਤ ਸਿੰਘ, ਹਰਨਾਮ ਸਿੰਘ ਦੀ ਯਾਦ ਵਿੱਚ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦਾ ਬਕਾਇਦਾ ਰੂਪ ਵਿੱਚ ਉਦਘਾਟਨ ਸਾਬਕਾ ਡੀ.ਆਈ.ਜੀ. ਸਰਦਾਰ ਗੁਰਪ੍ਰੀਤ ਸਿੰਘ ਤੂਰ, ਮਾਸਟਰ ਭਜਨ ਸਿੰਘ ਕੈਲਗਰੀ, ਡਾ. ਅਵਤਾਰ ਸਿੰਘ ਪ੍ਰਿੰਸੀਪਲ ਜੀ.ਟੀ.ਬੀ.ਨੈਸਨਲ.ਕਾਲਜ ਦਾਖਾ, ਪ੍ਰੋਫੈਸਰ. ਮਨਜੀਤ ਸਿੰਘ ਛਾਬੜਾ, ਨੈਸ਼ਨਲ ਐਵਾਰਡੀ ਅਮਰੀਕ ਤਲਵੰਡੀ, ਮਾਸਟਰ ਉਜਾਗਰ ਸਿੰਘ, ਜਸਵੰਤ ਜੀਰਖ, ਸੁਰਿੰਦਰ ਕੌਰ ਗਿੱਲ ਕੈਲਗਰੀ, ਅੰਜੂ ਚੌਧਰੀ ਜੀ ਨੇ ਸਾਂਝੇ ਰੂਪ ਵਿੱਚ ਕੀਤਾ। ਮਾਸਟਰ ਭਜਨ ਸਿੰਘ ਜੀ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸ਼ਹੀਦਾਂ ਦੇ ਸੁਪਨੇ ਅਧੂਰੇ ਨੇ, ਇਸ ਦੇਸ਼ ਨੂੰ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਬਣਾਉਣ ਦੇ ਯਤਨ ਕਰਨ ਦੀ ਲੋੜ ਹੈ। ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਅਜਿਹੀ ਕੋਸਿਸ਼ ਕਰ ਰਿਹਾ ਹੈ। ਇਸ ਉਪਰੰਤ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੀ ਟੀਮ ਵੱਲੋਂ ਹਰਕੇਸ਼ ਚੌਧਰੀ ਜੀ ਦਾ ਲਿਖਿਆ ਤੇ ਨਿਰਦੇਸ਼ਿਤ ਨਾਟਕ 'ਅੱਲੜ ਉਮਰਾਂ ਘੁੱਪ ਹਨੇਰੇ' ਪੇਸ਼ ਕੀਤਾ ਗਿਆ। ਨਾਟਕ ਗੁਰਪ੍ਰੀਤ ਤੂਰ ਜੀ ਦੀ ਕਿਤਾਬ ਤੇ ਅਧਾਰਿਤ ਹੈ। ਇਸ ਨਾਟਕ ਵਿੱਚ ਦੱਸਿਆ ਗਿਆ ਕਿ ਕਿਸ ਤਰ੍ਹਾਂ ਨਾਲ ਭੋਲੀ ਭਾਲੀ ਨੌਜਵਾਨੀ ਨਸ਼ਾ ਤਸਕਰਾਂ ਦੇ ਚੁੰਗਲ ਵਿੱਚ ਫਸ ਜਾਂਦੀ ਹੈ, ਬਰਬਾਦ ਹੋ ਜਾਂਦੀ ਹੈ, ਮੌਤ ਦੇ ਮੂੰਹ ਵਿੱਚ ਜਾ ਪੈਂਦੀ ਹੈ। ਨਾਟਕ ਵਿੱਚ ਨੈਨਾਂ ਸ਼ਰਮਾ ਦੀ ਸੁਭਾਵਿਕ ਅਦਾਕਾਰੀ ਨੇ ਦਰਸ਼ਕਾਂ ਦੀ ਦਿਲ ਜਿੱਤ ਲਿਆ। ਦੀਪਕ ਰਾਏ ਬਾਪੂ ਦੇ ਰੂਪ ਵਿੱਚ, ਜੁਝਾਰ ਸਿੰਘ ਪੁੱਤਰ ਦੇ ਰੂਪ ਵਿੱਚ ਖੂਬ ਨਿਭੇ, ਨਸ਼ਾ ਤਸਕਰ ਦੇ ਰੂਪ ਵਿੱਚ ਕਮਲ ਮੋਹੀ ਨੇ ਕਮਾਲ ਦੀ ਅਦਾਕਾਰੀ ਦਿਖਾਈ, ਪਰਦੀਪ ਕੌਰ, ਅਨਿਲ ਸੇਠੀ, ਅਭਿਨੈ ਬਾਂਸਲ, ਕਰਨਵੀਰ ਸਿੰਘ, ਅੰਕੁਸ਼ ਸਿਰਸਾ, ਹਰਪ੍ਰੀਤ ਕੌਰ, ਭਾਗ ਸਿੰਘ ਆਦਿ ਨੇ ਵਧੀਆ ਅਦਾਕਾਰੀ ਨਲ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਮੌਕੇ 'ਤੇ ਮਾਸਟਰ ਭਜਨ ਸਿੰਘ ਜੀ ਨੇ ਦਸ ਹਜ਼ਾਰ ਰੁਪਏ ਨਾਲ ਮੰਚ ਦੀ ਸਹਾਇਤਾ ਕੀਤੀ। ਗੁਰਪ੍ਰੀਤ ਤੂਰ ਜੀ ਨੇ ਆਪਣੇ ਵਿਚਾਰ ਪੇਸ਼ ਕੀਤੇ। ਸੰਸਥਾ ਵੱਲੋਂ ਗੁਰਪ੍ਰੀਤ ਤੂਰ ਜੀ ਦਾ ਅਤੇ ਇਕਬਾਲ ਸਿੰਘ ਲੋਪੋਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ 'ਤੇ ਸੰਤੋਖ ਗਿੱਲ ਪੱਤਰਕਾਰ ਪੰਜਾਬੀ ਟ੍ਰਿਬਿਊਨ, ਮਾਸਟਰ ਬਲਰਾਜ਼ ਸਿੰਘ ਸੰਘੇੜਾ, ਸਨੀ ਸੇਠੀ ਮਾਸਟਰ ਗੁਰਮੀਤ ਸਿੰਘ ਧਨੋਆ, ਹੈੱਡ ਮਾਸਟਰ ਇੰਦਰਜੀਤ ਸਿੰਘ, ਲੈਕ. ਪ੍ਰਗਟ ਸਿੰਘ, ਜਰਨੈਲ ਸਿੰਘ ਗੁਰਜੀਤ ਸਿੰਘ, ਗੁਰਮੀਤ ਸਿੰਘ ਆਦਿ ਹਾਜ਼ਰ ਸਨ। ਮੰਚ ਸੰਚਾਲਨ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਪ੍ਰਧਾਨ ਹਰਕੇਸ਼ ਚੌਧਰੀ ਜੀ ਨੇ ਬਾਖੂਬੀ ਨਿਭਾਇਆ।

NEW SERVICE BY CARE INC
CARE AUDIOLOGY
Calgary 403-605-6300
ਸੋਮਵਾਰ ਤੋਂ ਸ਼ਨੀਵਾਰ 10 ਵਜੇ ਤੋਂ 6 ਵਜੇ ਤੱਕ
ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸੁਣਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca

Advice from someone you trust.
Sun Life
Life's brighter under the sun
Life & Health Insurance • Critical Illness Insurance • Disability Insurance
Employee Benefits • RESP • TFSA • RRSP • Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc.
Advisors and their corporations conduct insurance business through Sun Life Financial Distributors (Canada) Inc.
Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (Tl)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਆਰ ਐਸ ਐਸ ਨੇ ਹਮੇਸ਼ਾਂ ਜ਼ਾਲਮ ਦਾ ਸਾਥ ਦਿੱਤਾ



ਵਿਸ਼ਵਾ ਮਿੱਤਰ ਬੰਮੀ

ਕੇਸ਼ਵ ਬਲਿਰਾਮ ਹੈਂਡਗੇਵਾਰ ਜੀ ਨੇ ਬਹੁਤ ਥੋੜ੍ਹੇ ਹੀ ਸਮੇਂ ਕਾਂਗਰਸ ਦੇ ਸੁਤੰਤਰਤਾ ਸੰਗਰਾਮ ਵਿਚ ਹਿੱਸਾ ਲੈਣ ਤੋਂ ਬਾਅਦ 1920 ਵਿਚ ਸੁਤੰਤਰਤਾ ਸੰਗਰਾਮ ਨੂੰ ਤਿਆਗ ਦਿੱਤਾ ਅਤੇ ਉਸ ਤੋਂ ਬਾਅਦ ਕੁਝ ਸਮੇਂ ਸਾਵਰਕਰ ਅਤੇ ਬਾਲਕ੍ਰਿਸ਼ਨ ਸ਼ਿਵਰਾਮ ਮੁੰਜੇ ਨਾਲ ਹਿੰਦੂ, ਹਿੰਦੂਤਵ ਆਦਿ ਬਾਰੇ ਵਿਚਾਰ ਵਟਾਂਦਰਾ ਕਰਕੇ 27 ਸਤੰਬਰ 1925 ਵਾਲੇ ਦਿਨ ਕੇਵਲ ਹਿੰਦੂ ਗੌਰਵ ਲਈ ਆਰ ਐੱਸ ਐੱਸ ਦੀ ਸਥਾਪਨਾ ਕੀਤੀ। 27 ਸਤੰਬਰ ਦਾ ਦਿਨ ਵੀ ਇਸ ਲਈ ਚੁਣਿਆ ਕਿਉਂਕਿ ਉਸ ਦਿਨ ਦੁਸਹਿਰਾ ਸੀ ਅਤੇ ਦੁਸ਼ਹਿਰੇ ਦੇ ਦਿਨ ਮਿਥਹਾਸ ਅਨੁਸਾਰ ਅਰਿਆਂ ਨੇ ਅਨਾਰਿਆਂ ਤੇ ਜਿੱਤ (ਬਦੀ ਤੇ ਨੇਕੀ ਦੀ ਜਿੱਤ) ਪ੍ਰਾਪਤ ਕੀਤੀ ਸੀ । 9 ਅਪ੍ਰੈਲ 1919 ਵਾਲੇ ਦਿਨ ਰਾਮ ਨੌਮੀ ਦਾ ਜਲੂਸ ਸੀ। ਉਸ ਦਿਨ ਡਾਕਟਰ ਸਤਪਾਲ ਅਤੇ ਸੈਫ਼ੁਦੀਨ ਕਿਚਲੂ ਦੇ ਯਤਨਾਂ ਸਦਕਾ ਹਿੰਦੂਆਂ ਅਤੇ ਮੁਸਲਮਾਨਾਂ ਨੇ ਇੱਕਠੇ ਹੋਕੇ ਇੱਕੋ ਥਾਂ ਤੋਂ ਪਾਣੀ ਪੀਤਾ, ਮੁਸਲਮਾਨਾਂ ਨੇ ਸਾਰੇ ਜਲੂਸ ਵਿਚ ਠੰਡਾ ਅਤੇ ਮਿੱਠਾ ਪਾਣੀ ਵਰਤਾਇਆ ਜਿਸ ਤੋਂ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਵਾਲੇ ਅੰਗਰੇਜ਼ ਬਹੁਤ ਖ਼ਫ਼ਾ ਹੋਏ। ਭਾਰਤੀਆਂ ਦੇ ਏਕੇ ਨੂੰ ਬਰਦਾਸ਼ਤ ਨਾ ਕਰਦੇ ਹੋਏ ਜ਼ਾਲਮ ਅੰਗਰੇਜ਼ ਹਕੂਮਤ ਨੇ 13 ਅਪ੍ਰੈਲ 1919 ਵਾਲੇ ਦਿਨ ਜਲਿਆਂਵਾਲੇ ਬਾਗ਼ ਵਿਚ ਵੈਹਿਸ਼ੀ ਕਤਲੇ ਆਮ ਕਰ ਦਿੱਤਾ ਜਿਸ ਕਾਰਣ ਸਾਰੇ ਭਾਰਤ ਤੇ ਹਿੰਦੂ, ਸਿੱਖ ਅਤੇ ਮੁਸਲਮਾਨਾਂ ਨੇ ਇੱਕਠੇ ਹੋ ਕੇ ਜ਼ਾਲਮ ਹਕੂਮਤ ਦੇ ਵਿਰੁੱਧ ਮੁਜ਼ਾਹਰੇ ਕਰਨੇ ਸ਼ੁਰੂ ਕਰ ਦਿੱਤੇ। ਉਸ ਵਕਤ ਅੰਗਰੇਜ਼ੀ ਹਕੂਮਤ ਨੂੰ ਕੁੱਝ ਐਸੇ ਲੋਕਾਂ ਦੀ ਜਰੂਰਤ ਸੀ ਜਿਹੜੇ ਅਜ਼ਾਦੀ ਦੇ ਅੰਦੋਲਨਾਂ ਤੋਂ ਲੋਕਾਂ ਦਾ ਧਿਆਨ ਹਟਾ ਸਕਣ। ਐਨ ਉਸ ਵੇਲੇ ਅੰਗਰੇਜ਼ ਹਕੂਮਤ ਲਈ ਆਰ ਐੱਸ ਐੱਸ ਦੀ ਸਥਾਪਨਾ ਕਿਸੇ ਅੰਮ੍ਰਿਤ ਤੋਂ ਘਟ ਨਹੀਂ ਸੀ। ਰਹਿੰਦੀ ਕਸਰ ਮਾਫੀਆਂ ਮੰਗ ਕੇ ਜੇਲ੍ਹ ਤੋਂ ਛੁੱਟਣ ਵਾਲੇ ਸਾਵਰਕਰ ਨੇ ਉਦੋਂ ਪੂਰੀ ਕਰ ਦਿੱਤੀ ਜਦੋਂ ਉਸ ਨੇ ਅੰਗਰੇਜ਼ੀ ਹਕੂਮਤ ਦੀ ਇੱਛਾ ਅਨੁਸਾਰ ਇਹ ਬਿਆਨ ਦੇ ਦਿੱਤਾ ਕਿ ਭਾਰਤ ਵਿਚ ਹਿੰਦੂ ਅਤੇ ਮੁਸਲਮਾਨ ਦੋ ਰਾਸ਼ਟਰ ਹਨ ਜਿਹੜੇ ਇੱਕਠੇ ਨਹੀਂ ਰਹਿ ਸਕਦੇ। ਸਿੱਧਾ ਹੀ ਅਰਥ ਸੀ ਕਿ ਅੰਗਰੇਜ਼ ਭਾਰਤ ਦੇ ਦੋ ਟੋਟੇ ਕਰ ਦੇਣ ਤਾਂਕਿ ਜਦੋਂ ਅੰਗਰੇਜ਼ ਭਾਰਤ ਛੱਡ ਕੇ ਜਾਣ ਵਾਲੇ ਹੋਣ ਤਾਂ ਹਿੰਦੂ ਮੁਸਲਮਾਨ ਦੰਗਿਆਂ ਵਿਚ ਰੁੱਝੇ ਰਹਿਣ ਅਤੇ ਅੰਗਰੇਜ਼ ਬਿਨਾ ਕਿਸੇ ਨੁਕਸਾਨ ਦੇ ਇੰਗਲੈਂਡ ਚਲੇ ਜਾਣ। ਸਾਵਰਕਰ ਦੇ ਵਿਚਾਰਾਂ ਤੋਂ ਆਰ ਐੱਸ ਐੱਸ ਦੇ ਸੰਸਥਾਪਕ ਹੈਂਡਗੇਵਾਰ ਬਹੁਤ ਪ੍ਰਭਾਵਿਤ ਸੀ।

ਹੈਂਡਗੇਵਾਰ ਨੂੰ ਵਿਚਾਰਧਾਰਕ ਤੌਰ 'ਤੇ ਪ੍ਰਭਾਵਿਤ ਕਰਨ ਵਾਲੇ ਸਾਵਰਕਰ ਅਤੇ ਮੂੰਜੇ ਕੇਵਲ ਭਾਰਤ ਵਿਚ ਅੰਗਰੇਜ਼ੀ ਹਕੂਮਤ ਦਾ ਹੀ ਸਾਥ ਨਹੀਂ ਦੇ ਰਹੇ ਸਨ ਬਲਕਿ ਯੂਰੋਪ ਵਿੱਚ ਜ਼ਾਲਮ ਹਿਟਲਰ ਅਤੇ ਮੁਸੋਲਿਨੀ ਦੇ ਵਿਚਾਰਾਂ ਨਾਲ ਵੀ ਸਹਿਮਤ ਸਨ। ਸਾਵਰਕਰ ਨੇ ਆਪਣੇ ਇੱਕ ਭਾਸ਼ਣ ਵਿਚ ਕਿਹਾ ਕਿ ਜਰਮਨੀ ਨੂੰ ਨਾਜ਼ੀਵਾਦ ਅਤੇ ਇਟਲੀ ਨੂੰ ਫਾਸ਼ੀਵਾਦ ਦੀ ਜਾਦੂਈ ਛੜੀ ਦੀ ਜਰੂਰਤ ਸੀ ਜਿਸ ਨਾਲ ਉਹਨਾਂ ਨੇ ਹੈਰਾਨੀਜਨਕ ਢੰਗ ਨਾਲ ਸ਼ਕਤੀ ਹਾਸਲ ਕੀਤੀ, ਇਹ ਉਹਨਾ ਲਈ ਟਾਨਿਕ ਸੀ। ਸਾਵਰਕਰ ਭਾਰਤ ਵਿਚੋਂ ਮੁਸਲਮਾਨਾਂ ਨੂੰ ਕੱਢ ਕੇ ਹਿੰਦੂਆਂ ਦੇ ਖ਼ੂਨ ਦੀ ਸ਼ੁੱਧੀ ਉਵੇਂ ਹੀ ਰਖਣਾ ਚਾਹੁੰਦਾ ਸੀ ਜਿਵੇਂ ਹਿਟਲਰ ਜਰਮਨੀ ਵਿੱਚੋਂ ਯਹੂਦੀਆਂ ਨੂੰ ਕੱਢ ਕੇ ਆਰੀਆ ਨਸਲ ਦੇ ਇਸਾਈਆਂ ਦਾ ਖ਼ੂਨ ਸ਼ੁੱਧ ਰਖ ਰਿਹਾ ਹੈ। ਕੇਵਲ ਸਾਵਰਕਰ ਹੀ ਨਹੀਂ ਬਲਕਿ ਹੈਂਡਗੇਵਾਰ ਅਤੇ ਉਸ ਤੋਂ ਬਾਅਦ ਬਣੇ ਸੰਘ ਪ੍ਰਮੁੱਖ ਮਧਵਰਾਵ ਸਦਸ਼ਿਵਰਾਵ ਗੋਲਵਲਕਰ (ਗੁਰੂ ਜੀ) ਜਾਂ ਹੁਣ ਦੇ ਆਰ ਐਸ ਐਸ ਦੇ ਰਾਜਨੀਤਿਕ ਵਿੰਗ ਇਹ ਸਾਰੇ ਦੇ ਸਾਰੇ ਧਰਮ ਨਿਰਪਖਤਾ ਦੇ ਵਿਰੋਧੀ ਹਨ। ਮਹਾਤਮਾ ਗਾਂਧੀ ਦੀ ਇੱਛਾ ਦੇ ਵਿਰੁੱਧ ਮੂੰਝੇ ਗੋਲਮੇਜ਼ ਕਾਨਫਰੰਸ ਵਿਚ ਹਾਜ਼ਰ ਹੋਇਆ, ਵਾਪਿਸ ਮੁੜਦੇ ਹੋਏ ਇਟਲੀ ਵਿਚ 15 ਤੋਂ 24 ਮਾਰਚ 1931 ਤਕ ਰਿਹਾ ਜਿੱਥੇ ਫਾਸ਼ੀ ਤਾਨਾਸ਼ਹ ਮੁਸੋਲਿਨੀ ਨੂੰ ਮਿਲਿਆ ਅਤੇ ਉਸਦੇ ਫਾਸ਼ੀਵਾਦ ਦੀ ਪ੍ਰਸ਼ੰਸਾ ਕੀਤੀ। 19 ਮਾਰਚ ਵਾਲੇ ਦਿਨ ਮੂੰਝੇ ਨੇ ਰੋਮ ਦਾ ਮਿਲਟਰੀ ਕਾਲੇਜ, ਸੈਂਟਰਲ ਮਿਲਟਰੀ ਫਿਜ਼ੀਕਲ ਐਜੂਕੇਸ਼ਨ ਸਕੂਲ ਅਤੇ ਫਾਸ਼ੀਜ਼ਮ ਫਿਜ਼ੀਕਲ ਐਜੂਕੇਸ਼ਨ ਅਕੈਡਮੀ ਵੇਖੀ। ਨੌਜਵਾਨਾਂ ਨੂੰ ਫੌਜੀ ਵਰਦੀਆਂ



ਵਿਚ ਟਰੇਨਿੰਗ ਲੈਂਦੇ ਵੇਖ ਕੇ ਐਨਾ ਪ੍ਰਭਾਵਿਤ ਹੋਇਆ ਕਿ 1935 ਵਿਚ ਕੇਂਦਰੀ ਹਿੰਦੂ ਮਿਲਟਰੀ ਐਜੂਕੇਸ਼ਨ ਸੁਸਾਇਟੀ ਅਤੇ 1937 ਵਿਚ ਭੋਂਸਾਲਾ ਮਿਲਟਰੀ ਕਾਲਜ, ਦੋਵੇਂ ਨਾਸਿਕ ਵਿਖੇ ਸਥਾਪਿਤ ਕਰ ਦਿੱਤੇ। ਸੁਸਾਇਟੀ ਅਤੇ ਕਾਲੇਜ ਇਸਲਈ ਖੋਲੇ ਤਾਂਕਿ ਫੌਜ ਦਾ ਭਾਰਤੀਕਰਣ ਕੀਤਾ ਜਾ ਸਕੇ। ਸੰਘ ਦੇ ਲਿਟਰੇਚਰ ਅਨੁਸਾਰ ਇਸ ਦੇ ਸੰਸਥਾਪਕ ਹੈਂਡਗੇਵਾਰ ਜੀ ਹਨ ਪਰ ਵਾਸਤਵ ਵਿਚ ਹਿੰਦੂ ਨੌਜਵਾਨਾਂ ਨੂੰ ਭਾਰਤੀ ਵਿਰਸੇ, ਸਭਿਆਚਾਰ ਤੋਂ ਜਾਣੂ ਕਰਵਾਉਣ ਲਈ ਅਤੇ ਜਿਸਮਾਨੀ ਤੌਰ 'ਤੇ ਤਾਕਤਵਰ ਬਣਾਉਣ ਲਈ ਫਿਜ਼ੀਕਲ ਟਰੇਨਿੰਗ ਦੇ ਵਿਚਾਰ ਹੈਂਡਗੇਵਾਰ ਜੀ ਨੂੰ ਮੂੰਝੇ ਤੋਂ ਹੀ ਮਿਲੇ।

ਸੰਘ ਦੀ ਫਾਸ਼ੀਵਾਦੀ ਵਿਚਾਰਧਾਰਾ ਕਾਰਣ ਹੀ ਗੋਡਸੇ ਵੱਲੋਂ ਮਹਾਤਮਾ ਗਾਂਧੀ ਜੀ ਦਾ ਕਤਲ ਕਰਨ ਕਾਰਣ ਆਰ ਐੱਸ ਐੱਸ ਤੇ ਪਾਬੰਦੀ ਲਗਾ ਦਿੱਤੀ ਗਈ ਸੀ ਜਿਹੜੀ ਕਿ ਸੰਘ ਪ੍ਰਮੁੱਖ ਗੁਰੂ ਜੀ ਅਤੇ ਗ੍ਰਹਿ ਮੰਤਰੀ ਪਟੇਲ ਵਿਚਕਾਰ ਕੁੱਝ ਮੀਟਿੰਗਾਂ ਅਤੇ ਗੁਰੂ ਜੀ ਵੱਲੋਂ ਕੁੱਝ ਵਾਇਦੇ ਕਰਨ ਤੋਂ ਬਾਅਦ ਹਟਾ ਦਿੱਤੀ ਗਈ। ਭਾਵੇਂ ਕਿ ਅੰਦਰੋਂ ਅੰਦਰ ਸੰਘ ਨੇ ਫਾਸ਼ੀਵਾਦ ਤਿਆਗਿਆ ਨਹੀਂ ਸੀ ਇਸ ਲਈ ਸੰਘ ਅਗੁਆਂ ਨੇ ਇਹੀ ਸੋਚਿਆ ਕਿ ਜੇਕਰ ਫੇਰ ਕਦੇ ਸੰਘ ਤੇ ਪਾਬੰਦੀ ਵਰਗੇ ਹਾਲਾਤ ਹੋਏ ਤਾਂ ਇਸ ਨੂੰ ਬਚਾਉਣ ਲਈ ਆਪਣੀ ਇੱਕ ਰਾਜਨਿਤੀਕ ਪਾਰਟੀ ਹੋਣੀ ਚਾਹੀਦੀ ਹੈ।

ਇਸ ਲਈ ਸ਼ਿਆਮਾ ਪ੍ਰਸ਼ਾਦ ਮੁਖਰਜੀ ਦੀ ਅਗਵਾਈ ਵਿਚ ਭਾਰਤੀ ਜਨਸੰਘ ਨਾਮ ਦੀ ਰਾਜਨੀਤਿਕ ਪਾਰਟੀ ਦੀ ਸਥਾਪਨਾ 21 ਅਕਤੂਬਰ 1951 ਵਿਚ ਕਰ ਦਿੱਤੀ ਗਈ। ਵੇਲੇ ਅਤੇ ਜਰੂਰਤਾਂ ਅਨੁਸਾਰ ਜਨਸੰਘ ਦਾ ਨਾਮ ਬਦਲ ਕੇ ਜਨਤਾ ਪਾਰਟੀ ਅਤੇ ਬਾਅਦ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਰਖਿਆ ਗਿਆ ਪਰ ਹਰ ਰੂਪ ਵਿਚ ਇਸ ਦੇ ਵਰਕਰ ਅਤੇ ਨੇਤਾ ਆਰ ਐੱਸ ਐੱਸ ਤੋਂ ਹੀ ਲੈਂਦੇ ਰਹੇ ।

ਯਹੂਦੀਆਂ ਦੇ ਮਸਲੇ ਵਿਚ ਆਰ ਐੱਸ ਐੱਸ ਜਾਂ ਭਾਜਪਾ ਦਾ ਰਵਈਆ ਬੜਾ ਗੁੰਝਲਦਾਰ ਹੈ ਪਰ ਹਮੇਸ਼ਾਂ ਜ਼ਾਲਮਾਂ ਦੇ ਪੱਖ ਵਿਚ ਰਿਹਾ ਹੈ। ਜਦੋਂ ਹਿਟਲਰ ਯਹੂਦੀਆਂ ਨੂੰ ਬਦਨਾਮ ਕਰਨ ਤੋਂ ਬਾਅਦ ਕਤਲ ਕਰ ਰਿਹਾ ਸੀ, ਮਾਰ ਕੁੱਟ ਕੇ ਭਜਾ ਰਿਹਾ ਸੀ ਤਾਂ ਉਦੋਂ ਆਰਐੱਸਐੱਸ ਦੇ ਵਿਚਾਰਧਾਰਕ ਉਸ ਦੀ ਪ੍ਰਸ਼ੰਸਾ ਕਰ ਰਹੇ ਸਨ ਅਤੇ ਇਹ ਵੀ ਸੋਚ ਰਹੇ ਸਨ ਕਿ ਸਾਨੂੰ ਵੀ ਭਾਰਤ ਵਿੱਚੋਂ ਵੀ ਇਸੇ ਤਰਾਂ ਮੁਸਲਮਾਨ ਭਜਾਉਣੇ ਚਾਹੀਦੇ ਹਨ। ਜਦੋਂ ਦਾ ਯਹੂਦੀਆਂ ਨੇ 1948 ਤੋਂ ਫਲਸਤੀਨ ਦੀ ਕੁੱਝ ਧਰਤੀ ਤੇ ਕਬਜ਼ਾ ਕਰਕੇ ਅਪਣਾ ਦੇਸ਼ ਇਜ਼ਰਾਈਲ ਸਥਾਪਿਤ ਹੋਇਆ ਹੈ ਉਹ ਫਲਸਤੀਨੀਆਂ ਨੂੰ ਤੰਗ ਕਰ ਰਿਹਾ ਹੈ, ਬਿਨਾ ਕਾਰਨ ਜੇਲ੍ਹਾਂ ਵਿਚ ਡੱਕ ਰਿਹਾ ਹੈ ਅਤੇ ਉਹਨਾਂ ਦੇ ਹੋਰ ਇਲਾਕੇ ਆਪਣੇ ਕਬਜ਼ੇ ਵਿਚ ਲੈਣ ਲਈ ਜ਼ਾਲਮਾਨਾ ਹਮਲੇ ਕਰ ਰਿਹਾ ਹੈ। ਆਰਐੱਸਐੱਸ ਸਮੇਤ ਇਸਦੇ ਸਾਰੇ ਰਾਜਨੀਤਿਕ ਵਿੰਗ ਜਿਸ ਵਿਚ ਭਾਜਪਾ ਪ੍ਰਮੁੱਖ ਹੈ ਅਤੇ ਸੱਤਾ 'ਤੇ ਕਾਬਜ਼ ਹੈ ਇਹ ਇਜ਼ਰਾਈਲ ਦਾ ਸਾਥ ਦੇ ਰਹੇ ਹਨ ਅਤੇ ਸੰਸਾਰ ਮੰਚ ਵਿਚ ਯਹੂਦੀਆਂ ਦੇ ਵਿਰੁੱਧ ਭੁਗਤ ਰਹੇ ਹਨ। ਇੰਦਰਾ ਗਾਂਧੀ ਦੇ ਵੇਲੇ ਤੋਂ ਚਲੀ ਆ ਰਹੀ ਰੂਸ ਨਾਲ ਪੱਕੀ ਦੋਸਤੀ ਅਤੇ ਕਈ ਸਦੀਆਂ ਤੋਂ ਅਰਬ ਦੇਸ਼ਾਂ ਨਾਲ ਦੋਸਤਾਨਾ ਸਬੰਧਾ ਨੂੰ ਤਿਲਾਂਜਲੀ ਦੇ ਕੇ ਸੰਘ ਪਰਵਾਰ ਜ਼ਾਲਮ ਇਜ਼ਰਾਈਲ ਦਾ ਸਾਥ ਦੇ ਰਿਹਾ ਹੈ।

ਆਰਐੱਸਐੱਸ ਆਪਣੀ ਸਥਾਪਨਾ ਤੋਂ ਲੈਕੇ ਹੁਣ ਤੱਕ ਕਿਸੇ ਨਾ ਕਿਸੇ ਜ਼ਾਲਮ ਦੇ ਹੱਕ ਵਿੱਚ ਹੀ ਰਿਹਾ ਹੈ। ਆਰ ਐੱਸ ਐੱਸ ਦੇ ਕਿਸੇ ਵੀ ਲੀਡਰ ਨੇ ਭਾਰਤ ਦੀ ਆਜ਼ਾਦੀ ਦੇ ਕਿਸੇ ਵੀ ਅੰਦੋਲਨ ਵਿਚ ਹਿੱਸਾ ਨਹੀਂ ਲਿਆ, ਅਜ਼ਾਦੀ ਖਾਤਿਰ ਜੇਲ੍ਹ ਵਿਚ ਨਹੀਂ ਗਏ, ਕੋਈ ਫਾਂਸੀ ਤੇ ਨਹੀਂ ਚੜ੍ਹਿਆ ਅਤੇ ਨਾ ਹੀ ਕੋਈ ਜਾਇਦਾਦ ਕੁਰਕ ਕਰਵਾਈ। ਹੋਰ ਤਾਂ ਹੋਰ ਅਜ਼ਾਦੀ ਦੀ ਖਾਤਰ ਜੇਲ ਜਾਣ ਵਾਲਿਆਂ, ਫਾਂਸੀ ਚੜ੍ਹਨ ਵਾਲਿਆਂ ਜਾਂ ਅਮਰੀਕਾ, ਕੈਨੇਡਾ ਵਿੱਚ ਆਪਣੇ ਚੰਗੇ ਭਲੇ ਰੁਜ਼ਗਾਰ ਛੱਡ ਕੇ ਭਾਰਤ ਆ ਕੇ ਕੁਰਬਾਨੀਆਂ ਦੇਣ ਵਾਲਿਆਂ ਦੀ ਇਹਨਾਂ ਕਦੇ ਵੀ ਪ੍ਰਸ਼ੰਸਾ ਨਹੀਂ ਕੀਤੀ।

23 ਜੂਨ 2023 ਦੇ 'ਦੀ ਹਿੰਦੂ' ਅਖਬਾਰ ਅਨੁਸਾਰ ਮਨੀਪੁਰ ਵਿਚ ਵਿੱਚ ਮੇਇਤੀ ਹਿੰਦੂ ਬਹੁਸੰਖਿਆ ਵੱਲੋਂ ਨਾਗਾ ਕੂਕੀ, ਦਲਿਤਾਂ, ਆਦਿਵਾਸੀ ਘਟਗਿਣਤੀ ਲੋਕਾਂ ਤੇ ਹੋ ਰਹੇ ਹਮਲੇ ਭਾਰਤ ਦੇ ਫੈਡਰਲ ਢਾਂਚੇ ਤੇ ਹਮਲੇ ਹਨ ਅਤੇ ਸੰਵਿਧਾਨ ਤੇ ਹਮਲੇ ਹਨ। ਇਸੇ ਅਖ਼ਬਾਰ ਵਿਚ ਮਾਰਕਸੀ ਪਾਰਟੀ ਦੇ ਨੇਤਾ ਸੀਤਾ ਰਾਮ ਯੇਚੁਰੀ ਦਾ ਬਿਆਨ ਹੈ ਕਿ ਇਹ ਫਾਸ਼ੀਵਾਦੀ ਹਮਲੇ ਹਨ। ਇਹਨਾਂ ਹਮਲਿਆਂ ਦੇ ਬਲ ਰਹੇ ਭਾਂਬੜਾਂ ਨੂੰ ਪਾਣੀ ਦਾ ਛੱਟਾ ਮਾਰਨ ਲਈ ਸਾਡੇ ਪ੍ਰਧਾਨ ਮੰਤਰੀ ਜੀ ਨੇ ਉਥੇ ਜਾਣਾ ਤਾਂ ਕੀ ਉਲਟਾ ਇਹਨਾਂ ਹਮਲਿਆਂ ਵਿਰੁੱਧ ਇੱਕ ਵੀ ਬਿਆਨ ਨਹੀਂ ਦਿੱਤਾ। ਜਿਹੜੇ ਇੰਡੀਆ ਗਠਬੰਧਨ ਦੇ ਨੇਤਾ ਮਨੀਪੁਰ ਗਏ ਅਤੇ ਦੰਗੇ ਸ਼ਾਂਤ ਕਰਵਾਉਣ ਦੀ ਕੋਸ਼ਿਸ਼ ਕੀਤੀ ਉਹਨਾਂ ਨੂੰ ਈਸਟ ਇੰਡੀਆ ਕੰਪਨੀ ਜਾਂ ਜਿਹਾਦੀ ਕਿਹਾ। ਸੰਘ ਪਰਿਵਾਰ ਵਿਚ ਕੇਵਲ ਇੱਕ ਨੇਤਾ ਅੱਟਲ ਬਿਹਾਰੀ ਵਾਜਪੇਈ ਜੀ ਹੀ ਸਨ ਜਿਹੜੇ ਸੰਘ ਦੇ ਪ੍ਰਚਾਰਕ ਸਨ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਵੀ ਸਨ, ਉਹ ਹਮੇਸ਼ਾਂ ਫਾਸ਼ੀਵਾਦ ਦੇ ਵਿਰੁੱਧ ਰਹੇ, ਇਜ਼ਰਾਈਲ ਦੇ ਜ਼ੁਲਮਾਂ ਦੇ ਵਿਰੁੱਧ ਅਤੇ ਫਲਸਤੀਨੀਆਂ ਦੇ ਹੱਕ ਵਿੱਚ ਰਹੇ। ਅਟਲ ਬਿਹਾਰੀ ਵਾਜਪਾਈ ਨੂੰ ਛੱਡ ਕੇ ਸੰਘ ਅਤੇ ਸੰਘ ਪਰਿਵਾਰ ਦੇ ਸਾਰੇ ਨੇਤਾ ਆਪਣੇ ਲਗਪਗ 100 ਸਾਲ ਦੇ ਇਤਿਹਾਸ ਵਿਚ ਹਮੇਸ਼ਾਂ ਜ਼ਾਲਮਾਂ ਦੇ ਨਾਲ ਰਹੇ।





ਹਰ ਕਿਸਮ ਦੇ ਫਾਰਮ ਭਰਵਾਉਣ ਲਈ ਮਿਲੋ

ਪਾਸਪੋਰਟ ਰੀਨਿਊ (ਕੈਨੇਡੀਅਨ ਜਾ ਇੰਡੀਅਨ), ਕੈਨੇਡੀਅਨ ਸਿਟੀਜ਼ਨਸ਼ਿਪ, ਪੀ.ਆਰ. ਕਾਰਡ ਰੀਨਿਊ, ਪੈਨਸ਼ਨ ਦੇ ਫਾਰਮ (ਸੀ.ਪੀ.ਪੀ., ਓਲਡ ਏਜ, ਅਲਬਰਟਾ ਪੈਨਸ਼ਨ), ਕੈਨੇਡੀਅਨ ਚਾਈਲਡ ਬੈਨੀਫਿਟ, ਆਦਿ।

ਵਾਜਿਬ ਰੇਟ 'ਤੇ ਹਰ ਦਿਨ ਸੇਵਾਵਾਂ ਉਪਲਬਧ।

Lash Extension Service

Looking for lash extensions in Calgary?
I offer classic, hybrid and volume sets at reasonable price.
Located in Cornerstone, NE.

Please email or message on Instagram @llash_n_pout
Corner Meadows Gate NE, Calgary, AB T3N
Nav Gill : 780-850-7730




Balloon House by Gurpreet

Gurpreet Gill
Founder
(403) 408-6566

For Birthday - Anniversary - Baby Shower - Shower

@balloonhousebygurpreet

BAINS VISION CENTRE



Jaswinder S Bains, Ph.D., OD.

New Patients & Walk-Ins Welcome

McKnight Village 5218 Falsbridge Dr. NE Calgary AB T3J 3G1

Dr. Jaswinder S. Bains

ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ

Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English

403-274-4514
deerfootvision@yahoo.ca

ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

# ਸੰਤ ਰਾਮ ਉਦਾਸੀ : ਜਿਸਨੂੰ ਤੂੰ ਆਪਣਾ ਦੇਸ਼ ਕਹੇਂ, ਉਹ ਤੇਰਾ ਨਹੀਂ ਉਹ ਮੇਰਾ ਏ

ਲਾਭ ਸਿੰਘ ਅਕਲੀਆ

ਇਤਿਹਾਸਕ ਵਿਰਸੇ ਦੇ ਪੱਤਰੇ ਫਰੋਲਦਿਆਂ ਪਤਾ ਲੱਗਦਾ ਹੈ ਕਿ ਭਾਰਤ ਦੇ ਆਧੁਨਿਕ ਜ਼ਰਜ਼ਰੇ ਸਮਾਜਿਕ ਪ੍ਰਬੰਧ ਦਾ ਆਪਣੇ ਵਿਗਿਆਨਿਕ ਦ੍ਰਿਸ਼ਟੀਕੋਣ ਨਾਲ ਮੁਲੰਕਣ ਕਰਦਿਆਂ ਮਹਾਨ ਇਨਕਲਾਬੀ ਲੋਕ ਕਵੀ ਸੰਤ ਰਾਮ ਉਦਾਸੀ ਨੇ ਸਾਹਿਤ ਦੇ ਖੇਤਰ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਹੈ। ਕਵਿਤਾ ਦੇ ਖੇਤਰ ਵਿੱਚ ਜਿੱਥੇ ਪ੍ਰੋ. ਮੋਹਨ ਸਿੰਘ, ਅਵਤਾਰ ਪਾਸ, ਦਰਸ਼ਨ ਖਟਕੜ, ਸੁਰਜੀਤ ਪਾਤਰ, ਅਮਰਜੀਤ ਚੰਦਨ, ਜੈਮਲ ਪੱਡਾ, ਮਹਿੰਦਰਪਾਲ ਭੱਠਲ ਅਤੇ ਲਾਲ ਸਿੰਘ ਦਿਲ ਵਰਗੇ ਅਨੇਕਾਂ ਇਨਕਲਾਬੀ ਕਵੀਆਂ ਦਾ ਨਾਂ ਦਰਜ਼ ਹੈ, ਓਥੇ ਮਾਲਵੇ ਦੀ ਰੋਹਲੀ ਅਤੇ ਵਿਦਰੋਹੀ ਆਵਾਜ਼ ਦਾ ਨਾਂ ਹੈ – 'ਸੰਤ ਰਾਮ ਉਦਾਸੀ' ਜਿਸਨੇ ਪੰਜਾਬੀ ਸਾਹਿਤ ਨੂੰ ਨਿਵੇਕਲੀ ਕਰਨਾ ਨਾਲ ਸ਼ਿੰਗਾਰ ਕੇ ਪੇਸ਼ ਕੀਤਾ ਹੈ।

ਸੰਤ ਰਾਮ ਉਦਾਸੀ ਦਾ ਜਨਮ 20 ਅਪ੍ਰੈਲ 1939 ਨੂੰ ਮਾਤਾ ਧੰਨ ਕੌਰ ਅਤੇ ਪਿਤਾ ਸ੍ਰ. ਮਿਹਰ ਸਿੰਘ ਦੇ ਘਰ ਪਿੰਡ ਰਾਏਸਰ (ਬਰਨਾਲਾ) ਵਿਖੇ ਹੋਇਆ। ਉਸਨੇ ਆਪਣੇ ਆਪ ਨੂੰ ਸਦਾ ਲੋਕ ਹਿੱਤਾਂ ਲਈ ਅਰਪਿਤ ਕੀਤਾ ਕਿਉਂਕਿ ਉਹ ਖੁਦ ਉਸ ਦੱਬੀ-ਕੁਚਲੀ ਜਮਾਤ ਅਤੇ ਕਥਿਤ ਨੀਵੀਂ ਸਮਝੀ ਜਾਂਦੀ ਜਾਤੀ ਵਿੱਚ ਪੈਦਾ ਹੋਇਆ ਸੀ, ਜਿਸਨੂੰ ਵਿਰਸੇ ਵਿੱਚ ਹਰ ਤਰ੍ਹਾਂ ਦੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸੇ ਕਰਕੇ ਉਹਨਾਂ ਨੇ ਕ੍ਰਿਤੀ ਸ੍ਰੇਣੀ ਨੂੰ ਆਪਣੀ ਰਚਨਾ ਦਾ ਮੁੱਖ ਪਾਤਰ ਚੁਣਿਆ ਅਤੇ ਇਸੇ ਸ੍ਰੇਣੀ ਦੀ ਦੁਰਦਸ਼ਾ ਨੂੰ ਬੜੇ ਹੀ ਸਿੱਧੇ ਤੇ ਸਪੱਸ਼ਟ ਸ਼ਬਦਾਂ ਵਿੱਚ ਕਲਮਬੰਦ ਕੀਤਾ।

ਉਦਾਸੀ ਵੱਲੋਂ ਰਚੀ ਗਈ ਕਾਵਿ ਰਚਨਾ ਜਿਵੇਂ: 'ਲਹੂ ਭਿੱਜੇ ਬੋਲ', 'ਸੈਨਤਾਂ', 'ਚੌਂਹ ਨੁੱਕਰੀਆਂ ਸੀਖਾਂ', 'ਉਦਾਸੀ ਦੇ ਚੋਣਵੇਂ ਗੀਤ' ਅਤੇ 'ਸੰਤ ਰਾਮ ਉਦਾਸੀ-ਜੀਵਨ ਤੇ ਸਮੁੱਚੀ ਰਚਨਾ' ਆਦਿ ਅਨੇਕਾਂ ਕਾਵਿ ਸੰਗ੍ਰਹਿ ਇਨਕਲਾਬੀ ਸਾਹਿਤ ਦੀ ਝੋਲੀ ਪਾਏ ਹਨ। ਉਹਨਾਂ ਦੀ ਜੁਝਾਰਵਾਦੀ ਕਵਿਤਾ ਵਿੱਚ ਸਿਧਾਂਤ ਅਤੇ ਅਮਲ ਦਾ ਸੁਮੇਲ ਸਾਫ਼ ਦਿਖਾਈ ਦੇ ਰਿਹਾ ਹੈ। ਅਸਲ ਵਿੱਚ ਇਹ ਲੋਕ ਕਵਿਤਾ ਹੈ, ਜੋ ਲੋਕਾਂ ਬਾਰੇ ਅਤੇ ਲੋਕਾਂ ਦੇ ਲਈ ਲਿਖੀ ਤੇ ਗਾਈ ਗਈ ਹੈ।

ਇਹ ਸੱਚ ਹੈ ਕਿ ਕੋਈ ਵੀ ਲੇਖਕ/ਕਵੀ ਆਪਣੇ ਆਲੇ-ਦੁਆਲੇ ਵਾਪਰਦੇ ਸਮਾਜਿਕ, ਆਰਥਿਕ ਅਤੇ ਰਾਜਸੀ ਵਰਤਾਰੇ ਦੇ ਪ੍ਰਭਾਵ ਤੋਂ ਅਣਭਿੱਜ ਨਹੀਂ ਰਹਿ ਸਕਦਾ। ਉਹ ਵਾਪਰਦੇ ਵਰਤਾਰਿਆਂ ਨੂੰ ਆਪਣੀ ਕਲਮ ਨਾਲ ਹਰਫ਼ ਤਰਾਸ਼ ਕੇ ਆਵਾਮ ਤੱਕ ਲੈ ਕੇ ਜਾਣਾ ਆਪਣਾ ਫਰਜ਼ ਸਮਝਦਾ ਹੈ।

ਉਹਨਾਂ ਦਾ ਪਰਿਵਾਰਕ ਪਿਛੋਕੜ ਸਿੱਖ ਧਰਮ ਤੇ ਨਾਮਧਾਰੀ ਕੂਕਾ ਲਹਿਰ ਨਾਲ ਨੇੜਿਓਂ ਜੁੜਿਆ ਹੋਇਆ ਸੀ, ਜੀਹਦਾ ਉਦਾਸੀ ਦੇ ਮਨ 'ਤੇ ਡੂੰਘਾ ਪ੍ਰਭਾਵ ਸੀ ਅਤੇ ਸਭ ਤੋਂ ਪਹਿਲਾਂ ਉਹਨਾਂ ਨੇ ਇਸੇ ਸੰਧਰਭ ਵਿੱਚ ਲਿਖਣਾ ਸ਼ੁਰੂ ਕੀਤਾ। ਜੋ ਅੱਗੇ ਜਾ ਕੇ ਉਹਨਾਂ ਨੇ ਆਪਣੇ ਵਿਚਾਰਾਂ ਨੂੰ ਮਾਰਕਸਵਾਦੀ ਵਿਗਿਆਨਕ ਵਿਚਾਰਾਂ ਦੀ ਸਾਣ 'ਤੇ ਤਰਾਸ਼ਣਾ ਸ਼ੁਰੂ ਕੀਤਾ ਅਤੇ ਉਹਨਾਂ ਦਾ ਝੁਕਾਅ ਪੂਰੀ ਤਰ੍ਹਾਂ ਖੱਬੇ ਪੱਖੀ ਲਹਿਰ ਨਾਲ ਜੁੜ ਗਿਆ। ਸੀ. ਪੀ. ਆਈ. ਦੇ ਆਗੂਆਂ ਦੇ ਪ੍ਰਭਾਵ ਵਿੱਚ ਆਉਣ ਕਰਕੇ ਉਹਨਾਂ ਨੇ ਮਾਰਕਸਵਾਦ-ਲੈਨਿਨਵਾਦ ਦਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ। ਇਸ ਸਮੇ ਉਹਨਾਂ ਨੂੰ ਇਹ ਗਿਆਨ ਹੋ ਗਿਆ ਸੀ ਕਿ ਸਾਡਾ ਸਮਾਜ ਵੱਖ-ਵੱਖ ਜਮਾਤਾਂ ਵਿੱਚ ਵੰਡਿਆ ਹੋਇਆ ਹੈ ਅਤੇ ਵੱਡਾ ਹਿੱਸਾ ਆਰਥਿਕ ਕਾਣੀ ਵੰਡ ਅਤੇ ਗੈਰ ਬਰਾਬਰੀ ਦਾ ਸ਼ਿਕਾਰ ਹੈ, ਜਿਨ੍ਹਾਂ ਦੀ ਮੁਕਤੀ ਇਨਕਲਾਬ ਤੋਂ ਬਿਨਾਂ ਸੰਭਵ ਨਹੀਂ ਹੈ। ਉਹਨਾਂ ਦੇ ਬੋਲ ਹਨ :

**"ਅਜੇ ਨਾ ਆਈ ਮੰਜਿਲ ਤੇਰੀ,**
**ਅਜੇ ਵਡੇਰਾ ਪਾੜਾ ਏ।**
**ਹਿੰਮਤ ਕਰ ਅਲਬੇਲੇ ਰਾਹੀ,**
**ਅਜੇ ਹਨ੍ਹੇਰਾ ਗਾੜ੍ਹਾ ਏ।**
**ਅਜੇ ਨਾ ਕਾਲੇ ਬੱਦਲਾਂ ਵਿੱਚੋਂ,**
**ਚਮਕੀ ਕੋਈ ਕਿਰਨ ਸੁਨਹਿਰੀ।**
**ਭਾਵੇਂ ਮੰਤਰ ਯਾਦ ਅਸਾਡੇ,**
**ਅਜੇ ਕੀਲਣੀ ਸੱਪਣੀ ਜ਼ਹਿਰੀ।"**

ਉਸ ਸਮੇਂ ਕਮਿਊਨਿਸਟ ਪਾਰਟੀ ਦੇ ਅੰਦਰ ਕੌਮੀ ਤੇ ਕੌਮਾਂਤਰੀ ਵੱਡੇ ਸਵਾਲਾਂ ਨੂੰ ਲੈ ਕੇ ਤਿੱਖੇ ਮੱਤਭੇਦ ਉੱਭਰਕੇ ਸਾਹਮਣੇ ਆ ਗਏ। ਇਹਨਾਂ ਸਵਾਲਾਂ ਦਾ ਠੋਸ ਰੂਪ 'ਚ ਕੋਈ ਹੱਲ ਨਾ ਨਿਕਲ ਸਕਿਆ, ਬਲਕਿ 1964 ਵਿੱਚ ਪਾਰਟੀ ਦੋਫਾੜ ਹੋ ਗਈ। ਪੁਰਾਣੇ ਆਜ਼ਾਦੀ ਘੁਲਾਟੀਆਂ ਸਮੇਤ ਵੱਡਾ ਹਿੱਸਾ ਨਵੀਂ ਬਣੀ ਪਾਰਟੀ ਸੀ. ਪੀ. ਐਮ. ਵਿੱਚ ਚਲਿਆ ਗਿਆ ਅਤੇ ਉਦਾਸੀ ਵੀ ਉਹਨਾਂ ਨਾਲ ਸੀ।

ਇਹ ਉਹ ਸਮਾਂ ਸੀ, ਜਦੋਂ ਪੂਰਾ ਦੇਸ਼ ਖੇਤੀ ਉੱਪਰ ਨਿਰਭਰ ਸੀ ਅਤੇ ਦੇਸ਼ ਵਿੱਚ ਅਨਾਜ਼ ਦੀ ਥੁੜ ਕਾਰਨ ਬਾਰ-ਬਾਰ ਕਾਲ਼ ਪੈ ਰਹੇ ਸਨ। ਇੱਕ ਪਾਸੇ ਲੱਖਾਂ ਲੋਕ ਹਰ ਸਾਲ ਭੁੱਖ ਮਰੀ ਦੇ ਕਰਾਨ ਮੌਤ ਦੇ ਮੂਹ ਵਿੱਚ ਚਲੇ ਜਾਂਦੇ ਸਨ। ਦੂਜੇ ਪਾਸੇ ਜਗੀਰਦਾਰ ਅਤੇ ਵੱਡੇ ਭੂ-ਸਵਾਮੀ ਅਨਾਜ਼ ਦਾ ਭੰਡਾਰ ਕਰ ਰਹੇ ਸਨ। ਇਹਨਾਂ ਖ਼ਾਸ ਪ੍ਰਸਥਿਤੀਆਂ ਵਿੱਚੋਂ 'ਜ਼ਮੀਨ ਦੀ ਕਾਣੀ ਵੰਡ' ਦਾ ਸਵਾਲ ਉੱਭਰਕੇ ਸਾਮਹਣੇ ਆਇਆ। ਜਿਸ ਵਿੱਚੋਂ ਤਿਭਾਗਾ, ਤਿਲੰਗਾਨਾਂ ਅਤੇ ਬਾਅਦ ਵਿੱਚ ਨਕਸਲਬਾੜੀ ਵਰਗੇ ਕ੍ਰਾਂਤੀਕਾਰੀ ਕਿਸਾਨ ਘੋਲਾਂ ਦਾ ਜਨਮ ਹੋਇਆ। ਗ਼ਰੀਬ ਅਤੇ ਬੇਜ਼ਮੀਨੇ ਕਿਸਾਨਾਂ ਦਾ ਵੱਡਾ ਹਿੱਸਾ ਇਨ੍ਹਾਂ ਘੋਲਾਂ ਵਿੱਚ ਸ਼ਾਮਿਲ ਸੀ। 1967 ਵਿੱਚ ਪੱਛਮੀ ਬੰਗਾਲ ਅਤੇ ਕੇਰਲਾ ਵਿੱਚ ਹੋਈਆਂ ਵਿਧਾਨ ਸਭਾ ਦੀਆਂ ਚੋਣਾ ਸਮੇਂ ਸੀ. ਪੀ. ਐਮ. ਵੱਲੋਂ ਜ਼ਮੀਨ ਦੀ ਮੁੜ ਵੰਡ ਦੇ ਸਵਾਲ ਨੂੰ ਲੈ ਕੇ ਚੋਣ ਲੜੀ ਗਈ ਅਤੇ ਜਿੱਤ ਪ੍ਰਾਪਤ ਕੀਤੀ। ਸੀ. ਪੀ. ਐਮ. ਦੀ ਲੀਡਰਸਿੱਪ ਨੇ ਚੋਣਾ ਜਿੱਤਣ ਤੋਂ ਬਾਅਦ 'ਜ਼ਮੀਨ ਦੀ ਮੁੜ ਵੰਡ' ਦੇ ਮੁੱਦੇ ਨੂੰ ਠੰਢੇ ਬਸਤੇ ਵਿੱਚ ਪਾ ਦਿੱਤਾ। ਪਾਰਟੀ ਵਿੱਚ ਦੁਬਾਰਾ ਫਿਰ ਤਿੱਖੇ ਮੱਤਭੇਦ ਖੜ੍ਹੇ ਹੋ ਗਏ। ਪੱਛਮੀ ਬੰਗਾਲ ਵਿੱਚੋਂ ਪਾਰਟੀ ਦਾ ਇੱਕ ਕ੍ਰਾਂਤੀਕਾਰੀ ਹਿੱਸਾ ਬਾਹਰ ਚਲਿਆ ਗਿਆ, ਜਿਸਨੇ ਦਾਰੀਲਿੰਗ ਪਹਾੜੀ ਜ਼ਿਲ੍ਹੇ ਦੇ ਕਿਸਾਨਾਂ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ। ਸਿਲ੍ਹੀਗੜ੍ਹੀ ਇਲਾਕੇ ਵਿੱਚ



ਬੇ-ਜ਼ਮੀਨੇ ਕਿਸਾਨਾਂ ਦਾ ਵੱਡਾ ਇਕੱਠ ਕਰਕੇ, 'ਜ਼ਮੀਨ ਦੀ ਕਾਣੀ ਵੰਡ ਨੂੰ ਖਤਮ ਕਰਕੇ' ਜ਼ਮੀਨ ਦੀ ਨਵੇਂ ਸਿਰਿਓਂ ਵੰਡ ਕਰਨ ਲਈ 18 ਮਾਰਚ 1967 ਨੂੰ ਗ਼ਰੀਬ ਤੇ ਬੇ-ਜ਼ਮੀਨੇ ਕਿਸਾਨਾਂ ਦੀ ਅਗਵਾਈ ਹੇਠ ਸੰਘਰਸ਼ ਦਾ ਬਿਗਲ ਵਜਾ ਦਿੱਤਾ। ਸੀ. ਪੀ. ਐਮ. ਦੀ 'ਕਿਸਾਨ ਸਭਾ' ਦੇ ਬੈਨਰ ਹੇਠ ਕ੍ਰਾਂਤੀਕਾਰੀ ਕਿਸਾਨਾਂ ਨੇ ਪੂਰੇ ਖਿੱਤੇ ਵਿੱਚ ਜਗੀਰਦਾਰਾਂ ਅਤੇ ਵੱਡੇ ਭੂ-ਸਵਾਮੀਆਂ ਦੀਆਂ ਜ਼ਮੀਨਾਂ ਉੱਪਰ ਕਬਜ਼ਾ ਕਰਨ ਲਈ ਹਰ ਪਿੰਡ ਵਿੱਚ ਕਿਸਾਨ ਕਮੇਟੀਆਂ ਜਥੇਬੰਦ ਕੀਤੀਆਂ ਗਈਆਂ। 25 ਮਈ 1967 ਨੂੰ ਨਕਸਲਬਾੜੀ ਕਸਬੇ ਵਿੱਚ ਕਿਸਾਨਾਂ ਦਾ ਵੱਡਾ ਇਕੱਠ ਹੋਇਆ, ਪੁਲਿਸ ਨੇ ਗੋਲੀਆਂ ਚਲਾਕੇ ਗਿਆਰਾਂ ਲੋਕਾਂ ਨੂੰ ਸ਼ਹੀਦ ਕਰ ਦਿੱਤਾ। ਉਸ ਤੋਂ ਬਾਅਦ ਨਕਸਲਬਾੜੀ ਦੀ ਕਿਸਾਨ ਬਗਾਵਤ ਨੇ ਅਜਿਹੀ ਕਰਵਟ ਲਈ, ਜਿਸਨੇ ਪੂਰੇ ਦੇਸ਼ ਦੀਆਂ ਹਾਕਮ ਜਮਾਤਾਂ ਨੂੰ ਕੰਬਣੀ ਛੇੜ ਦਿੱਤੀ। ਦੇਸ਼ ਵਿੱਚ ਹਜ਼ਾਰਾਂ ਜੁਝਾਰੂ ਕਾਰਕੁੰਨਾਂ, ਕਵੀਆਂ, ਬੁੱਧੀਜੀਵੀਆਂ, ਸਾਹਿਤਕਾਰਾਂ, ਵਿਦਿਆਰਥੀਆਂ ਅਤੇ ਨੌਜ਼ਵਾਨਾਂ ਨੂੰ ਆਪਣੀ ਬੁੱਕਲ ਵਿੱਚ ਲੈ ਲਿਆ। ਇਸੇ ਤਰ੍ਹਾਂ ਪੰਜਾਬ ਵਿੱਚ ਸੈਂਕੜੇ ਨੌਜ਼ਵਾਨ ਅੱਗ ਦੇ ਭਬੂੰਕੇ ਵਾਂਗ ਇਸ ਲਹਿਰ ਵਿੱਚ ਕੁੱਦ ਪਏ। ਉਸ ਸਮੇਂ ਲੋਕ ਕਵੀ ਸੰਤ ਰਾਮ ਉਦਾਸੀ ਵੀ ਇਸ ਲਹਿਰ ਦੇ ਪ੍ਰਭਾਵ ਤੋਂ ਬਚ ਨਾ ਸਕੇ। ਉਹਨਾਂ ਦੀ ਵਾ-ਵਰੋਲਿਆਂ ਨੂੰ ਚੀਰਦੀ ਨਵੇਕਲੀ ਆਵਾਜ਼ ਸਰੋਤਿਆਂ ਨੂੰ ਕੀਲਦੀ, ਮਜ਼ਦੂਰਾਂ-ਕਿਸਾਨਾਂ ਦੇ ਲੂੰ-ਕੰਡੇ ਖੜ੍ਹੇ ਕਰਦੀ ਜ਼ਾਬਰਾਂ ਦੀ ਹਿੱਕ 'ਚ ਫਾਲ਼ੇ ਵਾਂਗ ਖੁੱਭਦੀ ਰਹੀ ਏ। ਉਦਾਸੀ ਦੀ ਰੋਹਲੀ ਹੇਕ ਨੇ ਪਿੰਡਾਂ ਦੀਆਂ ਸੱਥਾਂ, ਕਾਲਜਾਂ ਦੇ ਗਲਿਆਰਿਆਂ ਵਿੱਚ ਇੱਕ ਨਵੀਂ ਰੂਹ ਫੂਕ ਦਿੱਤੀ ਸੀ। ਜਮਾਤੀ ਦੁਸ਼ਮਣਾਂ ਪ੍ਰਤੀ ਉਹ ਲਿਖਦੇ ਹਨ :

**ਇੱਕ ਤੂੰ ਕਸਾਈ ਮੇਰੇ ਪਿੰਡ ਦਿਆ ਰਾਜਿਆ ਓਏ,**
**ਦੂਜਾ ਤੇਰਾ ਸ਼ਾਹਾਂ ਨਾਲ ਜੋੜ।**
**ਤੇਰੀ ਨੀਂਦ ਉੱਤੇ ਪਹਿਰਾ ਤੇਰਿਆਂ ਮੁਕੱਦਮਾਂ ਦਾ,**
**ਕੁੱਤੇ ਰੱਖਣ ਦੀ ਨਹੀਂ ਲੋੜ।**

ਉਦਾਸੀ ਦੇ ਇਨ੍ਹਾਂ ਬੋਲਾਂ ਨੇ ਸਾਹਿਤਕ ਧਰਾਤਲ ਵਿੱਚ ਪਸਰੀ ਚੁੱਪ ਅਤੇ ਬੇਚੈਨੀ ਨੂੰ ਤੋੜਿਆ ਅਤੇ ਇਨਕਲਾਬੀ ਤਾਕਤਾਂ ਦੇ ਅੰਗ-ਸੰਗ ਹੋਕੇ ਜੂਝਿਆ। ਸਦੀਆਂ ਤੋਂ ਕਥਿਤ ਅਛੂਤ ਸਮਝੀ ਜਾਂਦੀ ਦਲਿਤ ਜਾਤੀ ਜਿੱਥੇ ਆਰਥਿਕ ਕਾਣੀ ਵੰਡ ਦਾ ਸ਼ਿਕਾਰ ਹੋਕੇ ਜਮਾਤੀ ਲੁੱਟ-ਖਸੁੱਟ ਅਤੇ ਜਾਤੀ ਵਿਤਕਰੇ ਦਾ ਸ਼ਿਕਾਰ ਰਹੀ ਹੈ, ਉੱਥੇ ਹਮੇਸ਼ਾਂ ਕੁਦਰਤੀ ਆਫ਼ਤਾਂ ਦਾ ਸੇਕ ਵੀ ਇਸੇ ਵਰਗ ਨੂੰ ਸਭ ਤੋਂ ਵੱਧ ਝੱਲਣਾ ਪਿਆ ਹੈ।

**"ਜੇ ਸੋਕਾ ਇਹੀ ਸੜਦੇ ਨੇ,**
**ਜੇ ਡੋਬਾ ਇਹੀ ਮਰਦੇ ਨੇ,**
**ਸਭ ਕਹਿਰ ਇਨ੍ਹਾਂ ਸਿਰ ਵਰ੍ਹਦੇ ਨੇ।"**

ਉਦਾਸੀ ਆਪਣੀ ਕਵਿਤਾ ਵਿੱਚ ਮੌਜੂਦਾ ਅਣ-ਮਨੁੱਖੀ ਨਿਯਾਮ ਵਿੱਚ ਜਿਉਂ ਰਹੇ ਕਿਰਤੀ ਲੋਕਾਂ ਦੇ ਹਾਲਾਤਾਂ ਨੂੰ ਬਿਆਨ ਕਰਦੇ ਹੋਏ, ਸਮੇਂ ਦੇ ਹਾਕਮਾਂ ਨੂੰ ਸਾਮਰਾਜੀਆਂ ਕੋਲ ਦੇਸ਼ ਗਹਿਣੇ ਨਾ ਕਰਨ ਦਾ ਨਿਹੋਰਾ ਦਿੰਦਾ ਹੋਇਆ ਲਿਖਦਾ ਹੈ:

**"ਅੱਜ ਘਾਤ ਲਾਈ ਬੈਠੇ ਸਾਮਰਾਜੀਏ ਵਪਾਰੀ,**
**ਸਿਰੇ ਚੜ੍ਹਦੀ ਨੀ ਹੁੰਦੀ, ਜਿਹੜੀ ਪੈਸਿਆਂ ਦੀ ਜਾਰੀ।**
**ਸਾਡੀ ਧੁੱਪ ਨਾਲ ਮੱਸਿਆ ਕਲੇਸ਼ ਨਾ ਕਰੇ,**
**ਆਖਣਾ ਸਮੇਂ ਦੀ ਸਰਕਾਰ ਨੂੰ,**
**ਉਹ ਗਹਿਣੇ ਸਾਡਾ ਦੇਸ਼ ਨਾ ਧਰੇ।"**

ਮਾਰਕਸ ਨੇ ਕਿਹਾ ਸੀ, ਕਿ ਮਨੁੱਖੀ ਇਤਿਹਾਸ ਜਮਾਤੀ ਘੋਲਾਂ ਦਾ ਇਤਿਹਾਸ ਰਿਹਾ ਹੈ। ਉਦਾਸੀ ਨੇ ਮਾਰਕਸ ਦੇ ਵਿਚਾਰਾਂ ਨੂੰ ਪ੍ਰਨਾਉਂਦਿਆਂ ਜਮਾਤੀ ਸੰਘਰਸ਼ ਦੇ ਵਿਗਿਆਨਿਕ ਨਜ਼ਰੀਏ ਰਾਹੀਂ ਬਾਖੂਬੀ ਕਾਵਿਕ ਚਿਤਰਨ ਕੀਤਾ ਹੈ। ਇਹੀ ਕਾਰਨ ਹੈ ਕਿ ਉਸਨੇ ਮਨੁੱਖੀ ਸਮਾਜ ਦੀਆਂ ਕ੍ਰਾਂਤੀਕਾਰੀ ਲਹਿਰਾਂ ਤੇ ਘੋਲਾਂ ਤੋ ਊਰਜਾ ਲਈ ਹੈ, ਪਰ ਕਈ ਲੋਕਾਂ ਨੇ ਉਹਨਾਂ ਦੀ ਕਵਿਤਾ ਨੂੰ ਧਾਰਮਿਕ ਪੁੱਠ ਦੇਣ ਦੀ ਕੋਸ਼ਿਸ਼ ਕੀਤੀ ਹੈ, ਜਦੋਂਕਿ ਉਹਨਾਂ ਦਾ ਜਮਾਤੀ ਨਜ਼ਰੀਆ ਸਪੱਸ਼ਟ ਹੈ :

**"ਜਿਹੜੇ ਲੋਕਾਂ ਦੀ ਕਿਰਤ ਨੂੰ ਪੈਣ ਗਿਰਝਾਂ,**
**ਮੇਰੇ ਲੋਕ ਉਹ ਮੇਰਾ ਖੁਆਬ ਹੈਗਾ।**
**ਮੇਰੇ ਮੁਸਲਮਾਨਾਂ, ਸਿੱਖਾਂ ਤੇ ਹਿੰਦੂਆਂ ਨੇ,**
**ਕਰਨਾ ਸਰਵਹਾਰਾ ਇਨਕਲਾਬ ਹੈਗਾ।"**

ਇਹ ਦੇਸ਼ ਕੀਹਦਾ ਹੈ ? ਕੀ ਉਹਨਾਂ ਚੰਦ ਘਰਾਣਿਆਂ ਦਾ ਹੈ, ਜਿਹੜੇ ਦੇਸ਼ ਦੇ ਪੈਦਾਵਾਰੀ ਸਾਧਨਾਂ 'ਤੇ ਕਾਬਜ਼ ਹਨ ? ਜਾਂ ਕੀ ਉਪਰਲੇ 10 ਫ਼ੀਸਦੀ ਅਰਬਪਤੀਆਂ ਦਾ ਹੈ, ਜਿਹੜੇ ਦੇਸ਼ ਦੀ ਕੁੱਲ ਸੰਪਤੀ ਦੇ 77 ਫ਼ੀਸਦੀ ਹਿੱਸੇ ਦੇ ਮਾਲਕ ਹਨ ? ਨਹੀਂ ! ਇਹ ਦੇਸ਼ ਉਹਨਾਂ ਦਾ ਹੈ ਜਿਹੜੇ ਸਦੀਆਂ ਤੋਂ ਦੇਸ਼ ਦੇ ਉਤਪਾਦਨ ਅਤੇ ਵਿਕਾਸ ਵਿੱਚ ਲੱਗੇ ਹੋਏ ਹਨ। ਉਦਾਸੀ ਦੋ ਜਮਾਤਾਂ ਦੀ ਆਰ-ਪਾਰ ਦੀ ਲੜਾਈ ਵੱਲ ਸਿੱਧੀ ਉਂਗਲ ਕਰਦਾ ਹੈ :

**"ਇਹ ਧਰਤੀ ਸਾਡੀ ਮਾਂ ਵਰਗੀ,**
**ਨਾਂ ਇਸਨੂੰ ਕੁਝ ਵੀ ਭੁੱਲਿਆ ਏ।**
**ਇਹ ਸੱਭੇ ਜਾਣੇ ਖੇਤਾਂ ਵਿੱਚ,**
**ਹੈ ਕਿਸਦਾ ਖੂਨ ਜੁ ਡੁੱਲ੍ਹਿਆ ਏ।**
**ਫਿਰ ਕਿਉਂ ਨਾ ਅੱਜ ਮਜ਼ਦੂਰ ਕਹੇ,**
**ਜੋ ਧਰਤੀ 'ਤੇ ਉਹ ਮੇਰਾ ਏ,**
**ਜਿਸਨੂੰ ਤੂੰ ਆਪਣਾ ਦੇਸ਼ ਕਹੇਂ,**
**ਉਹ ਤੇਰਾ ਨਹੀਂ ਉਹ ਮੇਰਾ ਏ।"**

ਉਦਾਸੀ ਦੇ ਗੀਤਾਂ ਵਿੱਚੋਂ ਸਹਿਜੇ ਹੀ ਰਾਜ ਦੇ ਖਾਸੇ, ਜਮਾਤੀ ਚਰਿੱਤਰ ਅਤੇ ਦੇਸ਼ ਦੇ ਨਿਘਾਰ ਦੀਆਂ ਗੁਰਬੰਦੀਆਂ ਪੜ੍ਹੀਆਂ ਜਾ ਸਕਦੀਆਂ ਹਨ। ਉਹ ਇਸ ਨਿਯਾਮ ਨੂੰ ਸਖ਼ਤ ਨਫ਼ਰਤ ਕਰਦਾ ਹੋਇਆ ਲਿਖਦਾ ਹੈ :

**ਜਿਹੜੀ ਧਰਤੀ ਨੂੰ ਤੂੰ,**
**ਮਾਂ ਵਰਗੀ ਨਿੱਤ ਕਹਿੰਦਾ ਸੀ,**
**ਉਹਦਾ ਇੱਕ ਓਰਾ ਵੀ ਨਹੀਂ,**
**ਤੇਰੇ ਸਹੁੰ ਖਾਣ ਨੂੰ।**

ਕਾਣੀ ਵੰਡ ਦੀਆਂ ਨੀਹਾਂ 'ਤੇ ਉਸਰੇ ਭਾਰਤੀ ਸਮਾਜਿਕ ਅਤੇ ਆਰਥਿਕ ਪ੍ਰਬੰਧ ਦੇ ਮੁਕਾਬਲੇ ਰੂਸ ਦੇ ਸਮਾਜਵਾਦੀ ਪ੍ਰਬੰਦ ਦਾ ਜ਼ਿਕਰ ਕੀਤਾ ਗਿਆ ਹੈ, ਜਿੱਥੇ ਇੱਕ ਪਾਸੇ ਸਾਡੇ ਦੇਸ਼ ਵਿੱਚ ਅੱਧੀ ਵਸੋਂ ਗੁਜ਼ਾਰੇ ਦੇ ਵਸੀਲਿਆਂ ਅਤੇ ਸਾਧਨਾਂ ਤੋਂ ਸੱਖਣੀ ਹੈ, ਦੂਜੇ ਪਾਸੇ ਰੂਸ ਦੇ ਸਮਾਜਵਾਦੀ ਪ੍ਰਬੰਧ ਵਿੱਚ ਭੂ-ਸਵਾਮੀਆਂ, ਪੂੰਜੀਪਤੀਆਂ, ਮੱਠਾਂ ਅਤੇ ਚਰਚ ਤੋਂ ਖੋਹਕੇ 40 ਕਰੋੜ ਏਕੜ ਜ਼ਮੀਨ ਗ਼ਰੀਬ ਤੇ ਬੇਜ਼ਮੀਨੇ ਕਿਸਾਨਾਂ ਵਿੱਚ ਵੰਡ ਦਿੱਤੀ ਸੀ, ਉਦਾਸੀ 'ਲੈਨਿਨ ਦੇ ਨਾਂ' ਗੀਤ ਵਿੱਚ ਜ਼ਿਕਰ ਕਰਦਾ ਹੈ :

**"ਤੇਰੇ ਪਿੰਡ ਵਿੱਚ ਰੱਬ,**
**ਖੇਤਾਂ ਦਿਆਂ ਬੱਚਿਆਂ 'ਤੇ,**
**ਪਾਰੂ ਬਣ ਭੌਂ ਜਾਇਆ ਕਰੇ।**
**ਮੇਰੇ ਪਿੰਡ ਬੋਹਲਾਂ ਦੇ ਵਿਚਾਲੇ ਟੋਲਾ ਕਾਮਿਆਂ ਦਾ,**
**ਭੁੱਖਿਆਂ ਹੀ ਸੌਂ ਜਾਇਆ ਕਰੇ।**
**ਸੱਜਣਾ ! ਸੂਹਾ ਸੂਹਾ ਤੇਰਾ ਵੇ ਗਰਾਂ।"**

70ਵਿਆਂ ਵਿੱਚ ਉਦਾਸੀ ਨੂੰ ਕ੍ਰਾਂਤੀਕਾਰੀ ਕਵਿਤਾ ਲਿਖਣ ਬਦਲੇ ਵੱਖ-ਵੱਖ ਤਸੀਹਾ ਕੇਂਦਰਾਂ ਵਿੱਚ ਅਣਮਨੁੱਖੀ ਤਸੀਹੇ ਦਿੱਤੇ ਗਏ ਸਨ। ਇਹ ਉਹੀ ਦੌਰ ਸੀ, ਜਦੋਂ ਪੂਰੇ ਦੇਸ਼ ਅੰਦਰ ਹਜ਼ਾਰਾਂ ਕ੍ਰਾਂਤੀਕਾਰੀ ਨੌਜ਼ਵਾਨਾਂ, ਬੁੱਧੀਜੀਵੀਆਂ ਨੂੰ ਸਰਕਾਰੀ ਜ਼ਬਰ ਦਾ ਸਾਹਮਣਾਂ ਕਰਨਾ ਪਿਆ। ਭਰ ਜਵਾਨੀ ਤੋਂ ਲੈ ਕੇ 80-82 ਸਾਲ ਦੇ ਬਜ਼ੁਰਗਾਂ ਤੱਕ ਨੂੰ ਨਹਿਰਾਂ, ਕੱਸੀਆਂ 'ਤੇ ਲਿਜਾਕੇ ਝੂਠੇ ਪੁਲਿਸ ਮੁਕਾਬਲੇ ਬਣਾ ਦਿੱਤੇ ਗਏ। ਘਰ ਫ਼ਸਲਾਂ ਅਤੇ ਡੰਗਰ-ਪਸ਼ੂ ਉਜਾੜ ਦਿੱਤੇ। ਫਿਰ ਵੀ, ਸਰਕਾਰੀ ਜ਼ਬਰ ਮੂਹਰੇ ਉਦਾਸੀ ਦੀ ਕਵਿਤਾ ਦੀਆਂ ਵਿਦਰੋਹੀ ਸੁਰਾਂ ਸ਼ਾਂਤ ਨਹੀਂ ਹੋਈਆਂ। 'ਸ਼ਿਕਵਾ' ਗੀਤ ਵਿੱਚ ਉਦਾਸੀ ਦੇ ਬੋਲ ਹਨ:

**"ਅਜੇ ਕੀ ਹੈ ਸਾਡਾ ਪੰਖੇਰੂਆਂ ਦਾ,**
**ਅਸੀਂ ਦੱਸਾਂਗੇ ਜਦੋਂ ਵੀ ਟਹਿਲਰਾਂਗੇ।**
**ਅਸੀਂ ਗੱਭਰੂ ਤੂਤ ਦੀ ਛਿਟੀ ਵਰਗੇ,**
**ਜਿਨ੍ਹਾਂ ਛਾਂਗੋਂਗੇ ਉਨਾਂ ਹੀ ਫੈਲਰਾਂਗੇ।"**

ਲੇਖਕ ਆਪਣੇ ਸ਼ਬਦਾਂ ਰਾਹੀਂ ਮਨੁੱਖ ਦੇ ਹਾਵਾਂ-ਭਾਵਾਂ ਅਤੇ ਜਜ਼ਬਿਆਂ ਨੂੰ ਉਤਸ਼ਾਹਿਤ ਕਰਦਾ ਹੈ, ਨਵੀਂ ਦਿਸ਼ਾ ਦਿੰਦਾ ਹੈ ਅਤੇ ਯਥਾਰਥਕ ਬਾਣਾ ਪਹਿਨਾ ਕੇ ਲੋਕਾਂ ਸਾਹਮਣੇ ਪੇਸ਼ ਕਰਦਾ ਹੈ। ਉਦਾਸੀ ਦੀ ਕਲਾ ਆਪਣੇ ਆਪ ਵਿੱਚ ਇੱਕ ਖਾਸ ਨਮੂਨਾ ਹੈ :

**"ਤੇਰੇ ਗੀਤਾਂ 'ਚੋਂ ਸਮਿਆਂ ਨੇ ਸੇਧ ਲੈ ਕੇ,**
**ਸਮਾਂ ਸੋਚਣਾ ਕਿਰਤ ਆਜ਼ਾਦੀਆਂ ਦਾ।**
**ਕਦੇ ਹੋਏਗਾ ਹਿੰਦ ਦੀ ਹਿੱਕ ਉੱਤੇ,**
**ਬੇਗਮਪੁਰਾ ਇੱਕ ਪਿੰਡ ਆਬਾਦੀਆਂ ਦਾ।"**

ਸੰਤ ਰਾਮ ਉਦਾਸੀ ਨੂੰ ਵਿਛੜਿਆਂ ਅੱਜ 6 ਨਵੰਬਰ ਨੂੰ 37 ਵਰ੍ਹੇ ਹੋ ਗਏ ਹਨ। ਉਹਨਾਂ ਦੀ ਕਵਿਤਾ ਅੱਜ ਵੀ ਦੱਬੇ-ਕੁਚਲੇ ਲੋਕਾਂ ਵਿੱਚ ਉਨੀ ਹੀ ਮਕਬੂਲ ਹੈ ਅਤੇ ਅੱਜ ਵੀ ਜਿਉਂਦੀ ਜਾਗਦੀ ਹੈ। ਉਹ ਖੁਦ ਜ਼ਿਕਰ ਕਰਦੇ ਹਨ ਕਿ:

**"ਮੈਂ ਨਹੀਂ ਹੋਵਾਂਗਾ ਇਸਦਾ ਗ਼ਮ ਨਹੀਂ,**
**ਗੀਤ ਤਾਂ ਲੋਕਾਂ 'ਚ ਵਸਦੇ ਰਹਿਣਗੇ।"**

ਮੋ: 94636-10661

## ਦੁੱਖ ਦਾ ਪ੍ਰਗਟਾਵਾ



ਅਦਾਰਾ ਸਰੋਕਾਰਾਂ ਦੀ ਆਵਾਜ਼ ਸ੍ਰ. ਬਲਬੀਰ ਸਿੰਘ ਗਿੱਲ ਦੇ ਮਾਤਾ ਜੀ ਬੀਬੀ ਗੁਰਚਰਨ ਕੌਰ ਗਿੱਲ ਆਪਣੀ ਲੰਮੀ ਆਯੂ ਪੂਰੀ ਕਰਕੇ 27 ਨਵੰਬਰ, 2023 ਨੂੰ ਵਿਛੋੜਾ ਦੇ ਗਏ ਹਨ, ਮਾਤਾ ਜੀ ਦਾ ਜਨਮ 5 ਅਪ੍ਰੈਲ 1935 ਨੂੰ ਹੋਇਆ, ਬਟਵਾਰੇ ਦੀ ਵੰਡ ਉਪਰੰਤ ਜਗਰਾਓਂ ਵਿਖੇ ਰੈਣ ਬਸੇਰਾ ਕੀਤਾ, ਆਪਣੀ ਜ਼ਿੰਦਗੀ ਦਾ ਸਫ਼ਰ ਸ੍ਰ. ਤਾਰਾ ਸਿੰਘ ਸਲੇਮਪੁਰ (ਸਿੱਧਵਾਂ ਬੇਟ) ਨਾਲ ਗੁਜ਼ਾਰਿਆ, ਆਪ ਦੇ ਸਰੋਕਾਰ ਲੋਕਾਂ ਦੇ ਦੁੱਖਾਂ ਦਰਦਾਂ ਨਾਲ ਜੁੜੇ ਹੋਏ ਸਨ ਅਤੇ ਹਰੇਕ ਕਿਸਮ ਦੇ ਸੰਘਰਸ਼ ਦੀ ਦਿਲੋਂ ਮਦਦ ਕਰਦੇ ਸਨ ਤੇ ਪਰਿਵਾਰ ਨੂੰ ਪ੍ਰੇਰਦੇ ਸਨ। ਆਪਣੇ ਸਮੁੱਚੇ ਪਰਿਵਾਰ ਪੁੱਤਰਾਂ, ਪੋਤਿਆਂ ਨਾਲ ਉਹ 1996 ਤੋਂ ਕੈਨੇਡਾ ਵਿਖੇ ਰਹਿੰਦੇ ਸਨ। ਆਪਣੀ ਲੰਮੀ ਆਯੂ ਪੂਰੀ ਕਰਕੇ ਵਿਛੋੜਾ ਦੇ ਗਏ ਹਨ। ਸਮੁੱਚੀ ਅਦਾਰੇ ਦੀ ਟੀਮ ਪਰਿਵਾਰ ਦੇ ਦੁੱਖ 'ਚ ਸ਼ਰੀਕ ਹੁੰਦੀ ਹੈ।

## ਡਾ ਅਜੀਤਪਾਲ ਸਿੰਘ ਨੂੰ ਸਦਮਾ ਨੌਜਵਾਨ ਜਗਪਾਲ ਭਤੀਜੇ ਦਾ ਦੇਹਾਂਤ



ਸਿਹਤ ਵਿਗਿਆਨ ਦੇ ਪੰਜਾਬੀ ਲੇਖਕ/ਵੱਖ ਵੱਖ ਪੰਜਾਬੀ ਅਖਬਾਰਾਂ ਦੇ ਕਾਲਮਨਵੀਸ ਤੇ ਜਮਹੂਰੀ ਅਧਿਕਾਰ ਸਭਾ ਦੇ ਸੂਬਾਈ ਆਗੂ ਡਾਕਟਰ ਅਜੀਤਪਾਲ ਸਿੰਘ ਨੂੰ ਉਸ ਸਮੇਂ ਭਰੀ ਸਦਮਾ ਲੱਗਿਆ ਜਦੋਂ ਉਹਨਾਂ ਦੇ ਨੌਜਵਾਨ ਤੇ ਹੋਣਹਾਰ ਭਤੀਜੇ ਬਲਜਿੰਦਰ ਸਿੰਘ ਉਰਫ ਜਗਪਾਲ ਸਿੰਘ ਪੁੱਤਰ ਜੀਤ ਸਿੰਘ ਸਿੰਘੇਵਾਲਾ ਦਾ ਅਚਾਨਕ ਦੇਹਾਂਤ ਹੋ ਗਿਆ। ਉਹਨਾਂ ਕਈ ਸਾਲ ਜਿਲ੍ਹਾ ਸਿੱਖਿਆ ਦਫਤਰ ਬਠਿੰਡਾ ਵਿਖੇ ਜਿਲਾ ਕੌਂਸਲਰ ਦੀ ਸੇਵਾ ਨਿਭਾਈ ਤੇ ਅੱਜ ਕੱਲ ਉਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਰੂਆਣਾ ਵਿਖੇ ਸਾਇੰਸ ਅਧਿਆਪਕ ਲੱਗੇ ਹੋਏ ਸਨ। ਉਹ ਆਪਣੀ ਸਾਰੀ ਹੁਣ ਤੱਕ ਦੀ ਸਰਵਿਸ ਵਿੱਚ ਵਿਦਿਆਰਥੀਆਂ ਨੂੰ ਨੇਕ ਨੀਤੀ ਨਾਲ ਪੜ੍ਹਾਉਂਦੇ ਰਹੇ ਅਤੇ ਹਰ ਤਰ੍ਹਾਂ ਦਾ ਮਹਿਕਮੇ ਅਤੇ ਪਬਲਿਕ ਨਾਲ ਸਹਿਯੋਗ ਕਰਦੇ ਰਹੇ। ਹਲਕਾ ਲੰਬੀ ਦੇ ਪੇਂਡੂ ਛੋਟੀ ਤੇ ਗਰੀਬ ਕਿਸਾਨੀ ਪਰਿਵਾਰ ਵਿੱਚੋਂ ਸਾਇੰਸ ਦੀ ਉੱਚ ਵਿੱਦਿਆ ਹਾਸਲ ਕਰਨ ਵਾਲੇ ਕੁਝ ਹੀ ਪਰਿਵਾਰਾਂ ਵਿੱਚੋਂ ਉਹਨਾਂ ਦੇ ਪਰਿਵਾਰ ਦੀ ਗਿਣਤੀ ਹੁੰਦੀ ਹੈ। ਉਨ੍ਹਾਂ ਦੀ ਪਤਨੀ ਵਰਿੰਦਰ ਕੌਰ ਸਰਕਾਰੀ ਨਰਸਿੰਗ ਟਰੇਨਿੰਗ ਸਕੂਲ ਸਰਕਾਰੀ ਹਸਪਤਾਲ ਬਠਿੰਡਾ ਵਿਖੇ ਨਰਸਿੰਗ ਟਿਊਟਰ ਲੱਗੇ ਹੋਏ ਹਨ। ਉਹ ਆਪਣੇ ਪਿੱਛੇ ਇੱਕ ਪੁੱਤਰ ਅਤੇ ਪਤਨੀ ਛੱਡ ਗਏ ਹਨ। ਬਲਜਿੰਦਰ ਸਿੰਘ ਉਰਫ ਜਗਪਾਲ ਸਿੰਘ ਦਾ ਸੰਸਕਾਰ ਉਹਨਾਂ ਦੇ ਜੱਦੀ ਪਿੰਡ ਫਤੂਹੀ ਵਾਲਾ/ਸਿੰਘੇ ਵਾਲਾ ਵਿਖੇ ਕੀਤਾ ਗਿਆ। ਉਦੋਂ ਇਲਾਕੇ ਦੇ ਮੋਹਤਬਰ ਤੇ ਪੰਚਾਇਤਾਂ ਦੇ ਮੈਂਬਰਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮੁਲਾਜ਼ਮ, ਲੇਖਕ, ਅਧਿਆਪਕ,ਸਿਆਸੀ ਆਗੂ, ਸਿੱਖਿਆ ਅਤੇ ਸਿਹਤ ਮਹਿਕਮੇ ਦੇ ਮੁਲਾਜ਼ਮ ਅਤੇ ਇਲਾਕਾ ਨਿਵਾਸੀ ਮੌਜੂਦ ਸਨ। ਉਹਨਾਂ ਨਮਿਤ ਅੰਤਿਮ ਅਰਦਾਸ ਪਿੰਡ ਫਤੂਹੀ ਵਾਲਾ/ਸਿੰਘੇਵਾਲਾ ਦੇ ਗੁਰਦੁਆਰਾ ਸਾਹਿਬ ਵਿਖੇ 8 ਦਸੰਬਰ ਸ਼ੁਕਰਵਾਰ ਨੂੰ ਕੀਤੀ ਜਾਵੇਗੀ। ਅਦਾਰਾ ਸਰੋਕਾਰਾਂ ਦੀ ਆਵਾਜ਼ ਇਸ ਦੁੱਖ ਦੀ ਘੜੀ 'ਚ ਸ਼ਰੀਕ ਹੁੰਦਾ ਹੈ।

*ਜਥੇਬੰਦਕ ਧਰਮਾਂ ਦਾ ਮਾਇਆਜਾਲ-੧੦*

# ਜਪ-ਤਪ-ਹਠ ਕਰਮ ਅਧਾਰਿਤ ਨਕਲੀ ਧਰਮ



ਹਰਚਰਨ ਸਿੰਘ ਪਰਹਾਰ
403-681-8689
hp8689@gmail.com

**ਨੋਟ: ਅੱਜ ਦੇ ਪ੍ਰਚਲਤ ਜਥੇਬੰਦਕ ਧਾਰਮਿਕ ਫਿਰਕਿਆਂ ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਕਰਮਕਾਂਡੀ ਮਾਇਆ ਜਾਲ ਵਿੱਚ ਫਸਾ ਲੈਂਦੇ ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ-ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲ-ਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ-ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁਝ ਧਰਮ ਵਾਲਾ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ ਤੇ ਧਰਮ ਨੂੰ ਖਤਰੇ ਦੇ ਨਾਮ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਦੇ ਅੰਧ ਵਿਸ਼ਵਾਸ਼ੀ ਸ਼ਰਧਾਲੂਆਂ ਤੇ ਇਸ ਤਿਕੜੀ ਤੋਂ ਹੈ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**

ਧਰਮ ਪੁਜਾਰੀਆਂ ਵਲੋਂ ਮਨੁੱਖਤਾ ਨੂੰ ਸੱਚ ਦੇ ਮਾਰਗ ਤੇ ਤੋਰਨ ਵਾਲ਼ੇ ਰਹਿਬਰਾਂ, ਮਹਾਨ ਇਨਕਲਾਬੀ ਮਹਾਂਪੁਰਸ਼ਾਂ ਦੇ ਨਾਮ ’ਤੇ ਬਣਾਏ ਧਰਮ ਰੂਪੀ ਫਿਰਕਿਆਂ ਦੀਆਂ ਦੁਕਾਨਾਂ ’ਤੇ ਸਭ ਤੋਂ ਵੱਧ ਜੇ ਕੋਈ ਸੌਦਾ ਵਿਕਦਾ ਹੈ ਤਾਂ ਉਹ ਜੰਤਰ, ਮੰਤਰ, ਤੰਤਰ ਦਾ ਹੈ। ਜਿਤਨਾ ਮਨੁੱਖ ਦਾ ਸੋਸ਼ਣ ਜੰਤਰ-ਮੰਤਰ-ਤੰਤਰ ਦੇ ਨਾਮ ਤੇ ਧਰਮ ਪੁਜਾਰੀਆਂ ਨੇ ਕੀਤਾ ਹੈ ਜਾਂ ਕਰ ਰਹੇ ਹਨ, ਉਤਨਾ ਹੋਰ ਕਿਸੇ ਕਰਮਕਾਂਡ, ਪਾਖੰਡ ਦੇ ਨਾਂ ’ਤੇ ਨਹੀਂ ਕੀਤਾ। ਇਸ ਵਿਸ਼ੇ ਬਾਰੇ ਹੋਰ ਗੱਲ ਕਰਨ ਤੋਂ ਪਹਿਲਾਂ ਜੰਤਰ-ਮੰਤਰ-ਤੰਤਰ ਦੀ ਸ਼ਬਦਿਕ ਪ੍ਰੀਭਾਸ਼ਾ ਬਾਰੇ ਜਾਣ ਲੈਣਾ ਲਾਭਦਾਇਕ ਰਹੇਗਾ।

ਡਿਕਸ਼ਨਰੀ ਅਨੁਸਾਰ ਜੰਤਰ ਦਾ ਅਰਥ-ਮਸ਼ੀਨ, ਟੂਣਾ ਜਾਂ ਕੋਈ ਖਾਸ ਕਲਾ। ਮੰਤਰ ਦਾ ਅਰਥ-ਸਲਾਹ ਮਸ਼ਵਰਾ, ਗੁਪਤ ਗੱਲ ਕਰਨਾ, ਕਿਸੇ ਖਾਸ ਸ਼ਬਦ ਨੂੰ ਕਿਸੇ ਦੇ ਲਾਭ ਜਾਂ ਨੁਕਸਾਨ ਲਈ ਵਰਤਣਾ, ਕਿਸੇ ਗ੍ਰੰਥ ਦਾ ਮੂਲ ਪਾਠ ਆਦਿ। ਤੰਤਰ ਦਾ ਅਰਥ-ਫੈਲਾਉਣਾ, ਵਿਸਤਾਰ ਕਰਨਾ, ਉਪਾਅ ਕਰਨਾ, ਯਤਨ ਕਰਨਾ, ਕਿਸੇ ਜਾਦੂ-ਟੂਣੇ ਆਦਿ ਨਾਲ ਉਪਾਅ ਜਾਂ ਨੁਕਸਾਨ ਕਰਨਾ।

ਪਰ ਆਮ ਤੌਰ ’ਤੇ ਨਕਲੀ ਧਰਮਾਂ ਵਿੱਚ ਇਨ੍ਹਾਂ ਦੇ ਅਰਥ ਇਸ ਤਰ੍ਹਾਂ ਲਏ ਜਾਂਦੇ ਹਨ। ਕਿਸੇ ਖਾਸ ਸ਼ਬਦ, ਵਾਕ, ਅੱਖਰ ਜਾਂ ਰੱਬ ਦੇ ਨਾਂ ਆਦਿ ਨੂੰ ਮੰਤਰ, ਉਸ ਮੰਤਰ ਨੂੰ ਕਿਸੇ ਕਾਗਜ਼ ਜਾਂ ਹੋਰ ਚੀਜ਼ ਆਦਿ ’ਤੇ ਲਿਖ ਲੈਣ ਜਾਂ ਤਬੀਤ ਬਣਾ ਕੇ ਦੇਣ ਨੂੰ ਜੰਤਰ ਅਤੇ ਮੰਤਰਾਂ-ਜੰਤਰਾਂ ਰਾਹੀਂ ਆਪਣੇ ਸ਼ਰਧਾਲੂਆਂ ਨੂੰ ਜਾਦੂ-ਟੂਣਿਆਂ, ਕਾਲਾ ਇਲਮ ਆਦਿ ਰਾਹੀਂ ਮੁਸੀਬਤਾਂ ਤੋਂ ਬਚਾਉਣ ਤੇ ਵਿਰੋਧੀਆਂ ਨੂੰ ਮੁਸੀਬਤਾਂ ਵਿੱਚ ਪਾਉਣਾ ਨੂੰ ਤੰਤਰ ਕਿਹਾ ਜਾਂਦਾ ਹੈ।

ਕੁਦਰਤ ਦੇ ਅਟੱਲ ਨਿਯਮਾਂ ਨੂੰ ਨਾ ਸਮਝਣ ਵਾਲੇ ਅੰਧ ਵਿਸ਼ਵਾਸੀ, ਲਾਲਚੀ ਬਿਰਤੀ ਤੇ ਡਰਪੋਕ ਮਾਨਸਿਕਤਾ ਵਾਲੇ ਲੋਕ ਅਕਸਰ ਪਾਂਧਿਆਂ, ਪ੍ਰੋਹਤਾਂ, ਪੁਜਾਰੀਆਂ, ਬਾਬਿਆਂ, ਸਾਧਾਂ-ਸੰਤਾਂ, ਤਾਂਤਰਿਕਾਂ, ਯੋਗੀਆਂ, ਸੰਨਿਆਸੀਆਂ ਆਦਿ ਦੇ ਚੁੰਗਲ ਵਿੱਚ ਫਸਦੇ ਹਨ। ਆਮ ਮਨੁੱਖ ਮਾਨਸਿਕ ਤੌਰ ’ਤੇ ਬਲਵਾਨ ਨਾ ਹੋਣ ਕਾਰਨ, ਆਪਣੀ ਡਰ ਤੇ ਲਾਲਚੀ ਬਿਰਤੀ ਅਧੀਨ ਜਦੋਂ ਉਨ੍ਹਾਂ ਨੂੰ ਕੋਈ ਥੋੜ੍ਹੀ ਬਹੁਤੀ ਮੁਸੀਬਤ ਪੈਂਦੀ ਹੈ ਤਾਂ ਉਸਦਾ ਸਾਹਮਣਾ ਕਰਨ, ਉਸਦਾ ਸਹੀ ਢੰਗ ਨਾਲ ਹੱਲ ਲੱਭਣ ਦੀ ਥਾਂ ਪੁਜਾਰੀਆਂ ਕੋਲ ਭੱਜਾ ਜਾਂਦਾ ਹੈ। ਹਰ ਧਰਮ ਦੇ ਪ੍ਰੋਹਿਤਾਂ ਪੁਜਾਰੀਆਂ ਨੇ ਬਚਪਨ ਤੋਂ ਮਨੁੱਖ ਦੀ ਮਾਨਸਿਕ ਘਾੜਤ ਅਜਿਹੇ ਢੰਗ ਨਾਲ ਘੜੀ ਹੁੰਦੀ ਹੈ ਕਿ ਉਹ ਕਦੇ ਵੀ ਆਪਣੇ ਮਸਲਿਆਂ ਨੂੰ ਆਪ ਹੱਲ ਕਰਨ ਦੇ ਸਮਰਥ ਨਾ ਹੋਣ ਕਾਰਨ, ਉਹ ਹਮੇਸ਼ਾਂ ਨਿਮਾਣਾ ਨਿਤਾਣਾ ਬਣ, ਅੱਖਾਂ ਮੀਟ ਕੇ ਉਸਦੇ ਜਾਂ ਉਸਦੇ ਬਣਾਏ ਰੱਬ, ਜਾਂ ਰੱਬ ਦੇ ਬਣਾਏ ਕਲਪਿਤ ਦੇਵੀ-ਦੇਵਤਿਆਂ ਅੱਗੇ ਹੱਥ ਜੋੜ ਕੇ, ਸਿਰ ਝੁਕਾ ਕੇ ਖੜ੍ਹਾ ਰਹੇ। ਉਹ ਕਦੇ ਵੀ ਆਪਣੀਆਂ ਸਮੱਸਿਆਵਾਂ ਨੂੰ ਆਪ ਹੱਲ ਕਰਨ ਜਾਂ ਆਪਣੇ ਸੰਗੀ ਸਾਥੀਆਂ ਨਾਲ ਰਲ-ਮਿਲ ਕੇ ਹੱਲ ਕਰਨ ਦੇ ਸਮਰੱਥ ਨਾ ਹੋਵੇ, ਸਗੋਂ ਹਰ ਮੁਸੀਬਤ ਮੌਕੇ ਮਨੁੱਖ ਆਪਣੇ ਹੱਥੀਂ ਬਣਾਏ ਬੁੱਤਾਂ, ਫੋਟੋਆਂ, ਮੂਰਤੀਆਂ, ਗ੍ਰੰਥਾਂ ਜਾਂ ਫਿਰ ਪੁਜਾਰੀਆਂ ਦੇ ਚਰਨਾਂ ਵਿੱਚ ਢਹਿ ਪਵੇ ਤੇ ਅੱਗੋਂ ਪੁਜਾਰੀ ਉਸਨੂੰ ਤਸੱਲੀ ਦੇਵੇ ਕਿ ਰੱਬ ਦੇ ਘਰ ਦੇਰ ਹੈ, ਅੰਧੇਰ ਨਹੀਂ, ਸਬਰ ਰੱਖੋ ਰੱਬ ਆਪੇ ਸਭ ਕੁਝ ਠੀਕ ਕਰੇਗਾ। ਇਹੀ ਵਜ੍ਹਾ ਹੈ ਕਿ ਜੰਤਰਾਂ-ਮੰਤਰਾਂ-ਤੰਤਰਾਂ ਦੀਆਂ ਕਲਪਿਤ ਕਰਾਮਾਤੀ ਸ਼ਕਤੀਆਂ, ਰਿਧੀਆਂ-ਸਿਧੀਆਂ, ਗੈਬੀ ਸ਼ਕਤੀਆਂ ਦੀ ਹੋਂਦ ਦੀ ਸੰਭਾਵਨਾ ਨੂੰ ਕੋਈ ਨਾਸਤਿਕ, ਕੋਈ ਤਰਕਸ਼ੀਲ ਵਿਅਕਤੀ ਤਾਂ ਭਾਵੇਂ ਰੱਦ ਕਰ ਦੇਵੇ, ਪਰ ਪੁਜਾਰੀਆਂ ਦੇ ਧਰਮਾਂ ਦਾ ਸ਼ਰਧਾਲੂ ਅਜਿਹੀ ਜ਼ੁਰਅਤ ਕਦੇ ਨਹੀਂ ਕਰ ਪਾਉਂਦਾ। ਉਸਨੂੰ ਹਮੇਸ਼ਾਂ ਇਹ ਸੋਚ ਲੱਗੀ ਰਹਿੰਦੀ ਹੈ ਕਿ ਜੇ ਮੈਂ ਵਿਰੋਧ ਕੀਤਾ, ਇਸਨੂੰ ਰੱਦ ਕੀਤਾ, ਮੇਰਾ ਕਿਤੇ ਨੁਕਸਾਨ ਹੀ ਨਾ ਹੋ ਜਾਵੇ ਜਾਂ ਹੋ ਸਕਦਾ ਇਸ ਵਿੱਚ ਕੋਈ ਸਚਾਈ ਹੀ ਹੋਵੇ। ਚਲੋ ਅਸੀਂ ਕੀ ਲੈਣਾ, ਜੋ ਕਰਨਗੇ ਉਹ ਭਰਨਗੇ। ਅਜਿਹੇ ਸ਼ਰਧਾਲੂ ਅਕਸਰ ਅਜਿਹਾ ਕਹਿੰਦੇ ਵੀ ਸੁਣੇ ਜਾਂਦੇ ਹਨ ਕਿ ਇਹ ਰਿਧੀਆਂ-ਸਿਧੀਆਂ, ਟੂਣੇ-ਟਾਮਣੇ, ਜਾਦੂ-ਟੂਣੇ, ਕਾਲੇ ਇਲਮ, ਗੈਬੀ ਸ਼ਕਤੀਆਂ ਆਦਿ ਹੁੰਦੇ ਤਾਂ ਹਨ, ਪਰ ਉਸ ਲਈ ਹੀ ਹਨ, ਜੋ ਇਸਨੂੰ ਮੰਨਦੇ ਹਨ। ਸ਼ਰਧਾਲੂ ਲੋਕਾਂ ਦੀ ਅਜਿਹੀ ਸੋਚ ਕਾਰਨ ਹੀ ਪੁਜਾਰੀਆਂ ਦਾ ਜੰਤਰਾਂ-ਮੰਤਰਾਂ-ਤੰਤਰਾਂ ਦਾ ਧੰਦਾ ਹਜ਼ਾਰਾਂ ਸਾਲਾਂ ਤੋਂ ਬਦਸਤੂਰ ਜਾਰੀ ਹੈ। ਬੇਸ਼ੱਕ ਇਹ ਵੀ ਸੱਚਾਈ ਹੈ ਕਿ ਜਿਹੜਾ ਵਿਅਕਤੀ ਮਾਨਸਿਕ ਤੌਰ ’ਤੇ ਬਲਵਾਨ ਹੈ, ਅਜਿਹੀਆਂ ਕਿਸੇ ਤਰ੍ਹਾਂ ਦੀਆਂ ਗੈਬੀ ਸ਼ਕਤੀਆਂ, ਤੰਤਰਾਂ-ਮੰਤਰਾਂ ਵਿੱਚ ਯਕੀਨ ਨਹੀਂ ਕਰਦਾ, ਉਸ ’ਤੇ ਇਸਦਾ ਕੋਈ ਅਸਰ ਨਹੀਂ ਹੁੰਦਾ ਤੇ ਵੈਸੇ ਵੀ ਇਨ੍ਹਾਂ ਵਿੱਚ ਕੋਈ ਸਚਾਈ ਵੀ ਨਹੀਂ ਹੁੰਦੀ, ਪਰ ਮਾਨਸਿਕ ਤੌਰ ’ਤੇ ਨਿਮਾਣੇ, ਨਿਤਾਣੇ, ਕਮਜ਼ੋਰ ਮਨੁੱਖ ਪਹਿਲਾਂ ਹੀ ਬਹੁਤ ਸਾਰੇ ਵਹਿਮਾਂ, ਭਰਮਾਂ, ਡਰਾਂ ਦਾ ਸ਼ਿਕਾਰ ਹੁੰਦੇ ਹਨ, ਜਦੋਂ ਕੋਈ ਘਟਨਾ ਅਚਾਨਕ ਜਾਂ ਕੁਦਰਤੀ ਵਾਪਰ ਜਾਵੇ ਤਾਂ ਉਹ ਇਸਨੂੰ ਅਜਿਹੀਆਂ ਰਿਧੀਆਂ-ਸਿਧੀਆਂ, ਕਰਾਮਾਤਾਂ, ਮੰਤਰਾਂ-ਜੰਤਰਾਂ ਨਾਲ ਜੋੜ ਲੈਂਦੇ ਹਨ।

ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੁਦਰਤ ਦੇ ਅਟੱਲ ਨਿਯਮਾਂ ਵਿੱਚ ਅਜੇ ਵੀ ਅਜਿਹੇ ਅਨੇਕਾਂ ਭੇਤ ਹਨ, ਜੋ ਅਜੇ ਮਨੁੱਖੀ ਸੂਝ ਤੋਂ ਪਰ੍ਹਾਂ ਦੀ ਗੱਲ ਹਨ, ਸਾਡੇ ਅਨੇਕਾਂ ਸਾਇੰਸਦਾਨ ਕੁਦਰਤ ਦੇ ਅਜਿਹੇ ਗੁੱਝੇ ਭੇਦਾਂ ਨੂੰ ਸਦੀਆਂ ਤੋਂ ਲੱਭਣ ਦਾ ਯਤਨ ਕਰ ਰਹੇ ਹਨ, ਉਨ੍ਹਾਂ ਦੇ ਇਨ੍ਹਾਂ ਯਤਨਾਂ ਸਦਕਾ ਹੀ ਅੱਜ ਮਨੁੱਖ ਜਿੱਥੇ ਅਨੇਕਾਂ ਦੁਨਿਆਵੀ ਸੁੱਖ-ਸਹੂਲਤਾਂ ਮਾਣ ਰਿਹਾ ਹੈ, ਉਥੇ ਉਸਨੇ ਕੁਦਰਤ ਦੀਆਂ ਅਨੇਕਾਂ ਕ੍ਰੋਪੀਆਂ ਤੋਂ ਛੁਟਕਾਰਾ ਵੀ ਪਾਇਆ ਹੈ। ਇਹ ਸਭ ਕੁਦਰਤ ਦੇ ਨਿਯਮਾਂ ਨੂੰ ਜਾਨਣ, ਉਨ੍ਹਾਂ ਦੇ ਅੰਦਰ ਛੁਪੇ ਗੁੱਝੇ ਭੇਦਾਂ ਨੂੰ ਲੱਭਣ ਨਾਲ ਹੀ ਸੰਭਵ ਹੋ ਸਕਿਆ ਹੈ। ਜੋ ਸੁੱਖ-ਸਹੂਲਤਾਂ, ਅੱਜ ਦਾ ਮਨੁੱਖ (ਕਰਾਮਾਤਾਂ ਤੇ ਗੈਬੀ ਸ਼ਕਤੀਆਂ ਵਿੱਚ ਯਕੀਨ ਕਰਨ ਵਾਲਿਆਂ ਸਮੇਤ) ਮਾਣ ਰਿਹਾ ਹੈ, ਉਹ ਸਭ ਸਾਇੰਸਦਾਨਾਂ ਦੀਆਂ ਸੈਂਕੜੇ ਸਾਲਾਂ ਦੀਆਂ ਅਣਥਕ ਘਾਲਣਾਵਾਂ ਦਾ ਨਤੀਜਾ ਹੈ। ਸੋਚੋ! ਪਿਛਲੇ 6000 ਸਾਲ ਦੇ ਧਰਮਾਂ ਦੇ ਇਤਿਹਾਸ ਵਿੱਚ ਪੈਦਾ ਹੋਏ ਅਨੇਕਾਂ ਜਪੀਆਂ, ਤਪੀਆਂ, ਸਾਧਾਂ, ਸੰਨਿਆਸੀਆਂ, ਤਾਂਤਰਿਕਾਂ ਆਦਿ ਦੀ ਸਾਰੀ ਉਮਰ ਦੀ ਭਗਤੀ, ਜਪ-ਤਪ, ਜਾਦੂ-ਟੂਣਿਆਂ, ਮੰਤਰਾਂ-ਜੰਤਰਾਂ ਨੇ ਮਨੁੱਖਤਾ ਦਾ ਕੀ ਭਲਾ ਕੀਤਾ ਹੈ? ਕੀ ਪੁਜਾਰੀਆਂ ਤੋਂ ਇਹ ਸਵਾਲ ਪੁੱਛਣਾ ਨਹੀਂ ਬਣਦਾ? ਗੈਬੀ ਸ਼ਕਤੀਆਂ ਤੇ ਕਰਾਮਾਤਾਂ ਦੀਆਂ ਅਲੌਕਿਕ ਸ਼ਕਤੀਆਂ ਨਾਲ ਸਭ ਕੁਝ ਕਰਨ ਦੇ ਸਮਰੱਥ ਇਹ ਤਾਂਤਰਿਕ, ਸੰਨਿਆਸੀ, ਬ੍ਰਹਮ ਗਿਆਨੀ ਦੱਸਣ ਕਿ ਇਨ੍ਹਾਂ ਸ਼ਕਤੀਆਂ ਨਾਲ ਅੱਜ ਤੱਕ ਉਨ੍ਹਾਂ ਨੇ ਮਨੁੱਖ ਲਈ ਕੀ ਕਦੇ ਕੋਈ ਸੁੱਖ-ਸਹੂਲਤ ਪੈਦਾ ਕੀਤੀ ਹੈ? ਇਨ੍ਹਾਂ ਸ਼ਕਤੀਆਂ ਨਾਲ ਮਨੁੱਖਤਾ ਦਾ ਕੀ ਭਲਾ ਕੀਤਾ ਹੈ? ਜੇ ਇਹ ਸ਼ਕਤੀਆਂ ਇੰਨੀਆਂ ਹੀ ਸੱਚੀਆਂ ਤੇ ਉਪਯੋਗੀ ਹਨ ਤਾਂ ਇਨ੍ਹਾਂ ਨੂੰ ਪਾਉਣ ਦਾ ਉਹ ਫਾਰਮੂਲਾ ਸਾਇੰਸਦਾਨਾਂ ਵਾਂਗ ਸਭ ਨੂੰ ਖੁਲ੍ਹੇਆਮ ਦੱਸ ਕਿਉਂ ਨਹੀਂ ਦਿੰਦੇ? ਜਾਂ ਉਨ੍ਹਾਂ ਦੀਆਂ ਭਗਤੀਆਂ, ਜਪ-ਤਪ, ਮੰਤਰਾਂ-ਜੰਤਰਾਂ ਆਦਿ ਨਾਲ ਉਨ੍ਹਾਂ ਵਿੱਚ ਕੋਈ ਅਲੌਕਿਕ ਸ਼ਕਤੀ ਹੈ ਤਾਂ ਉਹ ਦੁਨੀਆਂ ਦਾ ਕਿਸੇ ਖੇਤਰ ਵਿੱਚ ਕੋਈ ਭਲਾ ਕਰਕੇ ਕਿਉਂ ਨਹੀਂ ਦਿਖਾਉਂਦੇ? ਅਜਿਹਾ ਕਰਕੇ ਉਹ ਤਰਕਸ਼ੀਲ਼ਾਂ ਦਾ ਮੂੰਹ ਬੰਦ ਕਰਨ ਤੇ ਲੋਕ ਵੀ ਉਨ੍ਹਾਂ ਨੂੰ ਪਾਖੰਡੀ ਨਾ ਕਹਿਣ। ਪਰ ਨਹੀਂ, ਉਹ ਤਾਂ ਅੰਧ ਵਿਸ਼ਵਾਸੀ ਤੇ ਮਾਨਸਿਕ ਤੌਰ ਦੇ ਗੁਲਾਮ ਸ਼ਰਧਾਲੂਆਂ ਦੀ ਇਨ੍ਹਾਂ ਅਖੌਤੀ ਸ਼ਕਤੀਆਂ ਦੇ ਨਾਮ ਤੇ ਲੁੱਟ ਕਰਨਾ ਹੀ ਜਾਣਦੇ ਹਨ। ਬੜੀ ਹੈਰਾਨੀ ਹੁੰਦੀ ਹੈ, ਉਨ੍ਹਾਂ ਸ਼ਰਧਾਲੂਆਂ ਤੋਂ, ਜੋ ਇੱਕ ਅਖੌਤੀ ਗੁਰੂ ਤੋਂ ਲੁੱਟ ਹੋ ਕੇ, ਆਪਣਾ ਸ਼ੋਸ਼ਣ ਕਰਵਾ ਕੇ, ਕੁਝ ਸਮੇਂ ਬਾਅਦ ਕਿਸੇ ਹੋਰ ਦੇ ਪੈਰਾਂ ਵਿੱਚ ਡਿਗੇ ਹੁੰਦੇ ਹਨ। ਅਸਲ ਵਿੱਚ ਧਰਮ, ਜਿਸਦਾ ਅਸਲ ਮਾਰਗ ਮਨੁੱਖੀ ਮਨ (ਦਿਮਾਗ ਜਾਂ ਆਤਮਾ ਆਦਿ) ਦੇ ਬੁਨਿਆਦੀ ਔਗੁਣਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ) ਤੋਂ ਜਾਣੂ ਕਰਾ ਕੇ, ਉਸਨੂੰ ਸੱਚ ਦਾ ਮਾਰਗ ਦਿਖਾਉਣਾ, ਇਨ੍ਹਾਂ ਔਗੁਣਾਂ ਦੀ ਆਪਣੇ ਤੇ ਸਮਾਜ ਲਈ ਸੁਚੱਜੀ ਵਰਤੋਂ ਕਰਨਾ ਜਾਂ ਇਨ੍ਹਾਂ ਨੂੰ ਕਾਬੂ ਵਿੱਚ ਰੱਖ ਕੇ ਸਬਰ, ਸੰਤੋਖ ਤੇ ਕੁਦਰਤ ਦੇ ਭਾਣੇ ਵਿੱਚ ਰਹਿਣ ਦੀ ਜੀਵਨ ਜਾਚ ਦੇਣਾ ਸੀ, ਪਰ ਪੁਜਾਰੀਆਂ ਨੇ ਮਨੁੱਖ ਨੂੰ ਇਸ ਪਾਸੇ ਤੋਰਨ ਦੀ ਥਾਂ ਵਹਿਮਾਂ, ਭਰਮਾਂ, ਪਾਖੰਡਾਂ, ਕਰਮਕਾਂਡਾਂ, ਜਾਦੂ-ਟੂਣਿਆਂ, ਕਰਾਮਾਤਾਂ ਆਦਿ ਦੇ ਚੱਕਰ ਵਿੱਚ ਪਾ ਕੇ ਧਰਮ ਨੂੰ ਮਨੁੱਖ ਦਾ ਮਾਨਸਿਕ, ਸਰੀਰਕ, ਆਰਥਿਕ ਸੋਸ਼ਣ ਕਰਨ ਦਾ ਧੰਦਾ ਬਣਾ ਦਿੱਤਾ ਹੈ।

ਧਰਮਾਂ ਦੇ ਵੱਖ-ਵੱਖ ਗ੍ਰੰਥ ਅਜਿਹੇ ਮੰਤਰਾਂ-ਜੰਤਰਾਂ-ਤੰਤਰਾਂ ਦੇ ਕਿੱਸੇ ਕਹਾਣੀਆਂ ਨਾਲ ਭਰੇ ਪਏ ਹਨ। ਦੁਨੀਆਂ ਦਾ ਕੋਈ ਵੀ ਰਹਿਬਰ, ਪੀਰ-ਪੈਗੰਬਰ, ਗੁਰੂ, ਮਹਾਂਪੁਰਸ਼ ਅਜਿਹਾ ਨਹੀਂ ਮਿਲੇਗਾ, ਜਿਸਦੇ ਜੀਵਨ ਨਾਲ਼ ਉਸਦੇ ਮਰਨ ਉਪਰੰਤ ਪੁਜਾਰੀਆਂ ਜਾਂ ਸ਼ਰਧਾਲੂਆਂ ਵਲੋਂ ਕਰਾਮਾਤੀ ਕਥਾ-ਕਹਾਣੀਆਂ ਨਾ ਘੜੀਆਂ ਹੋਣ। ਵੱਡੇ-ਵੱਡੇ ਰਿਸ਼ੀਆਂ-ਮੁਨੀਆਂ, ਤਾਂਤਾਰਿਕਾਂ ਨੂੰ ਜੰਗਲਾਂ-ਪਹਾੜਾਂ ਵਿੱਚ ਜਾ ਕੇ ਘੋਰ ਤਪੱਸਿਆ ਕਰਦੇ, ਮੰਤਰਾਂ ਦਾ ਜਾਪ ਕਰਦੇ ਦਿਖਾਇਆ ਗਿਆ ਹੈ ਤਾਂ ਕਿ ਦੱਸਿਆ ਜਾ ਸਕੇ ਕਿ ਇਨ੍ਹਾਂ ਭਾਰੀ ਤਪੱਸਿਆਵਾਂ ਨਾਲ ਉਨ੍ਹਾਂ ਕੋਲ਼ ਕੁਦਰਤ ਦੇ ਅਟੱਲ ਨਿਯਮਾਂ ਨੂੰ ਉਲਟਾਉਣ ਦੀਆਂ ਸ਼ਕਤੀਆਂ ਸਨ, ਇਹ ਸ਼ਕਤੀਆਂ ਉਨ੍ਹਾਂ ਭਾਰੀ ਤਪਾਂ ਨਾਲ ਪ੍ਰਾਪਤ ਕਰ ਲਈਆਂ ਸਨ। ਹੁਣ ਤੁਸੀਂ ਪੁਜਾਰੀ ਦੁਆਰਾ ਦੱਸੀ ਕਠਿਨ ਮਰਿਯਾਦਾ ਅਨੁਸਾਰ ਪੂਜਾ-ਪਾਠ ਕਰਾਓ, ਕਰਮ-ਕਾਂਡ ਨਿਭਾਉ, ਤੁਹਾਨੂੰ ਸਭ ਮਨੋ ਮੰਗੀਆਂ ਮੁਰਾਦਾਂ ਮਿਲਣਗੀਆਂ, ਤੁਹਾਡੇ ਵਿਰੋਧੀਆਂ ਦਾ ਸਰਬਨਾਸ਼ ਹੋ ਜਾਵੇਗਾ। ਸ਼ਾਇਦ ਹੀ ਕਿਸੇ ਧਰਮ ਦਾ ਗ੍ਰੰਥ ਗੈਰ-ਕੁਦਰਤੀ ਕਰਾਮਾਤੀ ਕਥਾ-ਕਹਾਣੀਆਂ ਤੋਂ ਬਚਿਆ ਹੋਵੇ, ਜੇ ਕੋਈ ਬਚਿਆ ਵੀ ਹੋਵੇ ਤਾਂ ਉਸਦੇ ਨਾਲ ਅਨੇਕਾਂ ਹੋਰ ਨਕਲੀ ਗ੍ਰੰਥ ਪੁਜਾਰੀਆਂ ਵਲੋਂ ਲਿਖ ਕੇ ਪ੍ਰਚਾਰੇ ਜਾਂਦੇ ਹਨ ਤਾਂ ਕਿ ਸ਼ਰਧਾਲੂ ਮਨੁੱਖ ਦਾ ਅਜਿਹੀਆਂ ਅਖੌਤੀ ਕਰਾਮਾਤਾਂ, ਗੈਬੀ ਸ਼ਕਤੀਆਂ ਤੇ ਇਨ੍ਹਾਂ ਨੂੰ ਵੱਸ ਕਰਨ ਜਾਂ ਇਨ੍ਹਾਂ ਦੇ ਉਪਯੋਗ ਆਪਣੇ ਹੱਕ ਵਿੱਚ ਕਰਨ ਤੇ ਵਿਰੋਧੀਆਂ ਦੇ ਵਿਰੁੱਧ ਕਰਨ ਵਿੱਚ ਬਣਿਆ ਰਹੇ। ਧਰਮਾਂ ਦੀ ਦੁਨੀਆਂ ਵਿੱਚ ਤੁਹਾਨੂੰ ਜੰਤਰਾਂ, ਮੰਤਰਾਂ, ਤੰਤਰਾਂ, ਕਰਾਮਾਤਾਂ, ਗੈਬੀ ਸ਼ਕਤੀਆਂ, ਗੈਬੀ ਰੂਹਾਂ ਵੱਸ ਕਰਨ, ਆਦਿ ਦੇ ਅਨੇਕਾਂ ਸ਼ਾਸਤਰ, ਗ੍ਰੰਥ, ਸ਼ਰਧਾ ਪੂਰਨ ਤੇ ਦੁੱਖ ਹਰਨ ਵਾਲੇ ਦੁੱਖ ਭਮਜਨੀ ਗੁਟਕੇ ਮਿਲ ਜਾਂਦੇ ਹਨ। ਜਿਨ੍ਹਾਂ ਵਿੱਚ ਵੱਖ-ਵੱਖ ਵਿਧੀਆਂ ਰਾਹੀਂ ਰਿਧੀਆਂ-ਸਿਧੀਆਂ, ਕਰਾਮਾਤੀ ਸ਼ਕਤੀਆਂ ਹਾਸਿਲ ਕਰਨ ਦੇ ਢੰਗ ਤਰੀਕੇ, ਪੂਜਾ-ਪਾਠ ਦੇ ਸਾਧਨ, ਜਪ-ਤਪ ਕਰਨ ਦੇ ਸਾਧਨ ਆਦਿ ਦੱਸੇ ਹੁੰਦੇ ਹਨ ਤਾਂ ਕਿ ਮਨੁੱਖ ਇਨ੍ਹਾਂ ਮੰਤਰਾਂ-ਜੰਤਰਾਂ ਦੀਆਂ ਸ਼ਕਤੀਆਂ ਨਾਲ਼ ਆਪਣੀਆਂ ਮਨੋ-ਕਾਮਨਾਵਾਂ ਪੂਰੀਆਂ ਕਰ ਸਕੇ, ਆਪਣੇ ਵਿਗੜੇ ਕਾਰਜ ਸਵਾਰ ਸਕੇ, ਦੂਜੇ ਲੋਕਾਂ ਤੇ ਆਪਣਾ ਪ੍ਰਭਾਵ ਬਣਾ ਸਕੇ, ਨਾਲ਼ ਹੀ ਨਾਲ਼ ਆਪਣੇ ਵਿਰੋਧੀਆਂ ਨੂੰ ਚਿੱਤ ਕਰ ਸਕੇ, ਉਨ੍ਹਾਂ ਦਾ ਆਪਣੇ ਲਾਭ ਲਈ ਨੁਕਸਾਨ ਕਰ ਸਕੇ।

ਪੁਜਾਰੀਆਂ ਦੇ ਨਕਲੀ ਧਰਮਾਂ ਦੇ ਇਤਿਹਾਸ ਨੂੰ ਪੜ੍ਹਨ ਤੋਂ ਇਹ ਸਮਝ ਵੀ ਪੈਂਦੀ ਹੈ ਕਿ ਗੈਬੀ ਤੇ ਕਰਾਮਾਤੀ ਸ਼ਕਤੀਆਂ ਦਾ ਭੁਲੇਖਾ ਪਾ ਕੇ (ਜਿਹੜਾ ਕੇ ਆਮ ਤੌਰ ’ਤੇ ਜਾਦੂ ਦਾ ਟਰਿਕ, ਹੱਥ ਦੀ ਸਫਾਈ ਜਾਂ ਸਾਇੰਸ ਦਾ ਕੋਈ ਪ੍ਰਯੋਗ ਹੀ ਹੁੰਦਾ ਹੈ) ਪ੍ਰਸਿੱਧੀ ਹਾਸਿਲ ਕਰ ਬੈਠੇ ਤਾਂਤਰਿਕਾਂ, ਸਾਧਾਂ, ਸਿੱਧਾਂ, ਬ੍ਰਹਮ ਗਿਆਨੀਆਂ, ਯੋਗੀਆਂ ਆਦਿ ਨੇ ਹੋ ਸਕਦਾ ਕਿਸੇ ਇੱਕਾ-ਦੁੱਕਾ ਵਿਅਕਤੀ ਦਾ ਕੋਈ ਕੰਮ ਸੰਵਾਰ ਦਿੱਤਾ ਹੋਵੇ (ਹੋ ਸਕਦਾ ਉਹ ਕੰਮ ਕੁਦਰਤੀ ਹੋ ਗਿਆ ਹੋਵੇ ਜਾਂ ਉਸ ਪਿਛੇ ਕੋਈ ਹੋਰ ਕਾਰਨ ਹੋਵੇ), ਪਰ ਇਨ੍ਹਾਂ ਵਿੱਚੋਂ ਕਿਸੇ ਨੇ ਕਦੇ ਕੋਈ ਅਜਿਹਾ ਉਦਮ ਨਹੀਂ ਕੀਤਾ, ਜਿਸ ਤੋਂ ਸਮੂਹ ਜਗਤ ਦੀ ਭਲਾਈ ਹੋਈ ਹੋਵੇ, ਨਾ ਹੀ ਇਨ੍ਹਾਂ ਵਿੱਚੋਂ ਅਜੇ ਤੱਕ ਕੋਈ ਮਨੁੱਖ, ਮੰਤਰਾਂ-ਜੰਤਰਾਂ ਰਾਹੀਂ ਕੋਈ ਕਾਰਜ ਰਾਸ ਕਰਨ ਦਾ ਜਾਂ ਕਿਸੇ ਦਾ ਨੁਕਸਾਨ ਕਰਨ ਦਾ ਸਰਬਸਾਂਝਾ ਸਿਧਾਂਤ ਹੀ ਦੇ ਸਕੇ ਹਨ। ਜਿਸ ਤਰ੍ਹਾਂ ਸਾਇੰਸਦਾਨ, ਮਨੁੱਖ ਨੂੰ ਸਾਰੀ ਦੁਨੀਆਂ ਵਿੱਚ ਵਰਤਣ ਲਈ ਸਰਬ ਸਾਂਝੇ ਸਿਧਾਂਤ ਬਖਸ਼ਦੇ ਹਨ। ਜਿਸਨੂੰ ਵਰਤ ਕੇ, ਪ੍ਰਯੋਗ ਕਰਕੇ ਦੁਨੀਆਂ ਵਿੱਚ ਕਿਤੇ ਵੀ ਕੋਈ ਵਿਅਕਤੀ ਲਾਭ ਉਠਾ ਸਕਦਾ ਹੈ।

ਅਨੇਕਾਂ ਧਰਮ ਸਥਾਨਾਂ ’ਤੇ ਅਜਿਹੇ ਸਾਧਾਂ-ਸੰਤਾਂ-ਤਾਂਤਰਿਕਾਂ ਆਦਿ ਨੇ ਜੰਤਰਾਂ-ਮੰਤਰਾਂ, ਜਾਦੂ-ਟੂਣਿਆਂ ਆਦਿ ਨਾਲ ਲੋਕਾਂ ਦੇ ਰੋਗ ਕੱਟਣ, ਮਨੋ-ਇੱਛਤ ਫਲ਼ ਪ੍ਰਾਪਤ ਕਰਨ, ਸਾਰੀਆਂ ਮੁਸੀਬਤਾਂ ਦੇ ਹੱਲ ਆਦਿ ਦਾ ਭਰਮ ਬਣਾਇਆ ਹੋਇਆ ਹੈ। ਲੱਖਾਂ ਲੋਕ ਦੁਨੀਆਂ ਭਰ ਵਿੱਚ ਅਜਿਹੇ ਸਥਾਨਾਂ ’ਤੇ ਜਾ ਕੇ ਮੱਥੇ ਰਗੜਦੇ ਹਨ, ਜਪ-ਤਪ ਕਰਦੇ ਹਨ, ਵਿਧੀ ਅਨੁਸਾਰ ਪੂਜਾ-ਪਾਠ ਕਰਦੇ ਹਨ, ਸਿਰ ਮਾਰ-ਮਾਰ ਨੱਚਦੇ ਹਨ, ਆਪਣੇ ਸਰੀਰ ਨੂੰ ਕਸ਼ਟ ਦਿੰਦੇ ਹਨ, ਮੰਤਰੇ ਹੋਏ ਧਾਗੇ ਤਬੀਤ, ਪਾਣੀ ਆਦਿ ਲਿਆਉਂਦੇ ਹਨ। ਫਿਰ ਅਜਿਹੇ ਪੁਜਾਰੀਆਂ ਦੇ ਸ਼ਰਧਾਲੂ ਆਪਣੇ ਦੁੱਖ ਕੱਟ ਹੋਣ, ਸੁੱਖਣਾ ਪੂਰੀ ਹੋਣ, ਸਰਿਕ ਰੋਗ ਕੱਟੇ ਜਾਣ ਦੀਆਂ ਕਹਾਣੀਆਂ ਵੀ ਸੁਣਾਉਂਦੇ ਹਨ। ਪਰ ਇਨ੍ਹਾਂ ਤਾਂਤਰਿਕਾਂ, ਬਾਬਿਆਂ ਦਾ ਇਲਾਜ ਸਿਰਫ ਡੇਰੇ ਤੱਕ ਹੀ ਸੀਮਤ ਹੁੰਦਾ ਹੈ। ਉਨ੍ਹਾਂ ਦੇ ਮੰਤਰਾਂ-ਜੰਤਰਾਂ ਦੀ ਵਿਧੀਆਂ ਨੂੰ ਸਕੂਲਾਂ-ਕਾਲਜਾਂ ਵਿੱਚ ਪੜ੍ਹਾ ਕੇ ਸਾਰੀ ਮਨੁੱਖਤਾ ਦਾ ਭਲਾ ਕਿਉਂ ਨਹੀਂ ਕੀਤਾ ਜਾਂਦਾ? ਅਸਲ ਵਿੱਚ ਉਥੇ ਭਰਮ ਗ੍ਰਸੇ, ਮਾਨਸਿਕ ਬੀਮਾਰ ਤੇ ਮੰਦ ਬੁੱਧੀ ਲੋਕ ਹੀ ਜਾਂਦੇ ਹਨ ਤੇ ਉਨ੍ਹਾਂ ਨੂੰ ਹੀ ਬੀਮਾਰ ਹੋਣ ਤੇ ਠੀਕ ਹੋਣ ਦਾ ਭਰਮ ਹੁੰਦਾ ਹੈ। ਉਨ੍ਹਾਂ ਵਿਚੋਂ ਬਹੁਤਿਆਂ ਦੀਆ ਬੀਮਾਰੀਆਂ ਵੀ ਅਸਲ ਵਿੱਚ ਮਾਨਸਿਕ ਹੀ ਹੁੰਦੀਆਂ ਹਨ। ਇਹੀ ਵਜ੍ਹਾ ਹੈ ਕਿ ਵਿਗਿਆਨੀਆਂ ਦੀਆਂ ਖੋਜਾਂ ਨਾਲ਼ ਬਣਾਈਆਂ ਦਵਾਈਆਂ ਦੀ ਵਰਤੋਂ ਕਰਕੇ ਡਾਕਟਰਾਂ ਵਲੋਂ ਰੋਜ਼ਾਨਾ ਲੱਖਾਂ ਲੋਕਾਂ ਦੇ ਇਲਾਜ ਕੀਤੇ ਜਾਂਦੇ ਹਨ, ਸਰਜਰੀਆਂ ਹੁੰਦੀਆਂ ਹਨ, ਲੋਕ ਮੌਤ ਦੇ ਮੂੰਹ ਵਿਚੋਂ ਬਚ ਆਉਂਦੇ ਹਨ ਤੇ ਦੁਨੀਆਂ ਭਰ ਵਿੱਚ ਸਾਇੰਸਦਾਨਾਂ ਦੀਆਂ ਖੋਜਾਂ ਨੂੰ ਸਰਕਾਰੀ ਪੱਧਰ ’ਤੇ ਮਾਨਤਾ ਮਿਲ਼ੀ ਹੁੰਦੀ ਹੈ, ਪਰ ਅਜੇ ਤੱਕ ਕਿਸੇ ਤਾਂਤਰਿਕ, ਯੋਗੀ, ਸੰਨਿਆਸੀ, ਬ੍ਰਹਮ ਗਿਆਨੀ ਦੇ ਜਾਣੂ-ਟੂਣੇ, ਜੰਤਰ-ਮੰਤਰ ਨੂੰ ਕਿਸੇ ਨੇ ਮਾਨਤਾ ਨਹੀਂ ਦਿੱਤੀ, ਕਿਉਂਕਿ ਇਹ ਸਭ ਮਨੁੱਖ ਦੇ ਮਾਨਸਿਕ ਭਰਮ ਦੀ ਉਪਜ ਹਨ ਤੇ ਉਸਦੇ ਭਰਮ ਦਾ ਲਾਭ ਉਠਾ ਕੇ ਹੀ ਉਹ ਮਨੁੱਖ ਨੂੰ ਲੁੱਟਦੇ ਹਨ। ਬੇਸ਼ੱਕ ਜੰਤਰਾਂ-ਮੰਤਰਾਂ ਦੀਆਂ ਕਰਾਮਾਤੀ ਸ਼ਕਤੀਆਂ ਦੀ ਭਰਮਾਰ ਵੇਦਾਂ, ਸ਼ਾਸਤਰਾਂ, ਧਰਮ ਗ੍ਰੰਥਾਂ, ਪੁਰਾਣਾਂ ਆਦਿ ਵਿੱਚ ਮਿਲਦੀ ਹੈ, ਪਰ ਇਨ੍ਹਾਂ ਦੇ ਜੰਤਰ-ਮੰਤਰ ਰੂਪੀ ਟੋਟਕਿਆਂ ਨੂੰ ਕਦੇ ਕਿਸੇ ਸਕੂਲ, ਕਾਲਜ, ਯੂਨੀਵਰਸਿਟੀ ਦੇ ਸਿਲੇਬਸ ਵਿੱਚ ਮਾਨਤਾ ਨਹੀਂ ਮਿਲ ਸਕੀ ਕਿਉਂਕਿ ਇਹ ਸਿਰਫ ਭਰਮਜ਼ਾਲ ਹੈ। ਇਸ ਵਿੱਚ ਕੋਈ ਸਚਾਈ ਨਹੀਂ ਹੈ।

ਅਸਲ ਵਿੱਚ ਅਜਿਹੇ ਟੂਣੇਹਾਰ, ਮਦਾਰੀਆਂ, ਸਿੱਧਾਂ, ਤਾਂਤਰਿਕਾਂ ਦੀ ਕਥਿਤ ਕਰਾਮਾਤੀ ਸ਼ਕਤੀ ਪ੍ਰਤੀ ਅਗਿਆਨੀ ਸ਼ਰਧਾਲੂਆਂ ਤੇ ਮਾਨਸਿਕ ਰੋਗੀਆਂ ਦਾ ਬਣਿਆ ਵਿਸ਼ਵਾਸ ਤੇ ਸ਼ਰਧਾ ਹੀ ਕਦੇ ਕਦਾਈਂ ਕੋਈ ਰੋਗ ਹਟਾ ਦਿੰਦੀ ਹੈ ਜਾਂ ਕੋਈ ਕੰਮ ਪੂਰਾ ਹੋ ਜਾਂਦਾ, ਪਰ ਅਜਿਹੀਆਂ ਭਰਮ ਗ੍ਰਸੀਆਂ ਸਚਾਈਆਂ ਤੋਂ ਟਪਲ਼ਾ ਖਾ ਕੇ ਭਰਮੀ ਲੋਕ ਹਜ਼ਾਰਾਂ ਸਾਲਾਂ ਤੋਂ ਯੋਗੀਆਂ ਦੇ ਮੱਠਾਂ, ਪੀਰਾਂ-ਫਕੀਰਾਂ ਦੀਆਂ ਦਰਗਾਹਾਂ, ਕਥਿਤ ਸਿਆਣਿਆਂ ਦੇ ਦਰਬਾਰਾਂ ਤੇ ਤਾਂਤਰਿਕਾਂ ਦੇ ਡੇਰਿਆਂ ਤੋਂ ਆਪਣੇ ਦੁੱਖਾਂ ਦੀ ਨਵਿਰਤੀ ਦਾ ਇਲਾਜ ਲੱਭਦੇ, ਭਟਕਦੇ ਫਿਰਦੇ, ਲੁੱਟ ਹੁੰਦੇ ਆ ਰਹੇ ਹਨ। ਪਰ ਇਨ੍ਹਾਂ ਨੇ ਕਦੇ ਵੀ ਮਨੁੱਖਤਾ ਦੇ ਸਾਂਝੇ ਦੁੱਖਾਂ-ਦਰਦਾਂ, ਮੁਸੀਬਤਾਂ, ਰੋਗਾਂ, ਗੁਲਾਮੀਆਂ, ਜ਼ੁਲਮਾਂ ਦੀ ਨਵਿਰਤੀ ਲਈ ਆਪਣੇ ਜੰਤਰਾਂ-ਮੰਤਰਾਂ ਦੀ ਵਰਤੋਂ ਨਹੀਂ ਕੀਤੀ, ਕਰ ਵੀ ਨਹੀਂ ਸਕਦੇ ਕਿਉਂਕਿ ਇਹ ਸਭ ਧਰਮ ਦੇ ਨਾਂ ’ਤੇ ਬਣਾਇਆ ਭਰਮਜ਼ਾਲ ਹੀ ਹੈ। ਪੁਜਾਰੀ ਧਰਮ ਗ੍ਰੰਥਾਂ ਵਿਚਲੇ ਕੁਦਰਤ ਦੇ ਗਿਆਨ, ਮਨ ਜਾਂ ਆਤਮਾ ਦੇ ਗਿਆਨ, ਮਨੁੱਖ ਨੂੰ ਅਜਿਹੇ ਭਰਮਾਂ ਤੋਂ ਮੁਕਤ ਕਰਨ ਵਾਲ਼ੇ ਗਿਆਨ ਨੂੰ ਵੀ ਮੰਤਰ

ਬਣਾ ਕੇ, ਅਖੰਡ ਜਾਪ ਕਰਨ ਦਾ ਭਰਮ ਪਾ ਕੇ, ਧਰਮ ਗ੍ਰੰਥਾਂ ਦੇ ਪਾਠਾਂ ਦੀ ਲੜੀਆਂ ਚਲਾ ਕੇ, ਗ੍ਰੰਥਾਂ ਵਿਚਲੇ ਸ਼ਬਦਾਂ ਦੇ ਮੰਤਰ ਬਣਾ ਕੇ ਅਜੱਪਾ-ਜਾਪ ਕਰਨ, ਸਿਮਰਨ ਕਰਨ, ਜਪ-ਤਪ ਕਰਨ ਆਦਿ ਲਈ ਵਰਤਣ ਤੋਂ ਵੀ ਗੁਰੇਜ ਨਹੀਂ ਕਰਦੇ। ਪੁਜਾਰੀਆਂ ਨੇ ਮਨੁੱਖ ਦੀ ਮੱਤ ਅਜਿਹੀ ਮਾਰੀ ਹੋਈ ਹੈ ਕਿ ਉਹ ਧਰਮ ਗ੍ਰੰਥਾਂ ਵਿਚਲੇ ਸੱਚੇ ਤੇ ਰੱਬੀ ਗਿਆਨ ਨੂੰ ਵਿਚਾਰਨ ਤੇ ਸੱਚ ਦੇ ਮਾਰਗ ’ਤੇ ਤੁਰਨ ਦੀ ਥਾਂ, ਇਨ੍ਹਾਂ ਦੇ ਅਖੰਡ ਪਾਠਾਂ, ਪਾਠਾਂ ਦੀਆਂ ਲੜੀਆਂ, ਮੰਤਰ ਪਾਠਾਂ, ਅਜੱਪਾ-ਜਾਪਾਂ, ਜਪ-ਤਪ ਸਮਾਗਮਾਂ ਵਿੱਚ ਫਸ ਕੇ ਆਪਣਾ ਸਮਾਂ ਤੇ ਧਨ ਹੀ ਖਰਾਬ ਨਹੀਂ ਕਰ ਰਿਹਾ, ਸਗੋਂ ਪੁਜਾਰੀਆਂ, ਸਾਧਾਂ, ਤਾਂਤਰਿਕਾਂ ਕੋਲੋਂ ਆਪਣਾ ਸਰੀਰਕ, ਮਾਨਸਿਕ ਤੇ ਆਰਥਿਕ ਸ਼ੋਸ਼ਣ ਵੀ ਕਰਵਾ ਰਿਹਾ ਹੈ।

ਸਾਨੂੰ ਇਹ ਗੱਲ ਬੜੇ ਧਿਆਨ ਨਾਲ ਸਮਝ ਕੇ ਆਪਣੇ ਦਿਲੋ-ਦਿਮਾਗ ਵਿੱਚ ਵਸਾ ਲੈਣੀ ਚਾਹੀਦੀ ਹੈ ਕਿ ਇਸ ਦਿਸਦੇ ਜਾਂ ਅਣਦਿਸਦੇ ਸੰਸਾਰ ਵਿੱਚ ਜੋ ਕੁਝ ਵੀ ਵਾਪਰ ਰਿਹਾ ਹੈ, ਉਹ ਕੁਦਰਤ ਦੇ ਅਟੱਲ ਨਿਯਮਾਂ ਅਨੁਸਾਰ ਹੈ, ਜਿਨ੍ਹਾਂ ਨੂੰ ਬਦਲਿਆ ਨਹੀਂ ਜਾ ਸਕਦਾ, ਪਰ ਇਨ੍ਹਾਂ ਨੂੰ ਸਮਝ ਕੇ ਇਨ੍ਹਾਂ ਤੋਂ ਲਾਹਾ ਲਿਆ ਜਾ ਸਕਦਾ ਹੈ ਤੇ ਇਨ੍ਹਾਂ ਤੋਂ ਉਲਟ ਜਾ ਕੇ ਹੋਣ ਵਾਲੇ ਨੁਕਸਾਨ ਤੋਂ ਬਚਿਆ ਵੀ ਜਾ ਸਕਦਾ ਹੈ। ਪਰ ਇਨ੍ਹਾਂ ਅਟੱਲ ਨਿਯਮਾਂ ਨੂੰ ਕਿਸੇ ਮੰਤਰ-ਜੰਤਰ-ਤੰਤਰ, ਜਾਦੂ-ਟੂਣੇ, ਧਾਗੇ-ਤਵੀਤ ਨਾਲ਼ ਨਾ ਬਦਲਿਆ ਜਾ ਸਕਦਾ ਹੈ, ਨਾ ਹੀ ਕਿਸੇ ਦਾ ਫਾਇਦਾ ਕੀਤਾ ਜਾ ਸਕਦਾ ਹੈ ਤੇ ਨਾ ਹੀ ਕਿਸੇ ਦਾ ਨੁਕਸਾਨ ਕੀਤਾ ਜਾ ਸਕਦਾ ਹੈ। ਇਹ ਸਭ ਪੁਜਾਰੀਆਂ ਦਾ ਵਿਛਾਇਆ ਭਰਮਜ਼ਾਲ ਹੀ ਹੈ। ਇਸ ਭਰਮ ਜਾਲ ਤੋਂ ਬਚਣ ਲਈ, ਇਸ ਵਿੱਚੋਂ ਨਿਕਲਣ ਲਈ ਇਹ ਬੜਾ ਜ਼ਰੂਰੀ ਹੈ ਕਿ ਅਸੀਂ ਕੁਦਰਤ ਦੇ ਨਿਯਮਾਂ ਨੂੰ ਸਮਝੀਏ। ਕੋਈ ਪੂਜਾ-ਪਾਠ, ਮੰਤਰ-ਜੰਤਰ, ਜਪ-ਤਪ, ਮੰਤਰ ਰਟਨ ਆਦਿ ਕੁਦਰਤ ਦੇ ਕਿਸੇ ਨਿਯਮ ਨੂੰ ਬਣਾਉਣ ਜਾਂ ਬਦਲਣ ਦੀ ਸਮਰੱਥਾ ਨਹੀਂ ਰੱਖਦੇ। ਸਾਨੂੰ ਪੁਜਾਰੀਆਂ ਦੇ ਭਰਮਜ਼ਾਲ ਤੋਂ ਮੁਕਤ ਹੋਣ ਲਈ ਗਿਆਨਵਾਨ ਹੋਣ ਦੀ ਲੋੜ ਹੈ। ਜ਼ਿੰਦਗੀ ਵਿੱਚ ਕੋਈ ਮੁਸੀਬਤ ਬਣ ਆਵੇ ਤਾਂ ਸਿਰ ਸੁੱਟ ਕੇ, ਅੱਖਾਂ ਮੀਟ ਕੇ ਕਿਸੇ ਦੇ ਪੈਰਾਂ ਵਿੱਚ ਸਿਰ ਰੱਖ ਦੇਣਾ ਤੇ ਕਿਸੇ ਮੰਤਰ-ਜੰਤਰ ਦੀ ਕਰਾਮਾਤ ਦਾ ਭਰਮ ਪਾਲਣਾ ਬੜਾ ਸੌਖਾ ਰਸਤਾ ਹੈ, ਪਰ ਜੀਵਨ ਦੀਆਂ ਸਮੱਸਿਆਵਾਂ ਨੂੰ ਸਮਝਣਾ, ਉਨ੍ਹਾਂ ਦਾ ਸਮਾਧਾਨ ਖੋਜਣਾ, ਜੀਵਨ ਦੀਆਂ ਚੁਨੌਤੀਆਂ ਦਾ ਮੁਕਾਬਲਾ ਕਰਨਾ, ਥੋੜ੍ਹਾ ਜਿਹਾ ਔਖਾ ਮਾਰਗ ਹੈ, ਇਸੇ ਲਈ ਅਖੌਤੀ ਪੀਰਾਂ, ਸਾਧਾਂ, ਤਾਂਤਰਿਕਾਂ ਦੇ ਡੇਰਿਆਂ ਤੇ ਬਥੇਰੀਆਂ ਭੀੜਾਂ ਮਿਲ ਜਾਂਦੀਆਂ ਹਨ, ਪਰ ਆਪਣੀ ਸਮਰੱਥਾ ਦੇ ਬਲ ’ਤੇ ਜੀਵਨ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਵਾਲ਼ੇ ਥੋੜੇ ਹੁੰਦੇ ਹਨ। ਇਹ ਅਸੀਂ ਦੇਖਣਾ ਹੈ ਕਿ ਅਸੀਂ ਭੇਡਾਂ ਦੇ ਵੱਗ ਬਣਨਾ ਹੈ ਜਾਂ ਆਪਣਾ ਰਸਤਾ ਆਪ ਬਣਾ ਕੇ ਹੋਰਨਾਂ ਲਈ ਵੀ ਰਾਹ ਪੱਧਰਾ ਕਰਨਾ ਹੈ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਇਨ੍ਹਾਂ ਅਖੌਤੀ ਸਾਧਾਂ, ਸੰਤਾਂ, ਬ੍ਰਹਮ ਗਿਆਨੀਆਂ, ਪੀਰਾਂ, ਤਾਂਤਰਿਕਾਂ, ਪੁਜਾਰੀਆਂ, ਜੋਤਸ਼ੀਆਂ ਆਦਿ ਨੂੰ ਦੱਸੀਏ ਕਿ ਬਥੇਰੀ ਹੋ ਚੁੱਕੀ ਤੁਹਾਡੀ ਬਕਵਾਸ, ਹੁਣ ਅਸੀਂ ਤੁਹਾਡੇ ਧੋਖਿਆਂ ਵਿੱਚ ਨਹੀਂ ਫਸਣਾ, ਸਾਨੂੰ ਕੁਦਰਤ ਦੇ ਅਟੱਲ ਨਿਯਮਾਂ ਦੀ ਸੋਝੀ ਹੋ ਚੁੱਕੀ ਹੈ, ਜੇ ਹੈ ਤਾਂ ਦਿਖਾਉ ਆਪਣੀ ਕਰਾਮਾਤ, ਵਰਤੋ ਆਪਣੇ ਜੰਤਰ, ਮੰਤਰ, ਤੰਤਰ ਤੇ ਕਰੋ ਮਨੁੱਖਤਾ ਦਾ ਭਲਾ, ਕਰੋ ਮਨੁੱਖਤਾ ਦੇ ਸਾਂਝੇ ਦੁੱਖਾਂ, ਦਰਦਾਂ ਦਾ ਛੁਟਕਾਰਾ, ਨਹੀਂ ਤੇ ਧਰਮ ਦੇ ਨਾਮ ਤੇ ਬਣਾਈਆਂ ਆਪਣੀਆਂ ਦੁਕਾਨਾਂ ਬੰਦ ਕਰੋ ਤੇ ਸਾਡੇ ਵਾਂਗ ਆਪਣੇ ਤੇ ਆਪਣੇ ਪਰਿਵਾਰ ਦੀ ਪਾਲਨਾ ਲਈ ਹੱਥੀਂ ਕਿਰਤ ਕਰੋ। ਹੁਣ ਅਸੀਂ ਤੁਹਾਡੇ ਝੂਠੇ ਝਾਂਸਿਆਂ ਵਿੱਚ ਨਹੀਂ ਫਸਣਾ। ਸਮਾਜ ਵਿੱਚ ਜਾਗਰੂਕ ਤੇ ਮਾਨਸਿਕ ਤੌਰ ਤੇ ਬਲਵਾਨ ਲੋਕਾਂ ਨੂੰ ਆਮ ਲੋਕਾਂ ਦੀ ਮਾਨਸਿਕਤਾ ਇਸ ਪੱਧਰ ਤੇ ਲਿਆਉਣ ਲਈ ਯਤਨ ਕਰਨ ਦੀ ਲੋੜ ਹੈ, ਤਾਂ ਹੀ ਅਸੀਂ ਸੋਸ਼ਣ ਰਹਿਤ ਸਮਾਜ ਸਿਰਜ ਸਕਦੇ ਹਾਂ।



ਡਾ. ਬਲਜਿੰਦਰ
94170-79720
singh.drbaljinder@gmail.com

# ਫਲਸਤੀਨੀ ਲੋਕਾਂ ਦੇ ਰੋਟੀ-ਰੋਜ਼ੀ ਦੇ ਵਸੀਲਿਆਂ ਨੂੰ ਕਿਸ ਢੰਗ ਨਾਲ ਤਬਾਹ ਕੀਤਾ ਜਾ ਰਿਹਾ ਹੈ- ਭਰਤ ਡੋਗਰਾ



ਜਿੱਥੇ ਇੱਕ ਪਾਸੇ ਦੁਨੀਆ ਭਰ ਦੇ ਭਾਈਚਾਰੇ ਦਾ ਧਿਆਨ ਗਾਜ਼ਾ ਅੰਦਰਲੇ ਛਿੜੇ ਘਮਾਸਾਨ ਦੇ ਨਤੀਜੇ ਵਜੋਂ ਵੱਡੀ ਪੱਧਰ ’ਤੇ ਵਾਪਰ ਰਹੀ ਮਨੁੱਖਾ ਤ੍ਰਾਸਦੀ ਉੱਤੇ ਕੇਂਦਰਿਤ ਹੈ। ਉੱਥੇ ਇਹ ਗੱਲ ਵੀ ਕੋਈ ਘੱਟ ਅਹਿਮੀਅਤ ਵਾਲੀ ਨਹੀਂ ਹੈ ਕਿ ਇਜ਼ਰਾਈਲੀ ਹੁਕਮਰਾਨ ਕਿਹੋ ਜਿਹੇ ਢੰਗ-ਤਰੀਕਿਆਂ ਨਾਲ ਛੋਟੇ ਕਿਸਾਨੀ ’ਤੇ ਅਧਾਰਤ ਫਲਸਤੀਨੀ ਖੇਤੀਬਾੜੀ ਢਾਂਚੇ ਦਾ ਤੁਖਮ ਮਿਟਾਉਣ ’ਤੇ ਉਤਾਰੂ ਹਨ। ਫਲਸਤੀਨੀ ਪੇਂਡੂ ਅਰਥਚਾਰੇ ਦੇ ਹਮਾਇਤੀ ਇੱਕ ਗਰੁੱਪ GRAIN (ਗਰੇਨ) ਨੇ ਹਾਲੀਆ ’ਚ ਪ੍ਰਕਾਸ਼ਤ ਆਪਣੀ ਇੱਕ ਰਿਪੋਰਟ ’ਚ ਇਹ ਖੁਲਾਸੇ ਕੀਤੇ ਹਨ।

ਇਸ ਰਿਪੋਰਟ ਦੀ ਸਮੀਖਿਆ ਦੱਸਦੀ ਹੈ- ÷ਅਕਤੂਬਰ 2023 ਤੋਂ ਪਹਿਲਾਂ, ਇਜ਼ਰਾਈਲ ਦੀ ਸਰਹੱਦ ’ਤੇ ਸਥਿਤ ਗਾਜ਼ਾ ਦੇ 35% ਖੇਤਾਂ ’ਤੇ ਕੰਮ ਕਰਨ ਵਾਲੇ ਖੇਤ ਮਜ਼ਦੂਰਾਂ ਨੂੰ ÷ਇਜ਼ਰਾਈਲੀ ਸਰਕਾਰ ਦੀ ਮਨਜ਼ੂਰੀ ਤਹਿਤ ਪਹੁੰਚ ਕਰਨ ਦੀ ”ਇਜਾਜ਼ਤ ਸੀ। ਪਰ ਹੁਣ ਮੌਜੂਦਾ ਬਲਾਕੇਡ ਦੇ ਮੱਦੇਨਜ਼ਰ 1,13,000 ਕਿਸਾਨਾਂ ਦਾ ਇਸ ਖੇਤਰ ਵਿੱਚ ਸਥਿਤ ਆਪਣੀਆਂ ਜ਼ਮੀਨਾਂ ਤੱਕ ਪਹੁੰਚ ਕਰਨਾ ਲੱਗਪੱਗ ਖਤਮ ਹੀ ਹੋ ਗਿਆ ਭਾਵ ਕਿਸਾਨ ਜਮੀਨ ’ਤੇ ਕੰਮ ਕਰਨ ਤੋਂ ਵਾਂਝੇ ਰਹਿ ਗਏ ਹਨ।÷

“ਫਲਸਤੀਨੀ ਲੋਕਾਂ ਨੂੰ ਆਪਣੀ ਜ਼ਿੰਦਗੀ, ਜ਼ਮੀਨ ਅਤੇ ਆਪਣੀ ਪ੍ਰਭੂਸੱਤਾ ਰੱਖਣ ਦਾ ਅਧਿਕਾਰ ਹੈ”ਦੇ ਸਿਰਲੇਖ ਹੇਠ ਜਾਰੀ ਇਹ ਸਮੀਖਿਆ ਦੱਸਦੀ ਹੈ ਕਿ 2014 ਤੋਂ ਫਸਲਾਂ ’ਤੇ ਦਵਾਈ ਸਪਰੇਅ ਕਰਨ ਵਾਲੇ ਇਜ਼ਰਾਈਲੀ ਜਹਾਜ਼ ਫਸਲ ਦੀ ਵਾਢੀ ਦੇ ਦੌਰਾਨ, ਅਕਸਰ ਹੀ ਜਦੋਂ ਵੀ ਹਵਾ ਦਾ ਰੁਖ ਗਾਜ਼ਾ ਵੱਲ ਹੁੰਦਾ, ਤਾਂ ਅਕਸਰ ਹੀ ਗਲਾਈਫੋਸੇਟ ਵਰਗੀਆਂ ਖਤਰਨਾਕ ਕੀੜੇ ਮਾਰ ਦਵਾਈਆਂ ਸਮੇਤ, ਜੜੀ-ਬੂਟੀਆਂ ਦਾ ਨਾਸ਼ ਕਰਨ ਵਾਲੀਆਂ ਦਵਾਈਆਂ ਦਾ ਛੜਕਾਅ ਯੋਜਨਾਬੱਧ ਢੰਗ ਨਾਲ ਕਰਦੇ ਆ ਰਹੇ ਹਨ(ਭਾਵ ਫਸਲਾਂ ਨੂੰ ਤਬਾਹ ਕਰਦੇ ਆ ਰਹੇ ਹਨ)। ਜਨਵਰੀ 2020 ਵਿੱਚ ਹੀ, ਅਜਿਹੇ ਛੜਕਾਅ ਨੇ 281 ਹੈਕਟੇਅਰ ਦੇ ਰਕਬੇ ’ਚ ਰਹਿੰਦੇ 350 ਫਲਸਤੀਨੀ ਕਿਸਾਨਾਂ ਦੀਆਂ ਫਸਲਾਂ ਨੂੰ ਨੁਕਸਾਨ ਪਹੁੰਚਾਇਆ ਗਿਆ।

ਇਸ ਤੋਂ ਇਲਾਵਾ ਇਸ ਨੋਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਜ਼ਰਾਈਲ ਨੇ ਗਾਜ਼ਾ ਵਿੱਚ ਮੱਛੀ ਫੜਨ ਜੋ ਇੱਕ ਰੋਜ਼ੀ-ਰੋਟੀ ਦੇ ਸਾਧਨ ਵਜੋਂ ਸਥਾਨਕ ਸੱਭਿਆਚਾਰ ਅਤੇ ਆਰਥਿਕਤਾ ਨਾਲ ਡੂੰਘੇ ਰੂਪ ਵਿੱਚ ਵਿੱਚ ਜੁੜੇ ਹੋਏ ਮੱਛੀ ਫੜਣ ਦੇ ਕਾਰੋਬਾਰ ਨੂੰ ਵੀ ਇੱਕ ਬਹੁਤ ਹੀ ਖਤਰਨਾਕ ਢੰਗ ਨਾਲ ਬਦਲਕੇ ਰੱਖ ਦਿੱਤਾ ਹੈ। ਬਾਲਣ ਦੀ ਕਮੀ ਅਤੇ ਲੋੜੀਂਦੇ ਸਾਜ਼ੋ-ਸਾਮਾਨ ਦੀ ਘਾਟ ਕਾਰਨ, ਗਾਜ਼ਾ ਪੱਟੀ ਦੇ ਖੇਤਰ ਅੰਦਰ ਵਿਚ ਹਰ ਕਿਸਮ ਦੀਆਂ ਵਸਤਾਂ ਦੇ ਦਾਖਲੇ ’ਤੇ ਪਾਬੰਦੀਆਂ ਮੜ੍ਹੀਆਂ ਹੋਣ ਕਾਰਨ ਮੱਛੀਆਂ ਫੜਨ ਲਈ ਗਾਜ਼ਾ ਪੱਟੀ ਦੇ ਸਮੁੰਦਰ ਅੰਦਰ ਜਾਣਾ ਵਧੇਰੇ ਔਖਾ ਹੋ ਗਿਆ ਹੈ। ਇਸ ਸਮੀਖਿਆ ਦੇ ਅਨੁਸਾਰ ਕੌਮਾਂਤਰੀ ਨਿਯਮਾਂ ਅਨੁਸਾਰ ਨਿਰਧਾਰਤ 6 ਸਮੁੰਦਰੀ ਮੀਲ ਤੋਂ ਅਗਾਂਹ ਮਛੇਰਿਆਂ ਨੂੰ ਅਕਸਰ ਇਜ਼ਰਾਈਲੀਆਂ ਵੱਲੋਂ ਕੈਦ ਕਰ ਲਏ ਜਾਣ ਜਾਂ ਸਿੱਧੀ ਗੋਲੀਬਾਰੀ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ ਜੋ ਕਿ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਹੈ ਜਿਹੜਾ ਫਲਸਤੀਨੀ ਲੋਕਾਂ ਦੀ 60 ਸਮੁੰਦਰੀ ਮੀਲ ਦੇ ਅੰਦਰ ਸਥਾਈ ਪ੍ਰਭੂਸੱਤਾ ਹੋਣ ਦਾ ਦਾਅਵਾ ਹੋਣ ਦੀ ਇਜਾਜ਼ਤ ਦਿੰਦਾ ਹੈ। ਸਿੱਟੇ ਵਜੋਂ ਗਾਜ਼ਾ ਦੇ 3,800 ਰਜਿਸਟਰਡ ਮਛੇਰਿਆਂ ਵਿੱਚੋਂ ਸਿਰਫ ਅੱਧਿਆਂ ਕੋਲ ਹੀ ਆਪਣੇ ਕਾਰੋਬਾਰ ਨੂੰ ਚਾਲੂ ਰੱਖਣ ਅਤੇ ਹੋਰ ਅੱਗੇ ਵਧਾਉਣ ਦੀ ਸੰਭਾਵਨਾ ਹੈ। ਇਸ ਨਾਲ ਜੋ ਆਪਣੀ ਰੋਜ਼ੀ-ਰੋਟੀ ਲਈ ਮੱਛੀਆਂ ਫੜਨ ਦੇ ਕਾਰੋਬਾਰ ਉੱਤੇ ਨਿਰਭਰ 35,000 ਲੋਕ ਅਸਰਅੰਦਾਜ਼ ਹੋਏ ਹਨ।

ਰਿਪੋਰਟ ਮੁਤਾਬਕ ਵੈੱਸਟ ਬੈਂਕ ਅੰਦਰ ਆਪਣੇ ਪੱਕੇ ਟਿਕਾਣੇ ਬਣਾ ਕੇ ਰਹਿ ਰਹੇ ਕੁੱਝ ਇਜ਼ਰਾਈਲੀਆਂ ਨੇ ਗਾਜ਼ਾ ਪੱਟੀ ਅੰਦਰਲੇ ਮੌਜੂਦਾ ਹਾਲਾਤ ਦਾ ਲਾਹਾ ਲੈਂਦਿਆਂ ਹੋਰ ਵਧੇਰੇ ਜ਼ਮੀਨ ਹੜੱਪਣ ਲਈ ਆਪਣੇ ਹਿੰਸਕ ਹਮਲੇ ਤੇਜ਼ ਕਰ ਦਿੱਤੇ ਹਨ ਅਤੇ ਸੈਂਕੜੇ ਫਲਸਤੀਨੀ ਕਿਸਾਨਾਂ ਨੂੰ ਉਸ ਜ਼ਮੀਨ ਤੋਂ ਉਜਾੜ ਦਿੱਤਾ ਹੈ।

ਵੈੱਸਟ ਬੈਂਕ ਦੀ ਸਥਿਤੀ ਦੇ ਹੋਰ ਵੇਰਵੇ ਦਿੰਦੇ ਹੋਏ, ਗ੍ਰੇਨ ਦੁਆਰਾ ਜਾਰੀ ਇਸ ਸਮੀਖਿਆ ਵਿੱਚ ਕਿਹਾ ਗਿਆ ਹੈ, “ਵੈੱਸਟ ਬੈਂਕ ਖੇਤਰ ਦਾ 90% ਹਿੱਸਾ ਖੇਤ ਹਨ, ਜਿਹਨਾਂ ਦੇ ਕਾਫੀ ਵੱਡੇ ਹਿੱਸੇ ’ਤੇ 1993 ਦੇ ਓਸਲੋ ਸਮਝੌਤੇ ਤੋਂ ਬਾਅਦ ਇਜ਼ਰਾਈਲ ਦੇ ਕੰਟਰੋਲ ਹੇਠ ਹੈ। ਵੈੱਸਟ ਬੈਂਕ ਦੇ ਇਲਾਕੇ ਅੰਦਰ, ਹਜ਼ਾਰਾਂ ਫਲਸਤੀਨੀ ਕਿਸਾਨਾਂ ਨੂੰ ਉਨ੍ਹਾਂ ਦੇ ਪਿੰਡਾਂ ਤੋਂ ਖੇਤ ਅਤੇ ਚਰਾਗਾਹਾਂ ਨੂੰ ਵੰਡ ਕੇ ਜ਼ਮੀਨ ਤੱਕ ਪਹੁੰਚ ਕਰਨ ਦੇ ਦਰਮਿਆਨ ਵਿੱਚ ਵੱਡੇ ਬੈਰੀਅਰ ਸਥਾਪਤ ਕੀਤੇ ਹੋਏ ਹਨ। 2019 ਵਿੱਚ ਕਿਸਾਨਾਂ ਦੀ ਖੇਤਾਂ ਤੱਕ ਪਹੁੰਚ ਕਰਨ ਦੀ ਇਜਾਜ਼ਤ ਦੇਣ ਲਈ ਨਿਰਧਾਰਤ ਕੀਤੇ ਗਏ 76 ਗੇਟਾਂ ਵਿੱਚੋਂ ਸਿਰਫ਼ 12 ਗੇਟ ਹੀ ਰੋਜ਼ਾਨਾ ਖੋਲ੍ਹੇ ਜਾਂਦੇ ਸਨ, ਜਦੋਂ ਕਿ ਉਹਨਾਂ ’ਚੋਂ 56 ਗੇਟਾਂ ਥਾਨੀਂ ਲੰਘਣ ਲਈ ਪਰਮਿਟ ਦੀ ਲੋੜ ਪੈਂਦੀ ਹੈ।

ਇਸ ਸਮੀਖਿਆ ’ਚ ਦੋਸ਼ ਲਾਇਆ ਗਿਆ ਹੈ ਕਿ ਫਲਸਤੀਨੀ ਕਿਸਾਨਾਂ ਨੂੰ ਇਜ਼ਰਾਈਲੀ ਕੰਪਨੀਆਂ ਦੁਆਰਾ ਹੀ ਵਿੱਕਰੀ ਕੀਤੇ ਜਾਂਦੇ ਬੀਜਾਂ ਅਤੇ ਖੇਤੀ ਰਸਾਇਣਾਂ ਨੂੰ ਹੀ ਵਰਤਣ ਲਈ ਇਜਰਾਈਲ ਸਰਕਾਰ ਮਜਬੂਰ ਕਰਦੀ ਹੈ, ਜਿਸ ਨਾਲ ਉਹਨਾਂ ਦੀ ਜ਼ਮੀਨ ਅਤੇ ਖੇਤਰ ਦੀ ਜੈਵ-ਵਿਭਿੰਨਤਾ ਦਾ ਸੱਤਿਆਨਾਸ ਕੀਤਾ ਜਾਂਦਾ ਹੈ ਅਤੇ ਉਹਨਾਂ ਨੂੰ ਕਰਜ਼ੇ ਅਤੇ ਗਰੀਬੀ ਵਿੱਚ ਗ਼ਰਕ ਕਰ ਦਿੱਤਾ ਜਾਂਦਾ ਹੈ। ÷ਇਤਿਹਾਸਕ ਤੌਰ ’ਤੇ ਫਲਸਤੀਨੀ ਸਮਾਜ ਅਤੇ ਉਸ ਸਮਾਜ ਦੀ ਪਹਿਚਾਣ ਲਈ ਅਹਿਮ ਖੇਤੀ ਖੇਤਰ ਅੰਦਰ ਮਹੱਤਵਪੂਰਨ ਗਿਰਾਵਟ ਆਈ ਹੈ।

ਖੇਤੀ ਲਈ ਪਾਣੀ ਦੀ ਅਤਿ ਦੀ ਅਹਿਮੀਅਤ ਹੈ। ਫਲਸਤੀਨੀਆਂ ਨੂੰ ਸੀਮਤ ਪਾਣੀ ਦੀ ਸਪਲਾਈ ਦੀ ਵੰਡ-ਵੰਡਾਈ ’ਚ ਵੀ ਗੰਭੀਰ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਗ੍ਰੇਨ ਦੁਆਰਾ ਜਾਰੀ ਕੀਤੀ ਇਸ ਸਮੀਖਿਆ ਵਿੱਚ ਕਿਹਾ ਗਿਆ ਹੈ ਕਿ ÷ਪਾਣੀ ਤੱਕ ਪਹੁੰਚ ਦੇ ਮਾਮਲੇ ਵਿੱਚ, ਇਜ਼ਰਾਈਲੀ ਸਰਕਾਰ ਨੇ ਗੰਭੀਰ ਪਾਬੰਦੀਆਂ ਲਾਈਆਂ ਹੋਈਆਂ ਹਨ, ਜਿਸਨੂੰ ਮਨੁੱਖੀ ਅਧਿਕਾਰ ਸੰਗਠਨ ਅਲ-ਹੱਕ ÷ਪਾਣੀ ਵਿਤਕਰਾ÷ ਕਹਿੰਦਾ ਹੈ। ਪਾਣੀ ਦੀ ਆਪਣੀ ਲੋੜ ਦੀ ਪੂਰਤੀ ਕਰਨ ਲਈ ਫਲਸਤੀਨੀ ਲੋਕ 1982 ਤੋਂ ਹੀ ਇਜ਼ਰਾਈਲ ’ਤੇ ਨਿਰਭਰ ਹਨ, ਕਿਉਂਕਿ ਰਾਸ਼ਟਰੀ ਜਲ ਕੰਪਨੀ ਮੇਕੋਰੋਟ ਪਾਣੀ ਦੀ ਸਪਲਾਈ ਦੇ ਬੁਨਿਆਦੀ ਢਾਂਚੇ ਉੱਤੇ ਕਾਬਜ਼ ਹੈ। ਵੈੱਸਟ ਬੈਂਕ ਦੇ ਜਲਘਰਾਂ ਤੋਂ ਪਾਣੀ ਦੀ ਸਪਲਾਈ ਦਾ 85% ਇਜ਼ਰਾਈਲ ’ਤੇ ਨਿਰਭਰ ਹੈ। ਮੇਕੋਰੋਟ ਪਾਣੀ ਦੇ ਨੈਟਵਰਕ ਨਾਲ ਇਜ਼ਰਾਈਲ ਵੱਲੋਂ ਇਸ ਇਲਾਕੇ ਅੰਦਰ ਸਥਾਪਤ ਕੀਤੀਆਂ ਗੈਰ-ਕਾਨੂੰਨੀ ਬਸਤੀਆਂ ਦੇ ਕੁਨੈਕਸ਼ਨਾਂ ਨੂੰ ਯਕੀਨੀ ਬਣਾਉਂਦਾ ਹੈ, ਫਲਸਤੀਨੀਆਂ ਨੂੰ ਪਾਣੀ ਦੇ ਨਵੇਂ ਖੂਹ ਬਣਾਉਣ ਲਈ ਪਰਮਿਟ ਦੇਣ ਤੋਂ ਲਗਾਤਾਰ ਇਨਕਾਰ ਕੀਤਾ ਜਾਂਦਾ ਹੈ ਅਤੇ ਮੀਂਹ ਦੇ ਪਾਣੀ ਦੀ ਸੰਭਾਲ ਕਰਨ ਲਈ ਉਹਨਾਂ ਵੱਲੋਂ ਸਥਾਪਤ ਕੀਤੇ ਗਏ ਟੋਏ ਅਕਸਰ ਹੀ ਇਜ਼ਰਾਈਲੀ ਫੌਜ ਵੱਲੋਂ ਤਬਾਹ ਕਰ ਦਿੱਤੇ ਜਾਂਦੇ ਹਨ। ਵੈੱਸਟ ਬੈਂਕ ਅੰਦਰ ਵੱਸਦੇ ਇਜ਼ਰਾਈਲੀ ਵਸਨੀਕ ਫਲਸਤੀਨੀ ਵਾਸੀਆਂ ਨਾਲੋਂ ਔਸਤਨ ਛੇ ਗੁਣਾ ਵੱਧ ਪਾਣੀ ਦੀ ਖਪਤ ਕਰਦੇ ਹਨ।

ਗਾਜ਼ਾ ਪੱਟੀ ਅੰਦਰਲੇ ਕਸਬਿਆਂ ਅਤੇ ਪਿੰਡਾਂ ਵਿੱਚ ਪਾਣੀ ਦੀ ਸਪਲਾਈ ਦੀ ਕਮੀ ਹੋਣ ਦੇ ਨਾਲ-ਨਾਲ ਪੇਂਡੂ ਭਾਈਚਾਰਿਆਂ ਅੰਦਰ ਉਹਨਾਂ ਤੱਕ ਪਹੁੰਚ ਰਹੇ ਪਾਣੀ ਲਈ ਪਹੁੰਚ ਦੀ ਘਾਟ ਕਾਰਨ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਮੌਤ ਦਾ ਇੱਕ ਪ੍ਰਮੁੱਖ ਕਾਰਨ ਬਣ ਗਈਆਂ ਹਨ। ਇਸ ਸਮੀਖਿਆ ਵਿੱਚ ਦੋਸ਼ ਲਾਇਆ ਗਿਆ ਹੈ ਕਿ ਡੈਮ ਪ੍ਰਬੰਧਨ ਵਿੱਚ ਕਈ ਵਾਰ ਫਲਸਤੀਨੀਆਂ ਦੇ ਹਿੱਤਾਂ ਦੇ ਵਿਰੁੱਧ ਹੇਰਾਫੇਰੀ ਕੀਤੀ ਗਈ ਹੈ, ਜਿਸ ਨਾਲ ਗਾਜ਼ਾ ਪੱਟੀ ਵਿੱਚ ਕਾਸ਼ਤ ਵਾਲੀਆਂ ਜ਼ਮੀਨਾਂ ਉੱਤੇ ਅਚਾਨਕ ਹੜ੍ਹਾਂ ਦੇ ਆ ਜਾਣ ਸਮੇਤ ਕਿਸਾਨਾਂ ਲਈ ਹੋਰ ਵੀ ਅਨੇਕਾਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਕਿਸਾਨ ਜਥੇਬੰਦੀਆਂ ਨੇ ਇਨ੍ਹਾਂ ਔਖੇ ਹਾਲਾਤਾਂ ਨਾਲ ਨਜਿੱਠਣ ਲਈ ਕਈ ਤਰ੍ਹਾਂ ਦੇ ਢੰਗ-ਤਰੀਕੇ ਤਿਆਰ ਕੀਤੇ ਹਨ। ਇਹਨਾਂ ਵਿੱਚ ਗਜ਼ਾਨ ਔਰਤਾਂ ਦੀ ‘ਏਕੀਕ੍ਰਿਤ ਬਜਾਰੀਕਰਨ ਕਰਨਾ ਤੇ ਸਮਾਨ ਵਾਲੀ ਟੋਕਰੀਆਂ ਤੋਂ ਲੈ ਕੇ ਸਥਾਨਕ ਬੀਜ ਪੈਦਾ ਕਰਨ ਤੇ ਵਾਤਾਵਰਣ ਅਨੁਸਾਰ ਢੁੱਕਵੀ ਖੇਤੀ ਕਰਨਾ ਸ਼ਾਮਲ ਹੈ।

ਇਸ ਸਮੀਖਿਆ ਦੇ ਅੰਤ ਵਿੱਚ ਲੰਬੀ ਮਿਆਦ ਤੱਕ ਰੋਜ਼ੀ-ਰੋਟੀ ਦੀ ਸੁਰੱਖਿਆ ਦੀ ਗਾਰੰਟੀ ਲਈ ਵੀ ਇੱਕ ਮਜ਼ਬੂਤ ਦਾਅਵਾ ਜਤਾਉਂਦੇ ਹੋਏ ਤੁਰੰਤ ਜੰਗਬੰਦੀ ਅਤੇ ਸ਼ਾਂਤੀ ਦੀ ਸਥਾਪਤੀ ਦੀ ਫੌਰੀ ਲੋੜ ਵੱਲ ਧਿਆਨ ਖਿੱਚਿਆ ਗਿਆ ਹੈ, ਜ਼ੋਰ ਨਾਲ ਇਹ ਕਿਹਾ ਗਿਆ ਹੈ ਕਿ ਹਿੰਸਾ ਦੀ ਵਰਤੋਂ ਕਰਕੇ ਫਲਸਤੀਨੀ ਖੇਤਰ ਨੂੰ ਆਪਣੇ ਕਬਜ਼ੇ ਵਿਚ ਲੈਣ ਲਈ ਚੱਲ ਰਹੇ ਯਤਨਾਂ ਨੂੰ ਸਫਲ ਨਹੀਂ ਹੋਣ ਦੇਣਾ ਚਾਹੀਦਾ।

ਇਸ ਸਮੀਖਿਆ ਨੇ ਆਮ ਲੋਕਾਂ ਲਈ ਰੋਜ਼ੀ-ਰੋਟੀ ਦੇ ਅਹਿਮ ਪਹਿਲੂਆਂ ਵੱਲ ਧਿਆਨ ਖਿੱਚਿਆ ਹੈ ਜੋ ਕਈ ਵਾਰ ਵਧੇਰੇ ਕਰਕੇ ਸਿਆਸੀ ਚਰਚਾਵਾਂ ਵਿੱਚੋਂ ਗਾਇਬ ਹੋ ਜਾਂਦੇ ਹਨ।



(Bharat Dogra is Honorary Convener, Campaign to Save Earth Now. His recent books include Planet in Peril, Protecting Earth for Children and A Day in 2071).

# ਇਹ ਮਜ਼ਲੂਮ ਫ਼ਲਸਤੀਨੀਆਂ ਨਾਲ ਡੱਟ ਕੇ ਖੜ੍ਹਨ ਦਾ ਵੇਲਾ ਹੈ



ਬੂਟਾ ਸਿੰਘ
ਮਹਿਮੂਦਪੁਰ
94634-74342






ਹੁਣੇ ਜਹੇ 9 ਨਵੰਬਰ ਨੂੰ ਸੰਯੁਕਤ ਰਾਸ਼ਟਰ ਦੇ ਮੈਂਬਰ 145 ਮੁਲਕਾਂ ਦਾ ਯੂ.ਐੱਨ. ਮਤੇ, ਦੇ ਹੱਕ 'ਚ ਵੋਟ ਪਾਉਣਾ, ਜਿਸ ਵਿਚ ਫ਼ਲਸਤੀਨੀ ਇਲਾਕਿਆਂ ਉੱਪਰ ਇਜ਼ਰਾਇਲੀ ਕਬਜ਼ੇ ਦੀ ਨਿਖੇਧੀ ਕੀਤੀ ਗਈ, ਦਿਖਾਉਂਦਾ ਹੈ ਕਿ ਇਜ਼ਰਾਇਲ ਦੀ ਹਮਾਇਤ ਕਰਨ ਵਾਲੀਆਂ ਹਕੂਮਤਾਂ ਵੀ ਹੁਣ ਖੁੱਲ੍ਹ ਕੇ ਹਮਾਇਤ ਤੋਂ ਟਾਲਾ ਵੱਟ ਰਹੀਆਂ ਹਨ।

ਇਸ ਵੋਟਿੰਗ ਸਮੇਂ ਸਿਰਫ਼ ਪੰਜ ਮੁਲਕਾਂ ਦੇ ਹੁਕਮਰਾਨ ਅਮਰੀਕਾ-ਇਜ਼ਰਾਇਲ ਨਾਲ ਖੜ੍ਹੇ। ਭਾਰਤ ਦੀ ਭਾਜਪਾ ਸਰਕਾਰ ਨੇ ਵੀ ਇਸ ਵਾਰ ਸੰਯੁਕਤ ਰਾਸ਼ਟਰ ਦੇ ਮਤੇ ਦੀ ਹਮਾਇਤ ਕੀਤੀ ਜਦਕਿ ਪਿਛਲੀ ਵਾਰ ਹਮਲੇ ਰੋਕਣ ਦਾ ਮਤਾ ਪੇਸ਼ ਕੀਤੇ ਜਾਣ 'ਤੇ ਸੰਘੀਆਂ ਨੇ ਇਹ ਬਹਾਨਾ ਬਣਾ ਕੇ ਵੋਟ ਪਾਉਣ ਤੋਂ ਟਾਲਾ ਵੱਟ ਲਿਆ ਸੀ ਕਿ ਮਤੇ ਵਿਚ ਹਮਾਸ ਦੇ ਦਹਿਸ਼ਤਵਾਦ ਦੀ ਨਿਖੇਧੀ ਨਹੀਂ ਕੀਤੀ ਗਈ। ਅਮਰੀਕਾ ਅਤੇ ਪੱਛਮੀ ਤਾਕਤਾਂ ਦੀ ਮੱਦਦ ਅਤੇ ਸ਼ਹਿ ਨਾਲ ਇਜ਼ਰਾਇਲੀ ਨਸਲਵਾਦੀ ਸਟੇਟ ਐਨਾ ਭੂਤਰਿਆ ਹੋਇਆ ਹੈ ਕਿ ਦੁਨੀਆ ਭਰ 'ਚੋਂ ਹੋ ਰਹੇ ਤਿੱਖੇ ਵਿਰੋਧ ਦੇ ਬਾਵਜੂਦ ਗਾਜ਼ਾ ਪੱਟੀ ਉੱਪਰ ਮਹਿਜ਼ ਰੋਜ਼ਾਨਾ ਚਾਰ ਘੰਟੇ ਲਈ ਹਮਲੇ ਰੋਕਣਾ ਮੰਨਿਆ ਹੈ। ਇਹ ਵੱਖਰੀ ਗੱਲ ਹੈ ਕਿ ਇਜ਼ਰਾਇਲ ਹੁਕਮਰਾਨ ਇਸ ਨੂੰ ਕਿੰਨੀ ਕੁ ਈਮਾਨਦਾਰੀ ਨਾਲ ਲਾਗੂ ਕਰਨਗੇ। ਬੈਂਜਾਮਿਨ ਨੇਤਨਯਾਹੂ ਦਾ ਸਪਸ਼ਟ ਕਹਿਣਾ ਹੈ ਕਿ ਇਸ ਨੂੰ ਯੁੱਧ ਰੋਕਣਾ ਨਾ ਸਮਝਿਆ ਜਾਵੇ, ਉਹ ਤਾਂ ਸਿਰਫ਼ ਨਾਗਰਿਕਾਂ ਨੂੰ ਯੁੱਧ-ਖੇਤਰ ਤੋਂ ਦੂਰ ਚਲੇ ਜਾਣ ਲਈ ਸੁਰੱਖਿਅਤ ਲਾਂਘੇ ਦੀ ਸਹੂਲਤ ਦੇਣਾ ਚਾਹੁੰਦੇ ਹਨ। ਯਾਨੀ ਇਜ਼ਰਾਇਲੀ ਨਸਲਵਾਦੀ ਹਕੂਮਤ ਹਰ ਹਾਲਤ 'ਚ ਫ਼ਲਸਤੀਨ ਦਾ ਇਹ ਇਲਾਕਾ ਖਾਲੀ ਕਰਾ ਕੇ ਮੁਕੰਮਲ ਕਬਜ਼ਾ ਕਰਨ ਲਈ ਬਜ਼ਿੱਦ ਹੈ। 7 ਅਕਤੂਬਰ ਤੋਂ ਚੱਲ ਰਹੀ ਭਿਆਨਕ ਤਬਾਹੀ ਅਤੇ ਫ਼ਲਸਤੀਨੀਆਂ ਦੀ ਨਸਲਕੁਸ਼ੀ ਦੌਰਾਨ ਇਹ ਇਜ਼ਰਾਇਲੀ ਹਕੂਮਤ ਦਾ ਅਜਿਹਾ ਪਹਿਲਾ ਐਲਾਨ ਹੈ। ਹੁਣ ਤੱਕ 11000 ਤੋਂ ਉੱਪਰ ਫ਼ਲਸਤੀਨੀਂ ਨਾਗਰਿਕ ਕਤਲ ਕੀਤੇ ਗਏ ਹਨ ਜਿਨ੍ਹਾਂ ਵਿਚ 6000 ਬੱਚੇ ਹਨ। 2800 ਫ਼ਲਸਤੀਨੀਂ ਲਾਪਤਾ ਹਨ। ਸੰਸਾਰ ਸਿਹਤ ਸੰਸਥਾ ਅਨੁਸਾਰ ਹਰ ਦਸ ਮਿੰਟ 'ਚ ਇਕ ਫ਼ਲਸਤੀਨੀਂ ਬੱਚਾ ਅਤੇ ਹਰ ਘੰਟੇ 'ਚ 14 ਫ਼ਲਸਤੀਨੀਂ ਮਾਰੇ ਜਾ ਰਹੇ ਹਨ। ਕਈ ਪੂਰੇ ਦੇ ਪੂਰੇ ਪਰਿਵਾਰ ਹੀ ਮਾਰ ਦਿੱਤੇ ਗਏ ਹਨ।

ਹੁਣ ਸ਼ਾਇਦ ਹੀ ਕਿਸੇ ਨੂੰ ਕੋਈ ਭੁਲੇਖਾ ਹੋਵੇ ਕਿ ਇਹ ਹਮਾਸ ਦੇ ਹਮਲੇ ਵਿਰੁੱਧ ਪ੍ਰਤੀਕਰਮ ਹੈ। ਦਰਅਸਲ, ਇਹ ਤਾਂ ਨਿਰੋਲ ਰੂਪ 'ਚ ਪੂਰੇ ਫ਼ਲਸਤੀਨ ਨੂੰ ਹੜੱਪਣ ਲਈ ਇਜ਼ਰਾਇਲੀ ਸਟੇਟ ਵੱਲੋਂ ਵਿੱਢੀ ਨਸਲਕੁਸ਼ੀ ਹੈ। ਦੁਨੀਆ ਦੇ ਆਪੇ ਬਣੇ ਥਾਣੇਦਾਰ ਅਮਰੀਕਾ ਅਤੇ ਉਸ ਦੀਆਂ ਜੋਟੀਦਾਰ ਹਕੂਮਤਾਂ ਵੱਲੋਂ ਇਸ ਨਸਲਕੁਸ਼ੀ ਨੂੰ ਦਹਿਸ਼ਤਵਾਦ ਵਿਰੁੱਧ "ਇਜ਼ਰਾਇਲ ਦਾ ਸਵੈਰੱਖਿਆ ਦਾ ਹੱਕ" ਦੱਸ ਕੇ ਜਾਇਜ਼ ਠਹਿਰਾਉਣ ਲਈ ਜੋ ਕਾਰਨ ਗਿਣਾਏ ਜਾ ਰਹੇ ਹਨ ਉਹ ਸਾਮਰਾਜੀਆਂ ਦੀ ਧਾੜਵੀ ਦਲੀਲ ਤੋਂ ਸਿਵਾਏ ਹੋਰ ਕੁਝ ਨਹੀਂ ਹਨ। ਅਮਰੀਕਨ ਹੁਕਮਰਾਨ ਸ਼ੁਰੂ ਤੋਂ ਹੀ ਬਹਾਨੇ ਬਣਾ ਕੇ ਪੂਰੀ ਦੁਨੀਆ ਉੱਪਰ ਅਜਿਹੇ ਨਸਲਕੁਸ਼ੀ ਯੁੱਧ ਥੋਪਦੇ ਆ ਰਹੇ ਹਨ। ਦੂਜੇ ਮੁਲਕਾਂ ਦਾ ਲੱਕ ਤੋੜਨ ਲਈ ਉਨ੍ਹਾਂ ਉੱਪਰ ਨਹੱਕੇ ਯੁੱਧ ਥੋਪਣ, ਚੁਣੀਆਂ ਹੋਈਆਂ ਸਮਾਜਵਾਦੀ ਸਰਕਾਰਾਂ ਨੂੰ ਖ਼ਤਮ ਕਰਨ ਲਈ ਪਿਛਾਖੜੀ ਰਾਜ ਪਲਟੇ ਕਰਾਉਣ ਅਤੇ ਅਗਾਂਹਵਧੂ ਲੋਕਾਂ ਦੇ ਕਤਲੇਆਮ ਸਮੇਤ ਹਰ ਹਰਬਾ ਵਰਤਣ ਅਤੇ ਜਨਰਲ ਸੁਹਾਰਤੋ ਵਰਗੇ ਆਪਣੇ ਹੱਥਠੋਕੇ ਤਾਨਾਸ਼ਾਹਾਂ ਨੂੰ ਸੱਤਾ ਵਿਚ ਲਿਆ ਕੇ ਉਨ੍ਹਾਂ ਦੀ ਪੁਸ਼ਤਪਨਾਹੀ ਅਤੇ ਸੱਤਾ ਵਿਚ ਬਣੇ ਰਹਿਣ ਲਈ ਮੱਦਦ ਕਰਨ ਦਾ ਅਮਰੀਕਨ ਸਾਮਰਾਜੀਆਂ ਦਾ ਬਹੁਤ ਲੰਮਾ ਇਤਿਹਾਸ ਹੈ। ਇਸੇ ਕਰਕੇ ਬੇਹੱਦ ਮਕਬੂਲ ਅਮਰੀਕਨ ਬੁੱਧੀਜੀਵੀ ਨੋਮ ਚੌਮਸਕੀ ਕਹਿੰਦੇ ਹਨ ਕਿ "ਮੈਨੂੰ ਲੱਗਦਾ ਹੈ ਕਾਨੂੰਨੀ ਤੌਰ 'ਤੇ ਗੱਲ ਕਰੀਏ ਤਾਂ ਦੂਜੇ ਆਲਮੀ ਯੁੱਧ ਤੋਂ ਬਾਦ ਹਰ ਅਮਰੀਕੀ ਰਾਸ਼ਟਰਪਤੀ ਉੱਪਰ ਮਹਾਂ-ਮੁਕੱਦਮਾ ਚਲਾਉਣ ਦਾ ਬੇਹੱਦ ਠੋਸ ਕੇਸ ਬਣਦਾ ਹੈ। ਉਹ ਸਾਰੇ ਜਾਂ ਤਾਂ ਪੂਰੀ ਤਰ੍ਹਾਂ ਯੁੱਧ ਮੁਜਰਿਮ ਹਨ ਜਾਂ ਗੰਭੀਰ ਯੁੱਧ ਜੁਰਮਾਂ 'ਚ ਸ਼ਾਮਿਲ ਹਨ।"

ਅਮਰੀਕਾ ਸਮੇਤ ਪੱਛਮੀ ਸਾਮਰਾਜੀ




ਸਰਪ੍ਰਸਤੀ ਨਾਲ ਕੀਤੀ ਜਾ ਰਹੀ ਇਸ ਨਸਲਕੁਸ਼ੀ ਦਾ ਅਜੋਕਾ ਚਿਹਰਾ ਐਨਾ ਕਰੂਰ ਹੈ ਕਿ ਸੰਯੁਕਤ ਰਾਸ਼ਟਰ ਦੇ ਮੰਚ ਉੱਪਰ ਤੁਰੰਤ ਯੁੱਧਬੰਦੀ ਦੀ ਮੰਗ ਲਗਾਤਾਰ ਉੱਠ ਰਹੀ ਹੈ। ਯੂ.ਐੱਨ ਦੇ ਜਨਰਲ ਸਕੱਤਰ ਐਨਤੋਨੀਓ ਗੁਟੇਰਸ ਨੂੰ ਵੀ ਹਮਾਸ ਦੇ ਹਮਲੇ ਪਿੱਛੇ ਕੰਮ ਕਰਦੇ ਕਾਰਨਾਂ ਅਤੇ ਤੱਥਾਂ ਦੀ ਗੱਲ ਇਹ ਕਹਿ ਕੇ ਕਰਨੀ ਪਈ ਕਿ ਹਮਾਸ ਦੇ ਹਮਲੇ "ਖ਼ਲਾਅ 'ਚ ਨਹੀਂ ਹੋਏ ਹਨ।" ਇਸ ਬਿਆਨ ਨਾਲ ਪੱਛਮੀ ਗੁੱਟ ਅਤੇ ਉਨ੍ਹਾਂ ਦੇ ਪਾਲਤੂ ਇਜ਼ਰਾਇਲੀ ਨਸਲਵਾਦੀ ਹੁਕਮਰਾਨ ਐਨਾ ਬੌਖਲਾ ਗਏ ਕਿ ਗੁਟੇਰਸ ਦੇ ਬਿਆਨ ਨੂੰ "ਸ਼ਰਮਨਾਕ" ਕਰਾਰ ਦੇ ਕੇ ਉਸ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਹਨ। ਗੁਟੇਰਸ ਵੱਲੋਂ ਇਹ ਸਟੈਂਡ ਲਏ ਜਾਣ ਪਿੱਛੇ ਕੀ ਗਿਣਤੀਆਂ-ਮਿਣਤੀਆਂ ਅਤੇ ਹਿਤ ਕੰਮ ਕਰਦੇ ਹਨ, ਇਹ ਵੱਖਰਾ ਸਵਾਲ ਹੈ। ਪਰ ਇਜ਼ਰਾਇਲ ਅਤੇ ਇਸ ਦੇ ਪੱਛਮੀ ਸਾਮਰਾਜੀ ਬੌਸਾਂ ਨੂੰ ਸੰਯੁਕਤ ਰਾਸ਼ਟਰ 'ਚ ਓਨਾ ਚਿਰ ਹੀ 'ਨਿਰਪੱਖਤਾ ਅਤੇ ਨੈਤਿਕਤਾ' ਨਜ਼ਰ ਆਉਂਦੀ ਹੈ ਜਦੋਂ ਤੱਕ ਇਹ ਆਲਮੀ ਸੰਸਥਾ ਸਾਮਰਾਜੀ ਹਿਤਾਂ ਦਾ ਸੰਦ ਬਣਕੇ ਨਹੱਕੇ ਯੁੱਧਾਂ ਅਤੇ ਧਾੜਵੀ ਹਮਲਿਆਂ ਨੂੰ ਵਾਜਬੀਅਤ ਮੁਹੱਈਆ ਕਰਦੀ ਰਹਿੰਦੀ ਹੈ ਜਾਂ ਸਾਮਰਾਜੀਆਂ ਦੇ ਜੰਗੀ ਜੁਰਮਾਂ ਪ੍ਰਤੀ ਖ਼ਾਮੋਸ਼ ਦਰਸ਼ਕ ਬਣੀ ਰਹਿੰਦੀ ਹੈ। ਗੁਟੇਰਸ ਨੇ ਫ਼ਲਸਤੀਨ-ਇਜ਼ਰਾਇਲ ਟਕਰਾਅ ਦੀ ਮੂਲ ਵਜ੍ਹਾ ਵੱਲ ਉਂਗਲ ਕਰ ਦਿੱਤੀ ਤਾਂ ਇਜ਼ਰਾਇਲੀ ਹੁਕਮਰਾਨਾਂ ਨੇ ਚੀਕ-ਚਿਹਾੜਾ ਪਾਉਣਾ ਸ਼ੁਰੂ ਕਰ ਦਿੱਤਾ ਕਿ "ਸੰਯੁਕਤ ਰਾਸ਼ਟਰ ਅਸਫ਼ਲ ਹੋ ਰਿਹਾ ਹੈ।" ਅਮਰੀਕੀ ਹੁਕਮਰਾਨ ਇਸ ਵਿਵਾਦ ਉੱਪਰ ਸ਼ਾਤਰਾਨਾ ਚੁੱਪ ਧਾਰ ਕੇ ਤਮਾਸ਼ਾ ਦੇਖ ਰਹੇ ਹਨ ਜਦਕਿ ਬਰਤਾਨੀਆ ਨੇ ਗੁਟੇਰਸ ਦੇ ਬਿਆਨ ਦੀ ਆਲੋਚਨਾ ਕਰਦੇ ਹੋਏ ਉਸ ਵੱਲੋਂ ਦਿੱਤੇ ਸਪਸ਼ਟੀਕਰਨ ਨੂੰ ਨਾਕਾਫ਼ੀ ਕਰਾਰ ਦਿੱਤਾ ਹੈ।

ਉਂਞ ਫ਼ਲਸਤੀਨ ਦੇ ਸਵਾਲ ਉੱਪਰ ਸੰਯੁਕਤ ਰਾਸ਼ਟਰ ਦੀ ਭੂਮਿਕਾ ਹਮਦਰਦੀ ਦੇ ਢੌਂਗ ਤੋਂ ਸਿਵਾਏ ਕੁਝ ਨਹੀਂ ਹੈ। ਸੰਯੁਕਤ ਰਾਸ਼ਟਰ ਨੇ 1947 'ਚ ਇਸ 'ਝਗੜੇ' ਦੇ ਹੱਲ ਲਈ ਦੋ ਮੁਲਕ ਬਣਾਏ ਜਾਣ ਦਾ ਮਤਾ ਪਾਸ ਕੀਤਾ ਸੀ। ਹੁਣ ਵੀ ਸੰਯੁਕਤ ਰਾਸ਼ਟਰ ਅਤੇ ਪੱਛਮੀ ਗੁੱਟ 'ਦੋ-ਸਟੇਟ ਹੱਲ' ਦੀ ਗੱਲ ਤਾਂ ਕਰਦਾ ਹੈ ਪਰ ਇਸ ਬਾਰੇ ਚੁੱਪ ਹੈ ਕਿ ਫ਼ਲਸਤੀਨ ਦੀ ਜ਼ਮੀਨ ਉੱਪਰ ਕਬਜ਼ਾ ਕਰਕੇ ਇਜ਼ਰਾਇਲ ਮੁਲਕ ਤਾਂ ਬਣ ਗਿਆ ਪਰ ਦੂਜਾ ਮੁਲਕ, ਫ਼ਲਸਤੀਨ ਕਿੱਥੇ ਹੈ।

ਫ਼ਲਸਤੀਨੀਂ ਬੇਹੱਦ ਸੀਮਤ ਵਸੀਲਿਆਂ ਨਾਲ ਬੇਮੇਚੀ ਲੜਾਈ ਲੜ ਰਹੇ ਹਨ ਅਤੇ ਬਹੁਤ ਹੀ ਹੌਸਲੇ ਤੇ ਬਹਾਦਰੀ ਨਾਲ ਇਸ ਨਸਲਕੁਸ਼ੀ ਤੇ ਸਾਮਰਾਜੀ ਚਾਲਾਂ ਦਾ ਟਾਕਰਾ ਕਰ ਰਹੇ ਹਨ।

ਦੁਨੀਆ ਵੀ ਚੁੱਪ ਨਹੀਂ ਹੈ। ਇਸ ਨਸਲਕੁਸ਼ੀ ਨੂੰ ਰੋਕਣ ਲਈ ਲੰਦਨ, ਆਇਰਲੈਂਡ, ਸਕਾਟਲੈਂਡ, ਜਰਮਨੀ, ਇਟਲੀ, ਫਰਾਂਸ, ਸਪੇਨ, ਤੁਰਕੀ, ਡੈਨਮਾਰਕ, ਸਵੀਡਨ, ਇੰਡੋਨੇਸ਼ੀਆ, ਦੱਖਣੀ ਕੋਰੀਆ, ਕੈਨੇਡਾ, ਅਮਰੀਕਾ ਅਤੇ ਦੁਨੀਆ ਦੇ ਹੋਰ ਹਿੱਸਿਆਂ 'ਚ ਜ਼ੋਰਦਾਰ ਮੁਜ਼ਾਹਰੇ ਹੋਏ ਹਨ ਅਤੇ ਹੋ ਰਹੇ ਹਨ। ਫ਼ਲਸਤੀਨੀ ਲੋਕਾਂ ਨਾਲ ਇਕਮੁੱਠਤਾ ਪ੍ਰਗਟਾਈ ਜਾ ਰਹੀ ਹੈ ਅਤੇ ਨਸਲਕੁਸ਼ੀ ਬੰਦ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

ਮਲੇਸ਼ੀਆ ਵਿਚ ਵੱਡੀ ਗਿਣਤੀ 'ਚ ਪ੍ਰਦਰਸ਼ਨਕਾਰੀਆਂ ਨੇ ਕੁਆਲਾਲੰਪੁਰ ਵਿਚ ਅਮਰੀਕੀ ਸਫ਼ਾਰਤਖ਼ਾਨੇ ਦੇ ਬਾਹਰ ਨਾਅਰੇਬਾਜ਼ੀ ਕੀਤੀ। ਇਸਤਾਂਬੁਲ (ਤੁਰਕੀ) ਵਿਚ ਹਜ਼ਾਰਾਂ ਲੋਕਾਂ ਦੀ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤੈਯਪ ਏਰਦੋਗਨ ਨੇ ਕਿਹਾ ਕਿ ਇਜ਼ਰਾਈਲ ਨਜਾਇਜ਼ ਕਾਬਜ਼ ਹੈ ਅਤੇ ਹਮਾਸ "ਦਹਿਸ਼ਤਵਾਦੀ" ਨਹੀਂ ਹੈ। ਨਿਊਜ਼ੀਲੈਂਡ ਦੀ ਰਾਜਧਾਨੀ ਵਲਿੰਗਟਨ ਵਿਚ ਹਜ਼ਾਰਾਂ ਲੋਕਾਂ ਨੇ ਫ਼ਲਸਤੀਨ ਦੇ ਝੰਡੇ ਅਤੇ "ਫਰੀ ਫ਼ਲਸਤੀਨ" ਵਾਲੀਆਂ ਤਖ਼ਤੀਆਂ ਫੜ ਕੇ ਸੰਸਦ ਭਵਨ ਵੱਲ ਮਾਰਚ ਕੀਤਾ। ਪੈਰਿਸ ਵਿਚ ਦਸ ਹਜ਼ਾਰ ਲੋਕ ਫ਼ਲਸਤੀਨ ਨਾਲ ਇਕਜੁੱਟਤਾ ਰੈਲੀ ਵਿਚ ਇਕੱਠੇ ਹੋਏ। ਫ੍ਰੈਂਚ ਅਤੇ ਫਲਸਤੀਨੀ ਪ੍ਰਵਾਸੀ ਜਥੇਬੰਦੀਆਂ ਦੇ ਨਾਲ-ਨਾਲ ਪਾਰਟੀਜਨ ਸਮੇਤ ਤੁਰਕੀ ਦੀਆਂ ਇਨਕਲਾਬੀ ਅਤੇ ਜਮਹੂਰੀ ਜਥੇਬੰਦੀਆਂ ਨੇ ਰੈਲੀ ਦੀ ਹਮਾਇਤ ਕੀਤੀ। ਐਂਟੀ-ਇੰਪੀਰੀਅਲਿਸਟ ਐਕਸ਼ਨ ਆਇਰਲੈਂਡ ਨੇ ਬਿਆਨ ਜਾਰੀ ਕਰਕੇ ਫ਼ਲਸਤੀਨੀ ਕੌਮੀ ਟਾਕਰੇ ਨਾਲ ਇਕਮੁੱਠਤਾ ਪ੍ਰਗਟਾਈ ਅਤੇ ਅਲ-ਅਕਸਾ ਫਲੱਡ ਓਪਰੇਸ਼ਨ ਦੇ ਹੱਕ 'ਚ ਮਜ਼ਬੂਤੀ ਨਾਲ ਸਟੈਂਡ ਲਿਆ। ਆਇਰਲੈਂਡ ਵਿਚ ਫ਼ਲਸਤੀਨ ਦੀ ਹਮਾਇਤ 'ਚ ਵੱਡੇ-ਵੱਡੇ ਪ੍ਰਦਰਸ਼ਨ ਹੋਏ। ਕਾਰਕੁਨਾਂ ਨੇ ਫ਼ਲਸਤੀਨ ਦੀ ਹਮਾਇਤ 'ਚ ਪਰਚੇ ਵੰਡੇ ਅਤੇ ਫ਼ਲਸਤੀਨੀਂ ਝੰਡੇ ਲਹਿਰਾਏ। 11 ਅਕਤੂਬਰ ਨੂੰ ਪ੍ਰਦਰਸ਼ਨਕਾਰੀਆਂ ਨੇ ਓਕੋਨੋਲੀ ਸਟਰੀਟ ਬਰਿਜਿ ਉੱਪਰ ਜਾਮ ਲਾ ਕੇ ਡਬਲਿਨ ਵਿਚ ਮਾਰਚ ਕੀਤਾ। 14 ਅਕਤੂਬਰ ਨੂੰ ਡਬਲਿਨ ਦੀ ਮੁੱਖ ਸੜਕ ਤੋਂ ਲੈ ਕੇ ਇਜ਼ਰਾਇਲ ਦੇ ਸਫ਼ਾਰਤਖ਼ਾਨੇ ਤੱਕ ਜ਼ਬਰਦਸਤ ਨਾਅਰੇ ਲਾਉਂਦੇ ਹੋਏ ਵੱਡਾ ਮੁਜ਼ਾਹਰਾ ਹੋਇਆ। ਇਸੇ ਤਰ੍ਹਾਂ 21 ਅਕਤੂਬਰ ਨੂੰ ਡਬਲਿਨ ਅਤੇ ਹੋਰ ਕਈ ਸ਼ਹਿਰਾਂ ਵਿਚ ਜ਼ੋਰਦਾਰ ਮੁਜ਼ਾਹਰੇ ਕੀਤੇ ਗਏ। ਦਹਿ-ਹਜ਼ਾਰਾਂ ਫ਼ਲਸਤੀਨ ਪੱਖੀ ਪ੍ਰਦਰਸ਼ਨਕਾਰੀਆਂ ਨੇ ਫ਼ਲਸਤੀਨੀਂ ਝੰਡੇ ਅਤੇ "ਨਦੀ ਤੋਂ ਸਮੁੰਦਰ ਤੱਕ, ਫ਼ਲਸਤੀਨ ਆਜ਼ਾਦ ਹੋਵੇਗਾ" ਦੇ ਬੈਨਰ ਚੁੱਕ ਕੇ ਸੈਂਟਰਲ ਲੰਡਨ ਵਿਚ ਮੁਜ਼ਾਹਰਾ ਕਰਕੇ ਤੁਰੰਤ ਜੰਗਬੰਦੀ ਦੀ ਮੰਗ ਕੀਤੀ। ਇੱਥੇ ਨੌਂ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਿਨ੍ਹਾਂ ਵਿੱਚੋਂ ਕੁਝ ਨੂੰ ਨਫ਼ਰਤ ਦਾ ਸ਼ੱਕੀ ਜੁਰਮ ਮੰਨਿਆ ਜਾ ਰਿਹਾ ਹੈ। ਹਫ਼ਤੇ ਦੇ ਅੰਤ 'ਚ ਬਰਤਾਨਵੀ ਰਾਜਧਾਨੀ ਵਿਚ ਫ਼ਲਸਤੀਨ ਦੇ ਹੱਕ 'ਚ ਲਗਾਤਾਰ ਚੌਥੀ ਰੈਲੀ ਵਿਚ ਰਿਕਾਰਡ ਤੋੜ ਇਕੱਠ ਦੇਖਿਆ ਗਿਆ। ਗਾਜ਼ਾ ਅਤੇ ਹੋਰ ਫ਼ਲਸਤੀਨੀਂ ਇਲਾਕਿਆਂ ਉੱਪਰ ਹਮਲਿਆਂ ਵਿਰੁੱਧ ਸੈਂਕੜੇ ਲੋਕਾਂ ਨੇ ਰੋਮ ਦੇ ਸਭ ਤੋਂ ਗਹਿਮਾ-ਗਹਿਮੀਂ ਵਾਲੇ ਚੌਕ ਵਿਚ ਫ਼ਲਸਤੀਨ ਦੇ ਝੰਡੇ ਲਹਿਰਾਉਂਦੇ ਹੋਏ ਫ਼ਲਸਤੀਨੀਆਂ ਨਾਲ ਇਕਮੁੱਠਤਾ ਪ੍ਰਗਟਾਈ। ਕੋਲੰਬੀਆ ਦੇ ਮੇਡੇਲਿਨ ਸ਼ਹਿਰ ਵਿਚ ਡੇਢ ਸੌ ਲੋਕਾਂ ਨੇ ਫ਼ਲਸਤੀਨ ਦੇ ਹੱਕ 'ਚ ਮਾਰਚ ਕੀਤਾ। ਵੱਖ-ਵੱਖ ਇਨਕਲਾਬੀ ਅਤੇ ਜਮਹੂਰੀ ਗਰੁੱਪ ਵੀ ਫਲਸਤੀਨ ਦੀ ਮੌਜੂਦਾ ਹਾਲਤ ਬਾਰੇ ਵਿਚਾਰ ਕਰਨ ਲਈ ਇਕ ਮੰਚ 'ਤੇ ਇਕੱਠੇ ਹੋਏ।

ਬਰਤਾਨੀਆ ਵਿਚ "ਵਰਕਰਜ਼ ਫਾਰ ਅ ਫਰੀ ਫਲਸਤੀਨ' ਦੇ ਝੰਡੇ ਹੇਠ ਇਕਜੁੱਟ ਹੋ ਕੇ ਯੂਨਾਈਟ, ਯੂਨੀਸਨ, ਜੀ.ਐੱਮ.ਬੀ., ਐੱਨ.ਈ.ਯੂ., ਬੀ.ਐੱਮ.ਏ., ਯੂ.ਸੀ.ਯੂ., ਬੀਈਸੀਟੂਯੂ ਅਤੇ ਬੀ.ਐੱਫ.ਏ.ਡਬਲਯੂ.ਯੂ. ਦੇ ਮੈਂਬਰਾਂ ਨੇ ਬੀਏਯੂ ਸਿਸਟਮਜ਼ ਨਾਲ ਸੰਬੰਧਤ ਫੈਕਟਰੀ ਦਾ ਕੰਮ ਬੰਦ ਕਰਵਾਕੇ ਗਾਜ਼ਾ ਉੱਪਰ ਬੰਬਾਰੀ ਦਾ ਵਿਰੋਧ ਕੀਤਾ ਅਤੇ ਤੁਰੰਤ ਯੁੱਧਬੰਦੀ ਦੀ ਮੰਗ ਕੀਤੀ। ਬੀਏਯੂ ਸਿਸਟਮਜ਼ ਬਰਤਾਨੀਆ ਦਾ ਸਭ ਤੋਂ ਵੱਡੀ ਹਥਿਆਰ ਨਿਰਮਾਤਾ ਕੰਪਨੀ ਹੈ ਜੋ ਇਜ਼ਰਾਇਲ ਦੇ ਐੱਫ-35 ਲੜਾਕੂ ਜਹਾਜ਼ਾਂ ਲਈ ਪੁਰਜੇ ਬਣਾਉਂਦੀ ਹੈ।

ਭਾਰਤ ਦੇ ਦੱਖਣੀ ਸੂਬੇ ਕੇਰਲਾ 'ਚ 100,000 ਲੋਕਾਂ ਨੇ ਫ਼ਲਸਤੀਨ ਨਾਲ ਇਕਮੁੱਠਤਾ ਰੈਲੀ ਕੀਤੀ। ਭਾਰਤ ਦੀਆਂ ਖੱਬੀਆਂ ਪਾਰਟੀਆਂ ਵੱਲੋਂ ਵੀ ਹੋਰ ਥਾਵਾਂ ਉੱਪਰ ਵੱਡੇ ਪ੍ਰਦਰਸ਼ਨ ਕੀਤੇ ਜਾਣ ਦੀ ਰਿਪੋਰਟਾਂ ਹਨ। ਪੰਜਾਬ ਵਿਚ ਵੀ ਮਜ਼ਦੂਰ, ਕਿਸਾਨ ਅਤੇ ਜਮਹੂਰੀ ਜਥੇਬੰਦੀਆਂ ਵੱਲੋਂ ਵੀ ਫ਼ਲਸਤੀਨ ਦੀ ਹਮਾਇਤ 'ਚ ਬਹੁਤ ਸਾਰੇ ਵਿਰੋਧ ਪ੍ਰਦਰਸ਼ਨ ਕੀਤੇ ਗਏ ਹਨ। ਸੰਘ ਬਰਗੇਡ ਇਨ੍ਹਾਂ ਆਵਾਜ਼ਾਂ ਨੂੰ ਹਰ ਹਰਬਾ ਵਰਤ ਕੇ ਦਬਾਉਣ 'ਤੇ ਤੁਲਿਆ ਹੋਇਆ ਹੈ। ਉੱਤਰ ਪ੍ਰਦੇਸ਼ (ਭਾਰਤ) ਵਿਚ ਇਕ ਮੁਸਲਿਮ ਧਾਰਮਿਕ ਆਗੂ ਨੂੰ ਫ਼ਲਸਤੀਨ ਦੀ ਹਮਾਇਤ ਕਾਰਨ "ਨਫ਼ਰਤ ਫੈਲਾਉਣ" ਲਈ ਗ੍ਰਿਫ਼ਤਾਰ ਕੀਤਾ ਗਿਆ ਅਤੇ ਚਾਰ ਵਿਦਿਆਰਥੀਆਂ ਨੂੰ ਫ਼ਲਸਤੀਨ ਪੱਖੀ ਸਮਾਗਮ ਜਥੇਬੰਦ ਕਰਨ ਲਈ ਗ੍ਰਿਫ਼ਤਾਰ ਕੀਤਾ ਗਿਆ। ਦਿੱਲੀ ਵਿਚ ਵਿਦਿਆਰਥੀਆਂ, ਅਧਿਆਪਕਾਂ ਅਤੇ ਬੁੱਧੀਜੀਵੀਆਂ ਵੱਲੋਂ ਫ਼ਲਸਤੀਨ ਦੇ ਹੱਕ ਵਿਚ ਰੈਲੀ ਕਰਨ ਵਾਲੇ 60 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਮੁੰਬਈ ਵਿਚ ਫ਼ਲਸਤੀਨ ਨਾਲ ਇਕਮੁੱਠਤਾ ਮਾਰਚ ਹੋਇਆ ਅਤੇ ਇਜ਼ਰਾਇਲੀ ਝੰਡੇ ਦਾ ਅਪਮਾਨ ਕਰਨ ਲਈ ਚਾਰ ਜਣਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਇੰਡੋ-ਕੈਨੇਡੀਅਨ ਕਵਿਤਰੀ ਰੂਪੀ ਕੌਰ ਨੇ ਜੋਏ ਬਾਇਡਨ ਹਕੂਮਤ ਦਾ ਦੀਵਾਲੀ ਸਮਾਗਮ ਦਾ ਸੱਦਾ ਠੁਕਰਾ ਕੇ ਦੁਨੀਆ ਦੇ ਲੋਕਾਂ ਨੂੰ ਇਕ ਸੰਦੇਸ਼ ਦਿੱਤਾ ਹੈ ਕਿ ਅਜਿਹੇ ਨਹੱਕੇ ਯੁੱਧਾਂ ਸਮੇਂ ਸਾਨੂੰ ਕਿਸ ਤਰ੍ਹਾਂ ਦੀ ਸੰਵੇਦਨਸ਼ੀਲਤਾ ਦਿਖਾਉਣੀ ਚਾਹੀਦੀ ਹੈ। ਲਹੂ ਲਿੱਬੜੇ ਜਬਾੜਿਆਂ ਵਾਲੇ ਹੁਕਮਰਾਨਾਂ ਦੇ ਜ਼ਸ਼ਨੀਂ ਸਮਾਗਮਾਂ ਦਾ ਹਿੱਸਾ ਬਣਨ ਦੀ ਬਜਾਏ ਮਜ਼ਲੂਮਾਂ ਲਈ ਹਾਅ ਦਾ ਨਾਅਰਾ ਮਾਰਨ ਦਾ ਜੇਰਾ ਕਰਨਾ ਹੀ ਇਨਸਾਨੀਅਤ ਦਾ ਫ਼ਰਜ਼ ਹੈ। ਰੂਪੀ ਕੌਰ ਨੇ ਆਪਣੇ ਟਵੀਟ ਵਿਚ ਲਿਖਿਆ, 'ਮੈਨੂੰ 8 ਨਵੰਬਰ ਨੂੰ ਉੱਪ ਰਾਸ਼ਟਰਪਤੀ ਵੱਲੋਂ ਆਯੋਜਤ ਦੀਵਾਲੀ ਸਮਾਗਮ ਦੇ ਲਈ ਬਾਇਡੇਨ ਪ੍ਰਸ਼ਾਸਨ ਤੋਂ ਸੱਦਾ ਆਇਆ। ਮੈਂ ਅਜਿਹੀ ਸੰਸਥਾ ਦੇ ਕਿਸੇ ਵੀ ਸੱਦੇ ਨੂੰ ਨਾਮਨਜ਼ੂਰ ਕਰਦੀ ਹੈ ਜੋ ਘਿਰੀ ਹੋਈ ਨਾਗਰਿਕ ਆਬਾਦੀ - ਜਿਨ੍ਹਾਂ ਵਿਚ 50ਫ਼ੀਸਦੀ ਤੋਂ ਵੱਧ ਬੱਚੇ ਹਨ - ਨੂੰ ਸਮੂਹਿਕ ਸਜ਼ਾ ਦਿੱਤੇ ਜਾਣ ਦੀ ਹਮਾਇਤੀ ਹੈ। ... ਬਤੌਰ ਇਕ ਭਾਈਚਾਰਾ, ਅਸੀਂ ਮੇਜ਼ ਉੱਪਰ ਮਹਿਜ਼ ਇਕ ਸੀਟ ਲੈਣ ਲਈ ਖ਼ਾਮੋਸ਼ ਨਹੀਂ ਰਹਿ ਸਕਦੇ ਜਾਂ ਸਹਿਮਤੀ ਨਹੀਂ ਦੇ ਸਕਦੇ।' ਰੂਪੀ ਕੌਰ ਲਈ ਪ੍ਰੇਰਣਾ ਦੀਵਾਲੀ ਨੂੰ 'ਬੰਦੀ ਛੋੜ ਦਿਵਸ' ਵਜੋਂ ਲੈਣ ਅਤੇ ਦਾਬੇ ਵਿਰੁੱਧ ਆਜ਼ਾਦੀ ਲਈ ਜੂਝਣ ਦੀ ਸਿੱਖ ਪਰੰਪਰਾ ਹੈ। ਉਸ ਨੇ ਨਿਆਂ ਲਈ ਆਵਾਜ਼ ਉਠਾਉਣ ਦਾ ਇਖ਼ਲਾਕੀ ਫਰਜ਼ ਨਿਭਾਉਣ ਦਾ ਰਾਹ ਚੁਣ ਕੇ ਸਭ ਨੂੰ ਪਟੀਸ਼ਨਾਂ 'ਤੇ ਦਸਖ਼ਤ ਕਰਨ, ਵਿਰੋਧ ਪ੍ਰਦਰਸ਼ਨਾਂ ਵਿਚ ਸ਼ਾਮਲ ਹੋਣ, ਬਾਈਕਾਟ ਕਰਨ ਅਤੇ ਆਪਣੀਆਂ ਸਰਕਾਰਾਂ ਦੇ ਨੁਮਾਇੰਦਿਆਂ ਉੱਪਰ 'ਨਸਲਕੁਸ਼ੀ ਬੰਦ ਕਰੋ' ਦੀ ਮੰਗ ਕਰਨ ਲਈ ਦਬਾਅ ਪਾਉਣ ਦਾ ਹੋਕਾ ਦਿੱਤਾ ਹੈ।

ਉਮੀਦ ਹੈ ਕਿ ਆਉਣ ਵਾਲੇ ਦਿਨਾਂ 'ਚ ਫ਼ਲਸਤੀਨ ਦੇ ਹੱਕ 'ਚ ਹੋਰ ਵੀ ਜ਼ੋਰਦਾਰ ਅਤੇ ਵਿਆਪਕ ਆਵਾਜ਼ ਉੱਠੇਗੀ ਅਤੇ ਫ਼ਲਸਤੀਨੀਆਂ ਦੇ ਖ਼ੂਨ ਦੇ ਤਿਹਾਏ ਇਜ਼ਰਾਇਲੀ ਨਸਲਵਾਦੀਆਂ ਨੂੰ ਪਿੱਛੇ ਹਟਣਾ ਪਵੇਗਾ। ਇਸ ਲਈ, ਹਰ ਜਾਗਦੀ ਜ਼ਮੀਰ ਵਾਲੇ ਇਨਸਾਨ ਨੂੰ ਆਪਣੇ ਨੇੜੇ-ਤੇੜੇ ਹੋ ਰਹੇ ਵਿਰੋਧ ਪ੍ਰਦਰਸ਼ਨਾਂ ਦਾ ਹਿੱਸਾ ਬਣ ਕੇ ਅਮਰੀਕਨ-ਇਜ਼ਰਾਇਲੀ ਹੁਕਮਰਾਨਾਂ ਦੇ ਘਿਣਾਉਣੇ ਮਨਸੂਬਿਆਂ ਵਿਰੁੱਧ ਮਜ਼ਲੂਮ ਧਿਰ ਨਾਲ ਖੜ੍ਹਨਾ ਚਾਹੀਦਾ ਹੈ।



# .ਗਦਰੀ ਵਿਰਾਸਤ : ਢੁਡੀਕੇ ਦੀ ਜਰਖੇਜ ਭੌਂ 'ਚੋਂ









-ਅਮੋਲਕ ਸਿੰਘ
98778-68710







110 ਵਰ੍ਹੇ ਬੀਤ ਜਾਣ 'ਤੇ ਵੀ ਗ਼ਦਰ ਪਾਰਟੀ ਦੇ ਮੁੱਖ ਕੇਂਦਰ ਰਹੇ ਢੁੱਡੀਕੇ ਦੇ ਗ਼ਦਰੀ ਬਾਬੇ, ਮੁਲਕ ਦੀ ਅਜੋਕੀ ਜੁਆਨੀ ਲਈ ਪ੍ਰੇਰਨਾ-ਸ੍ਰੋਤ ਹਨ। ਇਤਿਹਾਸ ਦੇ ਸੁਨਹਿਰੀ ਪੰਨੇ ਕਦੇ ਬੁੱਢੇ ਨਹੀਂ ਹੁੰਦੇ। ਲੋਕ-ਸਰੋਕਾਰਾਂ ਨੂੰ ਪ੍ਰਨਾਇਆ, ਲੋਕਾਂ ਦੁਆਰਾ ਸਿਰਜਿਆ ਇਤਿਹਾਸ, ਵਕਤ ਬੀਤਣ 'ਤੇ ਹੋਰ ਵੀ ਪ੍ਰਸੰਗਕ ਅਤੇ ਸਾਰਥਕ ਹੋ ਨਿਬੜਦਾ ਹੈ। ਇਤਿਹਾਸ ਦੇ ਨਾਇਕ, ਸੰਗਰਾਮੀ ਕਾਮਿਆਂ ਦੀ ਸੋਚ ਦੇ ਬੀਜ਼ ਅਜਾਈਂ ਨਹੀਂ ਜਾਂਦੇ। ਸਮਾਜ ਦੇ ਸਿਰਜਕ, ਸਮਾਜ ਅੰਦਰਲੀਆਂ ਕੁਦਰਤੀ ਅਨਮੋਲ ਨਿਆਮਤਾਂ ਅਤੇ ਮਿਹਨਤ ਮੁਸ਼ੱਕਤ ਨਾਲ ਪੈਦਾ ਕੀਤੇ ਫਲ ਦੇ ਮਾਲਕ ਨਾ ਬਣ ਜਾਣ ਇਸ ਦਿਸ਼ਾ ਵੱਲ ਜਾਂਦੇ ਸਾਰੇ ਰਾਹ ਬੰਦ ਕਰਨ ਲਈ ਲੋਕ-ਦੋਖੀ ਨਿਜ਼ਾਮ ਵੱਲੋਂ ਵੰਨ-ਸੁਵੰਨੇ ਰੱਸੇ ਪੈੜੇ ਵੱਟੇ ਜਾਂਦੇ ਹਨ। ਬਲ ਅਤੇ ਛਲ ਦੇ ਸਾਰੇ ਓਹੜ-ਪੋਹੜ ਕਰਦੀ ਸਥਾਪਤੀ, ਇਹਨਾਂ ਬੀਜਾਂ ਦੇ ਮੁੜ ਮੁੜ ਪੁੰਗਰਨ ਅਤੇ ਮੌਲਰਨ ਨੂੰ ਤੱਕ ਕੇ ਹੱਕੀ ਬੱਕੀ ਰਹਿ ਜਾਂਦੀ ਹੈ।

ਇਤਿਹਾਸ ਦੀ ਅੱਖ ਸਭ ਕੁੱਝ ਦੀ ਨਿਰਖ਼-ਪਰਖ਼ ਕਰ ਰਹੀ ਹੁੰਦੀ ਹੈ। ਹਰ ਯੁੱਗ ਅੰਦਰ ਡਾਢੇ ਜੋਰਾਵਰਾਂ ਨੂੰ ਇਹ ਭਰਮ-ਰੋਗ ਰਿਹਾ ਹੈ ਕਿ ਵਕਤ ਉਹਨਾਂ ਦੀਆਂ ਉਂਗਲਾਂ 'ਤੇ ਨੱਚਦਾ ਰਹੇਗਾ। ਸੱਚ ਵੀ ਭਲਾ ਕਦੇ ਦਫ਼ਨ ਹੋਇਆ ਹੈ। ਲੋਕ-ਆਵਾਜ਼, ਲੋਕ-ਰੋਹ ਦੇ ਜਵਾਰਭਾਟੇ, ਭੁਚਾਲ ਝਟਕੇ, ਸਮਾਂ ਪੈਣ 'ਤੇ ਹੇਠਲੀ ਉਪਰ ਕਰ ਦਿੰਦੇ ਨੇ।

ਪੰਜਾਬ ਦੇ ਨਾਮਵਰ ਪਿੰਡ ਢੁੱਡੀਕੇ ਦੀ ਵੀ ਇਹੋ ਅਮਰ ਕਹਾਣੀ ਹੈ। ਪਿੰਡ ਦੇ ਘਰਾਂ, ਗਲੀਆਂ, ਫਿਰਨੀਆਂ, ਖੇਤਾਂ ਅਤੇ ਖੂਹਾਂ 'ਤੇ ਆਜ਼ਾਦੀ ਸੰਗਰਾਮੀਆਂ ਦੀਆਂ ਪੈੜਾਂ, ਅੱਜ ਵੀ ਨਾਵਲ, ਕਹਾਣੀਆਂ, ਗੀਤਾਂ, ਸ਼ਹੀਦੀ ਸਮਾਗਮਾਂ ਅਤੇ ਗ਼ਦਰੀ ਬਾਬਿਆਂ ਦੀ ਯਾਦ 'ਚ ਹਰ ਸਾਲ ਪਹਿਲੀ ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਲੱਗਦੇ ਮੇਲੇ 'ਚ ਸ਼ਾਮਲ ਹੁੰਦੇ ਜੱਥਿਆਂ ਮੌਕੇ ਬੋਲਦੀਆਂ, ਲਿਸ਼ਕਦੀਆਂ ਹਨ। ਢੁੱਡੀਕੇ ਦੇ ਗ਼ਦਰੀ ਬਾਬਿਆਂ ਦੀਆਂ ਡਾਇਰੀਆਂ, ਮੁਲਾਕਾਤਾਂ, ਸਵੈ-ਕਥਨ ਅਤੇ ਹੋਰ ਬਹੁਤ ਕੁੱਝ ਜਿਉਂਦਾ ਜਾਗਦਾ, ਬੋਲਦਾ ਅਤੇ ਉਹਨਾਂ ਦੇ ਅਧੂਰੇ ਸੁਪਨੇ ਪੂਰੇ ਕਰਨ ਲਈ ਨਿਰੰਤਰ ਚੱਲ ਰਹੇ ਸੰਗਰਾਮਾਂ ਅੰਦਰ ਗੂੰਜਦਾ ਹੈ। ਗ਼ਦਰੀ ਬਾਬੇ ਖਾਸ ਕਰਕੇ ਔਝੜੇ ਰਾਹਾਂ ਵੱਲ ਧੱਕੀ ਜਾ ਰਹੀ ਪੰਜਾਬ ਦੀ ਜੁਆਨੀ ਨੂੰ ਹਲੂਣਦੇ ਹਨ; "ਨੌਜਵਾਨੋ! ਜਾਗੋ! ਸੁੱਤਿਆਂ ਨੂੰ ਯੁੱਗ ਬੀਤ ਗਏ!!"

ਇਹ ਗ਼ਦਰੀ ਬਾਬੇ, ਮਹਿਜ਼ ਬਾਤਾਂ ਨਹੀਂ ਸੁਣਾਉਂਦੇ। ਉਪਦੇਸ਼ ਨਹੀਂ ਦਿੰਦੇ। ਆਪਣੇ ਹੱਡ ਭੰਨਕੇ, 20-20 ਸਾਲ ਜੇਲ੍ਹਾਂ, ਪਿੰਜ਼ਰਿਆਂ ਅੰਦਰ ਸਿਦਕਦਿਲੀ ਨਾਲ ਆਜ਼ਾਦੀ, ਬਰਾਬਰੀ ਅਤੇ ਧਰਮ-ਨਿਰਪੱਖਤਾ ਦਾ ਪਰਚਮ ਬੁਲੰਦ ਕਰਕੇ ਮਹਿੰਗੇ ਮੁੱਲ ਤਾਰਕੇ ਇਤਿਹਾਸ ਦੀ ਝੋਲੀ ਪਾਏ ਅਮੁੱਲੇ ਸਬਕਾਂ ਦੀ ਲੋਅ ਵਿੱਚੋਂ ਗ਼ਦਰੀ ਅਤੇ ਸਮੂਹ ਦੇਸ਼ ਭਗਤ ਬੋਲਦੇ ਹਨ।

ਢੁੱਡੀਕੇ ਪਿੰਡ ਅਤੇ ਇਸਦੀ ਜੂਹ ਅੰਦਰ ਗ਼ਦਰੀ ਬਾਬਿਆਂ ਦੀ ਪੈੜ-ਚਾਲ ਅੱਜ ਵੀ ਮਹਿਸੂਸ ਹੁੰਦੀ ਹੈ। ਇਉਂ ਜਾਪਦਾ ਹੈ ਜਿਵੇਂ ਉਹ ਅੱਜ ਵੀ ਆਪਣੇ ਧੀਆਂ-ਪੁੱਤਰਾਂ ਅਤੇ ਪੋਤਰੀਆਂ-ਪੋਤਿਆਂ ਨੂੰ ਥਾਪੀ ਦੇ ਕੇ ਦਿੱਲੀ ਕਿਸਾਨ ਮੋਰਚੇ ਸਮੇਤ ਹਰ ਹੱਕੀ ਸੰਗਰਾਮ ਵਿੱਚ ਤੋਰ ਰਹੇ ਹੋਣ।

1907-10 ਦੇ ਸਮਿਆਂ ਵਿੱਚ ਮੁਲਕ ਭੁੱਖਾਂ, ਦੁੱਖਾਂ, ਕਰਜ਼ਿਆਂ, ਕੰਗਾਲੀ, ਮੰਦਹਾਲੀ 'ਚ ਮਧੋਲਿਆ ਗਿਆ। ਰੋਟੀ-ਰੋਜ਼ੀ ਦੀ ਭਾਲ ਵਿੱਚ ਇਥੋਂ ਦੀ ਜੁਆਨੀ ਨੇ ਫੌਜਾਂ ਵਿੱਚ ਭਰਤੀ ਹੋਣ ਅਤੇ ਪ੍ਰਦੇਸਾਂ ਵੱਲ ਮਜ਼ਬੂਰੀ ਵਸ ਚਾਲੇ ਪਾਏ। ਅਨੇਕਾਂ ਦੁਸ਼ਵਾਰੀਆਂ ਨਾਲ ਮੱਥਾ ਲੱਗਾ। ਉਹ ਗਹਿਰੀਆਂ ਸੋਚਾਂ ਵਿੱਚ ਪੈ ਗਏ; 'ਕੀ ਖੱਟਿਆ ਬਦੇਸ਼ ਵਿੱਚ ਆ ਕੇ...'। ਇੱਕ ਦੂਜੇ ਨਾਲ ਪ੍ਰਵਾਸ ਅਤੇ ਆਪਣੇ ਵਤਨ ਪਿੱਛੇ ਛੱਡ ਆਏ ਘਰਾਂ ਦੀ ਹਾਲਤ ਬਾਰੇ ਵਿਚਾਰਾਂ ਕਰਨ ਲੱਗੇ। ਗਹਿਰ-ਗੰਭੀਰ ਸਵੈ-ਮੰਥਨ ਨੇ ਸਿਰ ਜੋੜਨ ਅਤੇ ਜੱਥੇਬੰਦ ਹੋਣ ਦੀ ਅਣਸਰਦੀ ਲੋੜ ਨੂੰ ਜਰਬਾਂ ਦਿੱਤੀਆਂ। 'ਹਿੰਦੀ ਐਸੋਸੀਏਸ਼ਨ ਆਫ਼ ਪੈਸੇਫ਼ਿਕ ਕੋਸਟ' ਨਾਮੀਂ ਜੱਥੇਬੰਦੀ ਅਮਰੀਕਾ ਦੀ ਧਰਤੀ 'ਤੇ ਖੜ੍ਹੀ ਕੀਤੀ।

ਇਸ ਸੰਸਥਾ ਨੇ 1 ਨਵੰਬਰ 1913 ਨੂੰ 'ਗ਼ਦਰ' ਨਾਮੀਂ ਅਖ਼ਬਾਰ ਕੱਢਿਆ। ਵੱਖ-ਵੱਖ ਭਾਸ਼ਾਵਾਂ ਵਿੱਚ ਹਫ਼ਤਾਵਾਰੀ ਇਸ ਅਖ਼ਬਾਰ ਨੇ ਲੋਕਾਂ ਦੀ ਸੁੱਤੀ ਅੱਖ ਉਘਾੜ ਦਿੱਤੀ। ਗ਼ਦਰ ਅਖ਼ਬਾਰ ਦੀ ਮਕਬੂਲੀਅਤ ਕਾਰਨ ਇਹ ਜੱਥੇਬੰਦੀ, 'ਗ਼ਦਰ ਪਾਰਟੀ' ਵਜੋਂ ਹੀ ਲੋਕਾਂ ਦੀ ਮਹਿਬੂਬ ਜੱਥੇਬੰਦੀ ਬਣ ਗਈ। 'ਗ਼ਦਰ' ਅਖ਼ਬਾਰ ਨੇ ਨਗਾਰੇ ਦੀ ਚੋਟ ਅਜਿਹੀ ਲਾਈ ਕਿ ਆਪਣੇ ਮੁਲਕ ਅੰਦਰਲੀ ਗ਼ੁਲਾਮੀ ਦੇ ਭੰਨੇ, ਬਦੇਸ਼ਾਂ ਵਿੱਚ ਸੁੱਖ ਭਾਲਣ ਆਏ, ਦੂਹਰੀ ਤੀਹਰੀ ਗ਼ੁਲਾਮੀ ਭੋਗ ਰਹੇ ਪ੍ਰਵਾਸੀ ਭਾਰਤੀਆਂ ਵਿਸ਼ੇਸ਼ ਕਰਕੇ ਪੰਜਾਬੀਆਂ ਨੂੰ 'ਦੇਸ਼ ਨੂੰ ਚੱਲੋ, ਆਜ਼ਾਦੀ ਲਈ ਗ਼ਦਰ ਕਰੋ' ਦੀਆਂ ਗ਼ਦਰੀ ਗੂੰਜਾਂ ਨੇ ਝੰਜੋੜਕੇ ਰੱਖ ਦਿੱਤਾ। ਇਸ ਵਰਤਾਰੇ ਦੀਆਂ ਲੜੀਆਂ ਅਤੇ ਕੜੀਆਂ ਵਿੱਚ ਜਿੱਥੇ ਪਿੰਡ ਸੁਰ ਸਿੰਘ (ਅੰਮ੍ਰਿਤਸਰ), ਸੰਘਵਾਲ (ਜਲੰਧਰ) ਕੇਂਦਰ ਬਣਕੇ ਉੱਭਰੇ ਓਥੇ ਢੁੱਡੀਕੇ ਪਿੰਡ ਮੁੱਖ ਕੇਂਦਰ ਵਜੋਂ ਸਾਹਮਣੇ ਆਇਆ। ਇਸ ਨਗਰ ਦੇ ਗ਼ਦਰੀ ਬਾਬਿਆਂ ਦੀ ਕਹਾਣੀ ਲੰਮੀ ਹੈ। ਇਸਦੇ ਕੁੱਝ ਅੰਸ਼ ਹੀ ਵਿਰਾਟ ਅਤੇ ਅਦੁੱਤੀ ਤਸਵੀਰ ਦੇ ਦੀਦਾਰ ਕਰਵਾ ਦਿੰਦੇ ਹਨ। ਢੁੱਡੀਕੇ ਅਤੇ ਵੰਨੇ-ਚੰਨੇ ਦੇ ਸਾਰੇ ਪਿੰਡਾਂ 'ਚੋਂ ਜੁਆਨੀ, ਗ਼ਦਰ ਲਹਿਰ 'ਚ ਸ਼ੁਮਾਰ ਹੋ ਗਈ।

ਢੁੱਡੀਕੇ ਪਿੰਡ ਸਬੰਧੀ ਦੂਜੇ ਸਪਲੀਮੈਂਟਰੀ ਸਾਜ਼ਸ਼ ਕੇਸ ਦੇ ਜੱਜੇ ਨੇ ਲਿਖਿਆ ਹੈ ਕਿ:

"ਇਸ ਮਾਮਲੇ 'ਚ ਪਹਿਲਾ ਪਿੰਡ ਢੁੱਡੀਕੇ ਹੈ। 'ਮੁਜ਼ਰਿਮਾ', ਕੇਸਾਂ ਦੀ ਸੂਚੀ ਦਾ ਜ਼ਿਕਰ ਕਰਦਿਆਂ ਜੱਜ ਦਾ ਹਵਾਲਾ ਬੋਲਦਾ ਹੈ ਕਿ 32, 53, 62,68,64,65 ਅਤੇ 80 ਨੰਬਰ 'ਮੁਜ਼ਰਿਮਾ ਦਾ ਗੈਂਗ' ਕਪੂਰਥਲਾ ਅਤੇ ਵੱਲਾ ਪੁਲ ਕਾਂਡ ਵਿੱਚ ਬਹੁਤ ਖ਼ਤਰਨਾਕ ਭੂਮਿਕਾ ਅਦਾ ਕਰਨ ਵਿੱਚ ਸ਼ਾਮਲ ਹੈ। ਕੇਸ ਦੇ ਫੁੱਟ ਨੋਟ ਵਿੱਚ ਨਾਮ ਦਰਜ਼ ਹੈ ਈਸ਼ਰ ਸਿੰਘ (32), ਮਹਿੰਦਰ ਸਿੰਘ (53), ਪਾਖਰ ਸਿੰਘ (62), ਪਾਲਾ ਸਿੰਘ (63), ਪਾਲਾ ਸਿੰਘ ਜੱਥੇਦਾਰ (64), ਮਾਸਟਰ ਫੇਰਾ ਸਿੰਘ (65), ਸ਼ਾਮ ਸਿੰਘ (80)। ਇਸ ਰਿਪੋਰਟ ਵਿੱਚ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ ਕਿ, "ਸਾਨੂੰ ਪੂਰਨ ਤਸੱਲੀ ਹੋ ਗਈ ਹੈ ਕਿ ਢੁੱਡੀਕੇ ਵਿੱਚ ਇੱਕ ਜੱਥਾ ਹੈ ਜਿਸਦਾ ਖ਼ਤਰਨਾਕ ਹੋਣਾ, ਕਪੂਰਥਲੇ ਅਸਲਾਖਾਨੇ ਤੇ ਹਮਲੇ ਅਤੇ ਵੱਲੇ ਪੁੱਲ ਦੇ ਕਤਲਾਂ ਤੋਂ ਸਿੱਧ ਹੋ ਜਾਵੇਗਾ।"

ਇਤਿਹਾਸ ਦੀਆਂ ਪੈੜਾਂ ਗਵਾਹੀ ਭਰਦੀਆਂ ਹਨ ਕਿ ਢੁੱਡੀਕੇ ਪਿੰਡ ਗ਼ਦਰੀ ਦੇਸ਼ ਭਗਤਾਂ ਦਾ ਗੜ੍ਹ ਸੀ। ਇਸ ਪਿੰਡ ਨਾਲ ਗ਼ਦਰੀ ਉੱਤਮ ਸਿੰਘ ਹਾਂਸ, ਗਾਂਧਾ ਸਿੰਘ, ਕਰਤਾਰ ਸਿੰਘ ਸਰਾਭਾ ਵਰਗੇ ਗ਼ਦਰੀ ਯੋਧੇ ਢੁੱਡੀਕੇ ਪਿੰਡ ਦੀਆਂ ਹਵਾਵਾਂ ਨਾਲ ਗੱਲਾਂ ਕਰਦੇ ਰਹੇ ਹਨ। ਗ਼ਦਰੀ ਪਾਖ਼ਰ ਸਿੰਘ ਢੁੱਡੀਕੇ ਦੇ ਖੂਹ 'ਤੇ ਅਕਸਰ ਹੀ ਮੀਟਿੰਗਾਂ ਹੋਇਆ ਕਰਦੀਆਂ ਸਨ। ਢੁੱਡੀਕੇ ਪਿੰਡ ਦੀ ਧੁਰੀ ਦੁਆਲੇ ਚੂਹੜ ਚੱਕ, ਦੌਧਰ, ਲੰਮੇ ਜੱਟਪੁਰਾ, ਹਾਂਸ ਕਲਾਂ, ਜਗਰਾਓ, ਰੂਮੀ, ਸੰਗਤਪੁਰਾ, ਗ਼ਦਰੀ ਬਾਬਾ ਭਾਨ ਸਿੰਘ ਸੁਨੇਤ, ਹਰੀ ਸਿੰਘ ਉਸਮਾਨ ਬੱਦੋਵਾਲ, ਬਾਬਾ ਗੁਰਮੁੱਖ ਸਿੰਘ ਲਲਤੋਂ, ਸਰਾਭਾ, ਗੁੱਜਰਵਾਲ, ਚਮਿੰਡਾ, ਦੁਸਾਂਝ, ਬਿੰਜਲ, ਅੱਚਰਵਾਲ, ਜਲਾਲਦੀਵਾਲ ਆਦਿ ਪਿੰਡਾਂ ਤੱਕ ਗ਼ਦਰ ਲਹਿਰ ਦੇ ਬੋਹੜ ਦੀਆਂ ਜੜਾਂ ਫੈਲੀਆਂ ਹੋਈਆਂ ਸਨ। ਗ਼ਦਰੀ ਬਾਬਾ ਅਰਜਨ ਸਿੰਘ ਜਗਰਾਓ, ਬਾਬਾ ਪਾਲਾ ਸਿੰਘ ਢੁੱਡੀਕੇ, ਬਾਬਾ ਪਾਲਾ ਸਿੰਘ ਢੁੱਡੀਕੇ, ਸਪੁੱਤਰ ਸ੍ਰੀ ਕਾਲਾ ਸਿੰਘ, ਬਾਬਾ ਪਾਖਰ ਸਿੰਘ ਢੁੱਡੀਕੇ, ਮਾਸਟਰ ਫੇਰਾ ਸਿੰਘ ਢੁੱਡੀਕੇ ਸਕੂਲ ਦੇ ਅਧਿਆਪਕ, ਮਹਿੰਦਰ ਸਿੰਘ ਢੁੱਡੀਕੇ, ਸ਼ਾਮ ਸਿੰਘ ਢੁੱਡੀਕੇ ਅਤੇ ਇਸ ਦੀ ਦੁਆਬੇ ਦੀ ਪਿੰਡ ਸੰਘਵਾਲ 'ਚ ਗ਼ਦਰੀ ਕੇਂਦਰ ਦੇ ਸ਼ਹੀਦ ਬੰਤਾ ਸਿੰਘ ਸੰਘਵਾਲ ਨਾਲ ਅੰਗਲੀ ਸੰਗਲੀ ਜੁੜਦੀ ਹੈ।

ਇਨ੍ਹਾਂ ਸਭਨਾਂ ਪਿੰਡਾਂ ਦਾ ਇਤਿਹਾਸਕ ਪਿਛੋਕੜ, ਅਜੋਕੀਆਂ ਹਾਲਤਾਂ ਅੰਦਰ ਅਮੁੱਲੇ ਸਬਕ ਸਾਡੇ ਸਾਹਮਣੇ ਘੋਖ-ਪੜਤਾਲ ਕਰਨ ਅਤੇ ਮੁੱਲਵਾਲ ਤਜ਼ੱਰਬੇ ਇਕੱਤਰ ਕਰਨ ਦੇ ਸੁਲੱਖਣੇ ਵਰਤਾਰੇ ਪੇਸ਼ ਕਰਦਾ ਹੈ। ਦੁਆਬੇ ਵਾਂਗ ਢੁੱਡੀਕੇ ਤੋਂ ਲੈ ਕੇ ਲੁਧਿਆਣਾ, ਮੋਗਾ, ਫ਼ਿਰੋਜ਼ਪੁਰ, ਬਰਨਾਲਾ ਦੇ ਨਵੇਂ ਪੁਰਾਣੇ ਜ਼ਿਲ੍ਹਿਆਂ ਦੀ ਬਣਤਰ ਨਾਲ ਜੁੜਿਆ ਅਜੇਹਾ ਖਿੱਤਾ ਹੈ ਜੋ ਬਦੇਸ਼ਾਂ 'ਚ ਗਿਆ ਅਤੇ ਗ਼ਦਰ ਲਹਿਰ ਦੀ ਰੀੜ੍ਹ ਦੀ ਹੱਡੀ ਬਣਿਆ। ਅੱਜ 110 ਵਰ੍ਹੇ ਬਾਅਦ ਵੀ ਇਤਿਹਾਸ ਇਹ ਦ੍ਰਿਸ਼ ਦੁਹਰਾ ਰਿਹੈ। ਦੁਆਬਾ ਅਤੇ ਮਾਲਵੇ ਦਾ ਇਹ ਖਿੱਤਾ ਮੁੜ-ਮੁੜ ਬਦੇਸ਼ਾਂ ਦੀ ਉਡਾਰੀ ਭਰੇਗਾ, ਗ਼ਦਰੀ ਗੂੰਜਾਂ ਪੜ੍ਹੇਗਾ ਅਤੇ ਫ਼ਿਰ ਗ਼ਦਰ ਦੀ ਨਵੀਂ ਇਬਾਰਤ ਦਾ ਅਹਿਮ ਹਿੱਸੇਦਾਰ ਬਣੇਗਾ। ਇਸ ਮਾਰਗ ਬਿਨਾਂ ਹੋਰ ਕੋਈ ਸਹੀ ਮਾਰਗ ਨਹੀਂ। ਚੰਦ ਗ਼ਦਰੀ ਨਾਇਕਾਂ ਬਾਰੇ ਪੰਛੀ-ਝਾਤ ਹੀ ਮਾਰ ਰਹੇ ਹਾਂ:

- **ਸ਼ਹੀਦ ਈਸ਼ਰ ਸਿੰਘ ਢੁੱਡੀਕੇ**: ਮਾਂ ਧਰਮ ਕੌਰ ਅਤੇ ਪਿਤਾ ਸੱਜਣ ਸਿੰਘ ਦੇ ਘਰ ਢੁੱਡੀਕੇ ਵਿਖੇ 1881 ਵਿੱਚ ਜਨਮੇ ਈਸ਼ਰ ਸਿੰਘ ਢੁੱਡੀਕੇ 20 ਸਾਲ ਦੀ ਉਮਰ ਤੱਕ ਪਿਤਾ ਨਾਲ ਖੇਤੀ ਕਰਦੇ ਰਹੇ। ਉਹ 1907 ਵਿੱਚ ਪਿੰਡ ਦੇ ਹੋਰ ਸਾਥੀਆਂ ਨਾਲ ਕਨੇਡਾ ਪੁੱਜੇ। ਥੋੜ੍ਹੇ ਅਰਸੇ ਮਗਰੋਂ ਉਹਨਾਂ ਦੇ ਦੋਵੇਂ ਭਰਾਵਾਂ ਦੇ ਵਿਛੋੜੇ ਕਾਰਨ ਆਪ ਮਾਪਿਆਂ ਦੀ ਸਾਂਭ-ਸੰਭਾਲ ਲਈ ਕਨੇਡਾ ਤੋਂ ਪਰਤ ਆਏ। ਉਹ ਦੂਜੀ ਵਾਰ 1912 ਵਿੱਚ ਫੇਰ ਕਨੇਡਾ ਗਏ। ਉਥੇ ਬਾਬਾ ਸੋਹਣ ਸਿੰਘ ਭਕਨਾ ਅਤੇ ਕਰਤਾਰ ਸਿੰਘ ਸਰਾਭਾ ਨਾਲ ਕੰਮ ਕੀਤਾ। 'ਦੇਸ਼ ਨੂੰ ਚੱਲੋ ਆਜ਼ਾਦੀ ਲਈ' ਦੀ ਆਵਾਜ਼ ਪੈਣ 'ਤੇ ਉਹ ਕਨੇਡਾ ਛੱਡਕੇ 1915 ਵਿੱਚ ਵਾਪਸ ਆ ਗਏ। ਸਾਰਾ ਸਮਾਂ ਆਜ਼ਾਦੀ ਲਈ ਭੇਂਟ ਕੀਤਾ। ਉਹਨਾਂ ਨੂੰ 18 ਜੂਨ 1916 ਨੂੰ ਕੇਂਦਰੀ ਜੇਲ੍ਹ ਲਾਹੌਰ ਵਿੱਚ ਫਾਂਸੀ ਲਗਾ ਦਿੱਤਾ ਗਿਆ।

- **ਸ਼ਹੀਦ ਰੂੜ ਸਿੰਘ ਢੁੱਡੀਕੇ**: ਇਹਨਾਂ ਦਾ ਜਨਮ ਤਲਵੰਡੀ-ਦੁਸਾਂਝ ਹੋਇਆ ਪਰ ਇਹ ਰਹਿੰਦੇ ਢੁੱਡੀਕੇ ਸਨ। ਇਥੇ ਇਹ ਦੇਸ਼ ਭਗਤ ਜੱਥੇ ਦੇ ਜੋਟੀਦਾਰ ਬਣ ਗਏ। ਇਹਨਾਂ ਨੇ ਵੱਲੇ ਪੁੱਲ ਵਾਲੇ ਸਾਕੇ 'ਚ ਸਰਗਰਮ ਹਿੱਸਾ ਲਿਆ। ਇਹਨਾਂ ਨੂੰ ਵੀ 18 ਜੂਨ 1916 ਨੂੰ ਕੇਂਦਰੀ ਜੇਲ੍ਹ ਲਾਹੌਰ ਫਾਂਸੀ ਲਗਾਇਆ ਗਿਆ।

- **ਸ਼ਹੀਦ ਕਰਤਾਰ ਸਿੰਘ ਸਰਾਭਾ**: ਗ਼ਦਰੀਆਂ ਦੇ ਗੜ੍ਹ ਢੁੱਡੀਕੇ ਪਿੰਡ 'ਚ ਦੇਸ਼ ਭਗਤਾਂ ਦੀਆਂ ਮੀਟਿੰਗਾਂ ਕਰਾਉਣ, ਸਰਗਰਮੀਆਂ ਦੀ ਵਿਉਂਤਬੰਦੀ ਕਰਨ ਵਿੱਚ ਸੂਤਰਧਾਰ ਦਾ ਕੰਮ ਕਰਨ ਵਾਲੇ ਸਨ ਕਰਤਾਰ ਸਿੰਘ ਸਰਾਭਾ। ਗ਼ਦਰੀ ਜੱਥੇ ਵਿੱਚ ਸਭ ਤੋਂ ਛੋਟੀ ਉਮਰ ਦੇ 'ਬਾਲਾ ਜਰਨੈਲ' ਕਰਕੇ ਜਾਣੇਂ ਜਾਂਦੇ ਸਨ, ਕਰਤਾਰ ਸਿੰਘ ਸਰਾਭਾ। ਇਹਨਾਂ ਦੇ ਹਵਾਲੇ ਬਗੈਰ ਢੁੱਡੀਕੇ ਪਿੰਡ ਦੇ ਗ਼ਦਰੀਆਂ ਦੀ ਕਹਾਣੀ ਅਧੂਰੀ ਹੈ। ਇਸ ਉਡਦੇ ਪਰਿੰਦੇ ਨੂੰ 16 ਨਵੰਬਰ 1915 ਨੂੰ ਕੇਂਦਰੀ ਜੇਲ੍ਹ ਲਾਹੌਰ ਵਿੱਚ ਫਾਂਸੀ ਲਗਾਇਆ ਗਿਆ।

- **ਸ਼ਹੀਦ ਰੰਗਾ ਸਿੰਘ ਖੁਰਦਪੁਰ**: ਭਾਈ ਰੰਗਾ ਸਿੰਘ ਉਰਫ਼ ਰੋਡਾ ਸਿੰਘ ਦਾ ਜਨਮ 1885 ਨੂੰ ਗੁਰਦਿੱਤ ਸਿੰਘ ਦੇ ਘਰ ਜਲੰਧਰ ਜ਼ਿਲ੍ਹੇ ਦੇ ਪਿੰਡ ਖੁਰਦਪੁਰ ਵਿੱਚ ਹੋਇਆ। ਉਹਨਾਂ ਭਰ ਜੁਆਨੀ ਵਿੱਚ ਅਮਰੀਕਾ ਦੇ ਜੰਗਲ ਕੱਟਦਿਆਂ ਬਹੁਤ ਕੁੱਝ ਸੋਚਿਆ ਕਿ ਸਾਡੀ ਇਹ ਹਾਲਤ ਕਿਉਂ ਹੈ। ਗ਼ਦਰ ਪਾਰਟੀ 'ਚ ਸ਼ਾਮਲ ਹੋਏ ਤਾਂ ਜੋ ਮੁਲਕ ਦੇ ਲੋਕਾਂ ਗਲੋਂ ਗ਼ੁਲਾਮੀ ਦਾ ਜੂਲਾ ਵਗਾਹ ਮਾਰਿਆ ਜਾਵੇ। ਕਪੂਰਥਲੇ ਅਸਲਾਖਾਨੇ 'ਚੋਂ ਹਥਿਆਰ ਕਾਬੂ ਕਰਕੇ ਗ਼ਦਰ ਨੂੰ ਨੇਪਰੇ ਚਾੜ੍ਹਨ ਲਈ ਮੌਤ ਨੂੰ ਮਖੌਲਾਂ ਕਰਦੇ ਗ਼ਦਰੀਆਂ ਦੀ ਟੋਲੀ 'ਚ ਸ਼ੁਮਾਰ ਇਹ ਸੂਰਮਾ ਢੁੱਡੀਕੇ ਪਿੰਡ ਦੇ ਗ਼ਦਰੀਆਂ ਨਾਲ ਲਗਾਤਾਰ ਜੁੜਿਆ ਰਿਹਾ ਅਤੇ 18 ਜੂਨ 1916 ਨੂੰ ਇਹਨਾਂ ਸਾਥੀਆਂ ਨਾਲ ਫਾਂਸੀ ਦੇ ਤਖ਼ਤੇ 'ਤੋਂ ਨਾਅਰੇ ਗੁੰਜਾਉਂਦਾ ਸ਼ਹੀਦੀ ਜਾਮ ਪੀ ਗਿਆ।

- **ਸ਼ਹੀਦ ਉੱਤਮ ਸਿੰਘ ਹਾਂਸ**: ਗ਼ਦਰੀ ਉੱਤਮ ਸਿੰਘ ਹਾਂਸ ਦਾ ਜਨਮ ਜੀਤਾ ਸਿੰਘ ਦੇ ਘਰ 1880 ਵਿੱਚ ਹਾਂਸ ਕਲਾਂ ਹੋਇਆ। ਉਹਨਾਂ ਨੂੰ ਬਚਪਨ ਵਿੱਚ ਰਾਘੋ ਸਿੰਘ ਕਰਕੇ ਬੁਲਾਇਆ ਜਾਂਦਾ ਸੀ। ਉਹ ਵੀ ਕਪੂਰਥਲਾ ਹਥਿਆਰਾਂ ਦੀ ਪ੍ਰਾਪਤੀ ਲਈ ਅਸਲਾਖਾਨੇ 'ਤੇ ਧਾਵਾ ਬੋਲਣ ਵਾਲਿਆਂ ਵਿਚ ਸ਼ਾਮਲ ਸੀ। ਉਸਨੂੰ 18 ਜੂਨ 1916 ਨੂੰ ਫਾਂਸੀ 'ਤੇ ਲਟਕਾਇਆ ਗਿਆ।

- **ਬਾਬਾ ਪਾਖਰ ਸਿੰਘ ਢੁੱਡੀਕੇ**: ਭਾਨ ਸਿੰਘ ਢੁੱਡੀਕੇ ਦੇ ਘਰ 1885 ਵਿੱਚ ਪੈਦਾ ਹੋਏ ਪਾਖਰ ਸਿੰਘ ਢੁੱਡੀਕੇ ਵੀ ਰੋਟੀ ਦੀ ਭਾਲ 'ਚ ਬਾਹਰ ਗਏ। ਧੱਕੇ ਧੋੜੇ ਖਾਂਦੀ ਉਹਨਾਂ ਦੀ ਜ਼ਿੰਦਗੀ ਨੇ ਗ਼ਦਰੀ ਝੰਡੇ ਨੂੰ ਹੱਥ ਪਾਇਆ। ਸਾਰੀ ਜ਼ਿੰਦਗੀ ਲੋਕਾਂ ਹਵਾਲੇ ਕੀਤੀ। ਆਪ 90 ਸਾਲ ਦੇ ਹੋ ਕੇ 1968 ਵਿੱਚ ਸਦੀਵੀ ਵਿਛੋੜਾ ਦੇ ਗਏ। ਉਹ ਆਖ਼ਰੀ ਦਮ ਤੱਕ ਇਹੋ ਕਹਿੰਦੇ ਰਹੇ ਕਿ ਇਹ ਸਾਡੇ ਸੁਪਨਿਆਂ ਦੀ ਆਜ਼ਾਦੀ ਨਹੀਂ। ਇਸ ਲਈ ਜੁਆਨੀ ਨੂੰ ਅੱਗੇ ਆਉਣ ਦੀ ਲੋੜ ਹੈ।

ਗ਼ਦਰੀ ਬਾਬਾ ਰੂੜ ਸਿੰਘ ਚੂਹੜਚੱਕ, ਬਾਬਾ ਪਾਲਾ ਸਿੰਘ ਜੱਥੇਦਾਰ ਢੁੱਡੀਕੇ, ਮਾਸਟਰ ਫੇਰਾ ਸਿੰਘ ਢੁੱਡੀਕੇ, ਬਾਬਾ ਪਾਲਾ ਸਿੰਘ ਵੱਡਾ ਢੁੱਡੀਕੇ, ਬਾਬਾ ਸ਼ਾਮ ਸਿੰਘ ਢੁੱਡੀਕੇ, ਭਾਈ ਮਹਿੰਦਰ ਸਿੰਘ ਢੁੱਡੀਕੇ, ਬਾਬਾ ਅਰਜਨ ਸਿੰਘ ਜਗਰਾਓ, ਬਾਬਾ ਚੰਨਣ ਸਿੰਘ ਚੂਹੜਚੱਕ, ਬਾਬਾ ਤਰਲੋਕ ਸਿੰਘ ਦਾਊਧਰ, ਬਾਬਾ ਗੇਂਦਾ ਸਿੰਘ ਦਾਊਧਰ ਵਰਗੇ ਅਨੇਕਾਂ ਸੂਰਮਿਆਂ ਦੀਆਂ ਪੈੜਾਂ ਢੁੱਡੀਕੇ ਦੀ ਧਰਤੀ 'ਤੇ ਆਪਣੀ ਕਹਾਣੀ ਸੁਣਾਉਂਦੀਆਂ ਹਨ।

ਅੱਜ ਜਦੋਂ ਗ਼ਦਰੀਆਂ ਦੇ ਗੜ੍ਹ ਕਰਕੇ ਜਾਣੇ ਜਾਂਦੇ ਪਿੰਡਾਂ ਦੇ ਪਿੰਡ ਪ੍ਰਵਾਸ ਕਾਰਨ ਖਾਲੀ ਹੋ ਰਹੇ ਹਨ ਤਾਂ ਫਿਜ਼ਾ 'ਚ ਇਹ ਸੁਆਲ ਗੂੰਜਦਾ ਹੈ ਕਿ ਘਰਾਂ ਨੂੰ ਲੱਗੇ ਉਦਾਸ ਅਤੇ ਖ਼ਾਮੋਸ਼ ਤਾਲੇ ਕਦੋਂ ਬੋਲਣਗੇ। ਆਪਣੇ ਨਗਰ ਆਪਣੇ ਦੇਸ਼ ਦੀ ਹੀ ਨਵੀਂ ਤਸਵੀਰ ਵਿੱਚ ਨਵੇਂ ਰੰਗ ਭਰਨੇ ਪੈਣਗੇ। ਇਹ ਰੰਗ ਭਰਨ ਲਈ ਨਵੀਂ ਗੁਲਾਮੀ ਦੇ ਸੰਗਲ ਵਗਾਹ ਮਾਰਨ ਲਈ ਗੰਭੀਰ ਵਿਚਾਰਾਂ ਕਰੇਗਾ 24 ਨਵੰਬਰ ਨੂੰ ਢੁੱਡੀਕੇ ਵਿਖੇ ਹੋ ਰਿਹਾ ਯਾਦਗਾਰੀ ਸਮਾਗਮ।

# ਨੌਜਵਾਨ ਗ਼ਦਰੀ ਯੋਧਾ- ਸ਼ਹੀਦ ਕਰਤਾਰ ਸਿੰਘ ਸਰਾਭਾ



ਮਨਦੀਪ
+54-9381-338-9246
mandeepsaddowal@gmail.com

*ਕਰਤਾਰ ਸਿੰਘ ਹਰ ਸਮੇਂ ਹਰ ਥਾਂ ਹੁੰਦੇ । ਅੱਜ ਮੋਗੇ ਵਿੱਚ ਖੁਫੀਆ ਮੀਟਿੰਗ ਹੈ, ਆਪ ਫਿਰ ਅਗਲੀ ਕਤਾਰ ਵਿੱਚ ਹਨ । ਅਗਲੇ ਦਿਨ ਫਿਰੋਜ਼ਪੁਰ ਦੀ ਛਾਉਣੀ ਦੇ ਸਿਪਾਹੀਆਂ ਨਾਲ ਗਠਜੋੜ ਹੋ ਰਿਹਾ ਹੈ । ਫਿਰ ਹਥਿਆਰਾਂ ਲਈ ਕਲਕੱਤੇ ਜਾ ਰਹੇ ਹਨ । ਰੁਪਏ ਦੀ ਕਮੀ ਦਾ ਸਵਾਲ ਉਠਣ ਤੇ ਆਪ ਨੇ ਡਾਕਾ ਮਾਰਨ ਦੀ ਸਲਾਹ ਦਿੱਤੀ । ਡਾਕੇ ਦਾ ਨਾਂ ਸੁਣਦੇ ਹੀ ਬਹੁਤ ਸਾਰੇ ਲੋਕ ਹੱਕੇ ਬੱਕੇ ਰਹਿ ਗਏ । ਪਰੰਤੂ ਆਪ ਨੇ ਕਹਿ ਦਿੱਤਾ ਕੋਈ ਡਰ ਨਹੀਂ ਹੈ ।*



ਦੇਸ਼ ਦੇ ਕਿਰਤੀ ਲੋਕਾਂ ਦੀ ਬਸਤੀਵਾਦੀ ਗੁਲਾਮੀ ਤੋਂ ਮੁਕਤੀ ਲਈ ਸੰਘਰਸ਼ ਵਿੱਚ ਗ਼ਦਰ ਪਾਰਟੀ ਦਾ ਅਹਿਮ ਇਤਿਹਾਸਕ ਯੋਗਦਾਨ ਰਿਹਾ ਹੈ। ਗ਼ਦਰ ਪਾਰਟੀ ਦੀ ਵਿਚਾਰਧਾਰਾ, ਉਦੇਸ਼ ਅਤੇ ਕੁਰਬਾਨੀਆਂ ਨੇ ਬਰਤਾਨਵੀਂ ਬਸਤੀਵਾਦੀ ਗੁਲਾਮੀ ਤੋਂ ਮੁਕਤੀ ਦੀ ਇੱਕ ਜਾਨਦਾਰ ਲਹਿਰ ਖੜ੍ਹੀ ਕੀਤੀ। ਪ੍ਰਵਾਸੀ ਕਿਰਤੀ ਕਾਮਿਆਂ ਵੱਲੋਂ ਖੜ੍ਹੀ ਕੀਤੀ ਇਸ ਇਨਕਲਾਬੀ ਗ਼ਦਰ ਪਾਰਟੀ ਵਿੱਚ ਨੌਜਵਾਨ ਕਰਤਾਰ ਸਿੰਘ ਸਰਾਭਾ ਦੀ ਭੂਮਿਕਾ ਅਤੇ ਕੁਰਬਾਨੀ ਬੇਮਿਸਾਲ ਹੈ।

ਕਰਤਾਰ ਸਿੰਘ ਦਾ ਜਨਮ 24 ਮਈ 1896 ਦੇ ਦਿਨ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਵਿਖੇ ਮਾਤਾ ਸਾਹਿਬ ਕੌਰ ਤੇ ਪਿਤਾ ਮੰਗਲ ਸਿੰਘ ਦੇ ਘਰ ਹੋਇਆ। ਬਚਪਨ 'ਚ ਹੀ ਉਸਦੇ ਮਾਤਾ-ਪਿਤਾ ਦਾ ਦੇਹਾਂਤ ਹੋਣ ਕਾਰਨ ਕਰਤਾਰ ਸਿੰਘ ਤੇ ਭੈਣ ਧੰਨ ਕੌਰ ਦਾ ਪਾਲਣ-ਪੋਸ਼ਣ ਉਹਨਾਂ ਦੇ ਦਾਦਾ ਬਦਨ ਸਿੰਘ ਨੇ ਕੀਤਾ। ਕਰਤਾਰ ਸਿੰਘ ਨੇ ਮੁੱਢਲੀ ਸਿੱਖਿਆ ਪਿੰਡ ਦੇ ਪ੍ਰਾਇਮਰੀ ਸਕੂਲ 'ਚੋਂ ਅੱਵਲ ਰਹਿ ਕੇ ਅਤੇ ਮੈਟ੍ਰਿਕ ਉੜੀਸਾ ਤੋਂ ਪਾਸ ਕੀਤੀ। ਪੰਦਰਾਂ ਸਾਲ ਦੀ ਉਮਰ 'ਚ ਉੜੀਸਾ ਦੇ ਰੇਵਨਸ਼ਾ ਕਾਲਜ ਤੋਂ ਗਿਆਰ੍ਹਵੀਂ ਪਾਸ ਕਰਦਿਆਂ 1 ਜਨਵਰੀ 1912 ਨੂੰ ਅਮਰੀਕਾ ਪਹੁੰਚ ਕੇ ਉੱਥੋਂ ਦੀ ਬਰਕਲੇ ਯੂਨੀਵਰਸਿਟੀ 'ਚ ਕੈਮਿਸਟਰੀ ਦੇ ਵਿਦਿਆਰਥੀ ਵਜੋਂ ਦਾਖ਼ਲਾ ਲਿਆ। ਬਰਕਲੇ ਯੂਨੀਵਰਸਿਟੀ ਦੇ ਹੋਸਟਲ 'ਚ ਰਹਿਣ ਵਾਲੇ ਤੀਹ ਪੰਜਾਬੀ ਤੇ ਬੰਗਾਲੀ ਵਿਦਿਆਰਥੀ ਲਾਲਾ ਹਰਦਿਆਲ ਦੇ ਸੰਪਰਕ ਵਿਚ ਆਏ। ਲਾਲਾ ਹਰਦਿਆਲ ਦੇ ਦੇਸ਼ ਭਗਤੀ ਵਾਲੇ ਵਿਚਾਰਾਂ ਨੇ ਵਿਦਿਆਰਥੀਆਂ ਅੰਦਰ ਕੌਮੀ ਪਹਿਚਾਣ ਤੇ ਸਵੈਮਾਨ ਦਾ ਜਜ਼ਬਾ ਪੈਦਾ ਕੀਤਾ। ਉਸ ਸਮੇਂ ਸੰਸਾਰ ਪੱਧਰੀਆਂ ਸਮਾਜਿਕ ਹਾਲਤਾਂ ਨੇ ਵੀ ਹਿੰਦੋਸਤਾਨੀ ਵਿਦੇਸ਼ੀ ਨੌਜਵਾਨਾਂ ਦੀ ਸੰਵੇਦਨਾ ਨੂੰ ਪ੍ਰਭਾਵਿਤ ਕੀਤਾ। ਉਹਨਾਂ ਨੌਜਵਾਨਾਂ ਅੰਦਰ 1857 ਦੀ ਮਹਾਨ ਬਗ਼ਾਵਤ ਦੀ ਚਿਣਗ ਵੀ ਸੀ ਤੇ ਹਿੰਦੋਸਤਾਨ ਦੀ ਧਰਤੀ 'ਤੇ ਵਾਪਰਦਾ ਬਰਤਾਨਵੀ ਲੁੱਟ-ਜਬਰ ਦਾ ਦਰਦ ਵੀ ਸੀ, ਜੋ ਉਹਨਾਂ ਨੂੰ ਕੁਝ ਕਰ-ਗੁਜ਼ਰਨ ਲਈ ਪ੍ਰੇਰਦਾ। ਇਨ੍ਹਾਂ ਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੂੰ 'ਭਾਰਤੀ ਕੁੱਤੇ', 'ਨਖਿੱਧ ਹਿੰਦੂ', 'ਕਾਲੇ ਆਦਮੀ', 'ਗੁਲਾਮ ਭੇਡਾਂ' ਆਦਿ ਵਿਸ਼ੇਸ਼ਣਾਂ ਨਾਲ ਪੁਕਾਰਿਆ ਜਾਂਦਾ। ਵਿਦੇਸ਼ਾਂ 'ਚ ਕਮਾਈਆਂ ਕਰਨ ਗਏ ਥੁੜਾਂ ਮਾਰੇ ਭਾਰਤੀ ਤੇ ਸਿੱਖਿਆ ਹਾਸਿਲ ਕਰਨ ਗਏ ਮੱਧਵਰਗੀ ਵਿਦਿਆਰਥੀ ਦੋਵੇਂ ਯੂਰਪੀ ਦੇਸ਼ਾਂ ਅੰਦਰਲੇ ਰਾਸ਼ਟਰੀ ਚੇਤਨਾ ਅੰਦੋਲਨਾਂ ਤੋਂ ਪ੍ਰਭਾਵਿਤ ਹੋ ਕੇ ਭੁੱਖ-ਨੰਗ ਤੇ ਜ਼ਹਾਲਤ ਨਾਲ ਘੁਲ ਰਹੇ, ਗੁਲਾਮੀ ਦੀਆਂ ਜੰਜ਼ੀਰਾਂ 'ਚ ਜਕੜੇ ਵਤਨ ਨੂੰ ਆਜ਼ਾਦ ਕਰਵਾਉਣ ਦੇ ਸੁਪਨੇ ਤੱਕਣ ਲੱਗੇ।

ਲਾਲਾ ਹਰਦਿਆਲ, ਭਾਈ ਪਰਮਾਨੰਦ, ਸ਼ਿਆਮ ਜੀ, ਕ੍ਰਿਸ਼ਨ ਵਰਮਾ ਵਰਗੇ ਸੰਗਰਾਮੀਆਂ ਦੇ ਸੰਪਰਕ 'ਚ ਆਉਣ 'ਤੇ ਕਰਤਾਰ ਸਿੰਘ ਸਰਾਭਾ ਰਾਜਨੀਤਕ ਗਤੀਵਿਧੀਆਂ 'ਚ ਹਿੱਸਾ ਲੈਣ ਲੱਗਦਾ ਹੈ। ਇੰਗਲੈਂਡ, ਅਮਰੀਕਾ, ਫਰਾਂਸ, ਜਪਾਨ, ਜਰਮਨੀ ਸਮੇਤ ਅਨੇਕਾਂ ਦੇਸ਼ਾਂ ਅੰਦਰ ਬੈਠੇ ਭਾਰਤੀ ਆਜ਼ਾਦੀ ਸੰਗਰਾਮ ਲਈ ਆਪਸੀ ਤਾਲਮੇਲ ਸਥਾਪਿਤ ਕਰਨ, ਲੋਕਾਂ ਤੇ ਉਦੇਸ਼ ਪ੍ਰਾਪਤੀ ਲਈ ਮੁੱਢਲੇ ਰੂਪ ਵਿਚ ਅਨੇਕਾਂ ਭਾਂਤ ਦੇ ਪਰਚੇ ਵੱਖ-ਵੱਖ ਪੱਧਰ 'ਤੇ ਕੱਢੇ ਜਾਣ ਲੱਗੇ। ਇਨ੍ਹਾਂ ਸੰਗਰਾਮੀਆਂ ਵੱਲੋਂ 21 ਅਪ੍ਰੈਲ 1913 ਨੂੰ 'ਹਿੰਦੀ ਐਸੋਸੀਏਸ਼ਨ ਆਫ਼ ਪੈਸਿਫਿਕ ਕੋਸਟ' ਨਾਂ ਦੀ ਜਥੇਬੰਦੀ ਦੀ ਨੀਂਹ ਰੱਖੀ ਗਈ, ਜਿਸ ਵਿਚ ਨੌਜਵਾਨ ਸਰਾਭਾ ਵੀ ਸ਼ਾਮਿਲ ਹੋਇਆ। ਸਰਾਭਾ ਸ਼ੁਰੂ ਤੋਂ ਹੀ ਲੀਡਰਸ਼ਿਪ ਵਾਲੇ ਗੁਣਾਂ ਵਾਲਾ ਹੋਣਹਾਰ ਨੌਜਵਾਨ ਸੀ। ਸਰਾਭਾ ਕ੍ਰਾਂਤੀਕਾਰੀ ਸ਼ਹੀਦ ਭਗਤ ਸਿੰਘ ਦਾ ਪ੍ਰੇਰਨਾ-ਸ੍ਰੋਤ ਵੀ ਰਿਹਾ ਤੇ ਉਸਤੋਂ ਅਗਲੀਆਂ ਪੀੜ੍ਹੀਆਂ ਦਾ ਵੀ।

'ਹਿੰਦੀ ਐਸੋਸੀਏਸ਼ਨ' ਦੇ ਪਹਿਲੇ ਪ੍ਰਧਾਨ ਸੋਹਣ ਸਿੰਘ ਭਕਨਾ, ਉਪ ਪ੍ਰਧਾਨ ਕੇਸਰ ਸਿੰਘ, ਜਨਰਲ ਸਕੱਤਰ ਲਾਲਾ ਹਰਦਿਆਲ, ਜੁਆਇੰਟ ਸਕੱਤਰ ਠਾਕੁਰ ਦਾਸ ਧੂਰਾ ਤੇ ਵਿੱਤ ਸਕੱਤਰ ਪੰਡਤ ਕਾਸ਼ੀ ਰਾਮ ਮੰੜੌਲੀ ਬਣੇ। 1857 ਦੇ ਗ਼ਦਰ ਤੋਂ ਪ੍ਰੇਰਿਤ ਹੋ 'ਗ਼ਦਰ' ਨਾਂ ਦਾ ਅਖ਼ਬਾਰ ਕੱਢਣ ਦੀ ਤਜਵੀਜ਼ ਪਾਸ ਹੋਈ। ਬੰਗਾਲ ਦੀ ਇਨਕਲਾਬੀ ਲਹਿਰ ਤੇ ਅਖ਼ਬਾਰ 'ਯੁਗਾਂਤਰ' ਦੇ ਨਾਮ 'ਤੇ ਸਾਨਫਰਾਂਸਿਸਕੋ 'ਚ 'ਯੁਗਾਂਤਰ ਆਸ਼ਰਮ' ਬਣਾਇਆ ਗਿਆ। ਇਸੇ ਹੈੱਡਕੁਆਟਰ ਤੋਂ 1 ਨਵੰਬਰ 1913 ਨੂੰ 'ਗ਼ਦਰ' ਅਖ਼ਬਾਰ ਦਾ ਪਹਿਲਾ ਅੰਕ ਪ੍ਰਕਾਸ਼ਿਤ ਕੀਤਾ ਗਿਆ। ਜਲਦ ਹੀ ਪੰਜਾਬੀ ਐਡੀਸ਼ਨ ਕੱਢਿਆ ਜਾਣ ਲੱਗਿਆ, ਜਿਸਦਾ ਸੰਪਾਦਕ ਸਰਾਭਾ ਨੂੰ ਬਣਾਇਆ ਗਿਆ। 'ਗਦਰ' ਅਖ਼ਬਾਰ ਵਿਚ ਸਰਾਭਾ ਦੀ ਸਰਗਰਮ ਭੂਮਿਕਾ ਰਹੀ। ਉਹ ਇਤਿਹਾਸ ਤੇ ਰਾਜਨੀਤਕ ਸੋਝੀ ਵਾਲਾ ਪ੍ਰਤਿਭਾਸ਼ਾਲੀ ਨੌਜਵਾਨ ਸੀ। ਪੜ੍ਹਨ ਗਏ ਉਸ ਗੱਭਰੂ ਨੇ ਦੋ ਸੌ ਡਾਲਰ 'ਗ਼ਦਰ' ਲਈ ਲਾਲਾ ਹਰਦਿਆਲ ਨੂੰ ਸੌਂਪ ਦਿੱਤੇ। ਉਹ ਕੁਲਵਕਤੀ ਵਜੋਂ ਅਖ਼ਬਾਰ ਲਈ ਅਣਥੱਕ ਮਿਹਨਤ ਕਰਦਾ ਤੇ ਭੋਜਨ, ਕੱਪੜਾ ਆਦਿ ਨਿੱਜੀ ਲੋੜਾਂ ਲਈ ਮਹੀਨਾਵਾਰ ਪਾਰਟੀ ਤੋਂ ਸਿਰਫ਼ ਦੋ ਡਾਲਰ ਹਾਸਿਲ ਕਰਦਾ। ਸਤਾਰਾਂ ਸਾਲਾ ਅੱਲੜ ਨੌਜਵਾਨ ਸਰਾਭਾ ਪਾਰਟੀ ਦੇ ਜਥੇਬੰਦਕ ਕੰਮਾਂ ਤੋਂ ਇਲਾਵਾ ਅਖ਼ਬਾਰ ਨੂੰ ਉਰਦੂ ਤੇ ਪੰਜਾਬੀ ਵਿਚ ਅਨੁਵਾਦ ਕਰਨ, ਪਹਿਲਾਂ ਸਾਈਕਲੋਸਟਾਇਲ ਤੇ ਫਿਰ ਮਸ਼ੀਨ 'ਤੇ ਟਾਈਪ ਕਰਨ ਤੇ ਅਖ਼ਬਾਰ ਨੂੰ ਡਾਕ ਰਾਹੀਂ ਭੇਜਣ ਦਾ ਕੰਮ ਪੂਰੇ ਉਤਸ਼ਾਹ ਨਾਲ ਕਰਦਾ। ਸਰਾਭਾ ਨੇ ਨਿਊਯਾਰਕ ਵਿਚ ਹਵਾਈ ਜਹਾਜ਼ ਕੰਪਨੀ ਵਿਚ ਭਰਤੀ ਹੋ ਕੇ ਜਹਾਜ਼ ਚਲਾਉਣ ਦੀ ਟ ?ਰੇਨਿੰਗ ਹਾਸਿਲ ਕੀਤੀ। ਸਰਾਭਾ ਤੇ ਉਸਦੇ ਸਾਥੀਆਂ ਦੀ ਅਣਥੱਕ ਘਾਲਣਾ ਕਾਰਨ ਬਹੁਤ ਥੋੜ੍ਹੇ ਅਰਸੇ ਵਿਚ ਅਖ਼ਬਾਰ ਨੇ ਨਵੀਂ ਤੇ ਤਿੱਖੀ ਹਲਚਲ ਪੈਦਾ ਕਰ ਦਿੱਤੀ।

ਏਨ੍ਹੀਂ ਦਿਨੀਂ ਕਾਮਾਗਾਟਾਮਾਰੂ ਜਹਾਜ਼ ਦੀ ਦਰਦਨਾਕ ਘਟਨਾ ਵਾਪਰੀ। ਮਲਾਇਆ ਦੇ ਅਮੀਰ ਠੇਕੇਦਾਰ ਗੁਰਦਿੱਤ ਸਿੰਘ ਨੇ ਗੁਰੂ ਨਾਨਕ ਨੇਵੀਗੇਸ਼ਨ ਕੰਪਨੀ ਬਣਾ ਕੇ ਕਾਮਾਗਾਟਾਮਾਰੂ ਨਾਂ ਦਾ ਜਹਾਜ਼ ਕਿਰਾਏ 'ਤੇ ਲਿਆ ਤੇ ਭਾਰਤੀਆਂ ਦੀ ਮਦਦ ਲਈ 376 ਯਾਤਰੀਆਂ ਨੂੰ ਲੈ ਕੇ ਹਾਂਗਕਾਂਗ ਤੋਂ ਕੈਨੇਡਾ ਵੱਲ ਨੂੰ ਚੱਲ ਪਏ ਪਰੰਤੂ ਕੈਨੇਡਾ ਸਰਕਾਰ ਨੇ ਉਹਨਾਂ ਨੂੰ ਕੈਨੇਡਾ ਦੀ ਧਰਤੀ ਉੱਪਰ ਨਾ ਉਤਰਨ ਦਿੱਤਾ ਤੇ ਭਾਰਤ ਵਾਪਿਸ ਪਰਤਣ ਲਈ ਮਜ਼ਬੂਰ ਕਰ ਦਿੱਤਾ। ਉਧਰ ਇਹਨਾਂ ਯਾਤਰੀਆਂ ਨੂੰ ਭਾਰਤ ਪੁੱਜਣ 'ਤੇ ਕਲਕੱਤਾ ਦੇ ਬਜਬਜਘਾਟ 'ਤੇ ਬਰਤਾਨਵੀਂ ਹਕੂਮਤ ਦੇ ਕਹਿਰ ਦਾ ਸ਼ਿਕਾਰ ਹੋਣਾ ਪਿਆ। ਵੀਹ ਮੁਸਾਫ਼ਰ ਅੰਗਰੇਜ਼ ਹਕੂਮਤ ਦੀਆਂ ਗੋਲੀਆਂ ਦਾ ਸ਼ਿਕਾਰ ਬਣੇ। 203 ਨੂੰ ਜੇਲ੍ਹ ਅੰਦਰ ਬੰਦ ਕਰ ਦਿੱਤਾ ਗਿਆ। ਇਸ ਜਹਾਜ਼ ਦੇ ਯਾਤਰੀਆਂ ਨਾਲ ਗ਼ਦਰ ਪਾਰਟੀ ਦਾ ਲਗਾਤਾਰ ਸੰਪਰਕ ਰਿਹਾ। ਸਰਾਭਾ ਉਹਨਾਂ ਸਭਨਾਂ ਤੱਕ 'ਗ਼ਦਰ' ਅਖ਼ਬਾਰ ਤੇ ਹਥਿਆਰ ਪਹੁੰਚਾਉਣ ਦਾ ਕੰਮ ਕਰਦਾ। ਇਸ ਘਟਨਾ ਤੋਂ ਬਾਅਦ ਕੈਨੇਡਾ ਤੇ ਅਮਰੀਕਾ ਵਿਚਲੇ ਗ਼ਦਰੀਆਂ ਨੇ ਪਹਿਲੇ ਵਿਸ਼ਵ ਯੁੱਧ ਦੇ ਹਾਲਤਾਂ ਨੂੰ ਅੰਗਦਿਆਂ ਦੇਸ਼ 'ਚ ਹਥਿਆਰਬੰਦ ਗ਼ਦਰ ਕਰਨ ਦਾ ਐਲਾਨ ਕੀਤਾ। ਇਸ ਐਲਾਨ ਨੂੰ ਗ਼ਦਰ ਅਖ਼ਬਾਰ ਵਿਚ ਛਾਪਿਆ ਗਿਆ। ਫਰਿਜ਼ਨੋ ਤੇ ਸੈਕਰਾਮੈਂਟੋ ਵਿਚ ਪੰਜ ਹਜ਼ਾਰ ਭਾਰਤੀਆਂ ਦਾ ਸੰਮੇਲਨ ਕੀਤਾ ਗਿਆ। ਨਵੰਬਰ 1914 ਦੇ ਪਹਿਲੇ ਹਫ਼ਤੇ ਵਤਨ ਵਾਪਸ ਪਰਤ ਪਿੰਡਾਂ ਤੇ ਫੌਜੀ ਛਾਉਣੀਆਂ 'ਚ ਪ੍ਰਚਾਰ-ਪ੍ਰਸਾਰ ਤੇ ਗ਼ਦਰ ਕਰਨ ਦਾ ਖੁੱਲ੍ਹੇਆਮ ਐਲਾਨ ਕਰ ਦਿੱਤਾ ਗਿਆ। ਆਜ਼ਾਦੀ ਦੀ ਚਾਹਤ 'ਚ ਮਤਵਾਲਾ ਹੋਇਆ ਨੌਜਵਾਨ ਸਰਾਭਾ ਅਗਲੇ ਸੰਮੇਲਨਾਂ ਦੀ ਉਡੀਕ ਕੀਤੇ ਬਿਨਾਂ ਮਹੀਨਾ ਪਹਿਲਾਂ ਪਾਰਟੀ ਪ੍ਰਧਾਨ ਨੂੰ ਪੱਤਰ ਲਿਖ ਰੇਘੂਵਰ ਦਿਆਲ ਗੁਪਤਾ ਨੂੰ ਨਾਲ ਲੈ ਕੇ 15-16 ਸਤੰਬਰ 1914 ਨੂੰ ਕੈਲੰਬੋ, ਮਦਰਾਸ ਹੁੰਦਾ ਹੋਇਆ ਪੰਜਾਬ ਪਹੁੰਚ ਗਿਆ।

ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ 'ਤੇ ਗ਼ਦਰ ਪਾਰਟੀ ਦੇ ਐਲਾਨ ਤੋਂ ਬਾਅਦ ਲਗਭਗ ਅੱਠ ਹਜ਼ਾਰ ਭਾਰਤੀ ਵਾਪਿਸ ਵਤਨ ਪਰਤੇ। ਪੁਲਿਸ ਵਤਨ ਮੁੜ ਆਇਆਂ ਨੂੰ ਜਾਂ ਤਾਂ ਪਿੰਡਾਂ ਵਿਚ ਹੀ ਨਜ਼ਰਬੰਦ ਕਰ ਦਿੰਦੀ ਜਾਂ ਫਿਰ ਗ੍ਰਿਫ਼ਤਾਰ ਕਰ ਜੇਲ੍ਹੀਂ ਡੱਕ ਦਿੰਦੀ। ਪੁਲਿਸ ਦੇ ਹੱਥ ਨਾ ਆਉਣ ਵਾਲੇ ਗ਼ਦਰੀਆਂ ਵਿਚ ਕਰਤਾਰ ਸਿੰਘ ਸਰਾਭਾ, ਹਰਨਾਮ ਟੁੰਡੀਲਾਟ, ਨਿਧਾਨ ਸਿੰਘ ਚੁੱਘਾ, ਭਾਈ ਭਗਤ ਸਿੰਘ, ਪ੍ਰਿਥਵੀ ਸਿੰਘ, ਪੰਡਤ ਜਗਤ ਰਾਮ, ਭਾਈ ਪਰਮਾਨੰਦ, ਭਾਈ ਜਗਤ ਸਿੰਘ, ਹਾਫ਼ਿਜ਼ ਅਬਦੁੱਲਾ ਤੇ ਗ਼ਦਰੀ ਗੁਲਾਬ ਕੌਰ ਆਦਿ ਸਨ। ਅਨੇਕਾਂ ਗ਼ਦਰੀ ਗ੍ਰਿਫ਼ਤਾਰ ਹੋ ਚੁੱਕੇ ਸਨ। ਬਹੁਤੇ ਗ਼ਦਰੀ ਭਾਰਤੀ ਲੋਕਾਂ ਦੀ ਬੇਹਰਕਤੀ ਵਾਲੀ ਹਾਲਤ ਵੇਖ ਕੇ ਨਿਰਾਸ਼ ਹੋ ਗਏ। ਜਾਬਰ ਅੰਗਰੇਜ਼ ਹਕੂਮਤ ਖਿਲਾਫ਼ ਲੜਨ ਲਈ ਭਾਰਤੀ ਲੋਕਾਂ ਵਿਚ ਵਿਦੇਸ਼ ਗਏ ਭਾਰਤੀ ਗ਼ਦਰੀਆਂ ਵਰਗਾ ਉਤਸ਼ਾਹ ਨਹੀਂ ਸੀ। ਉਹ ਗੁਲਾਮੀ ਨੂੰ ਆਪਣੀ ਹੋਣੀ ਮੰਨੀ ਬੈਠੇ ਸਨ ਪਰੰਤੂ ਸਰਾਭੇ ਨੇ ਹਿੰਮਤ ਨਹੀਂ ਹਾਰੀ। 18 ਸਾਲ ਦੀ ਉਮਰ ਵਾਲੇ ਇਸ ਜੋਸ਼ੀਲੇ ਨੌਜਵਾਨ ਨੇ ਗ਼ਦਰੀਆਂ ਦੀ ਅਗਵਾਈ ਕਰਦਿਆਂ ਗੋਰਾਸ਼ਾਹੀ ਦਾ ਫਸਤਾ ਵੱਢਣ ਲਈ ਪਾਰਟੀ ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਅਥਾਹ ਸਮਰੱਥਾ ਨਾਲ ਮਿਹਨਤ ਕੀਤੀ। ਉਸਨੇ ਲੁਧਿਆਣੇ ਅੰਦਰ ਵਿਦਿਆਰਥੀਆਂ ਨਾਲ ਸੰਪਰਕ ਕਾਇਮ ਕਰਕੇ ਉਨਾਂ ਨੂੰ ਪਾਰਟੀ ਦੇ ਮਿਸ਼ਨ ਦੁਆਲੇ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਉਹ 'ਗ਼ਦਰ', 'ਗ਼ਦਰ ਦੀ ਗੂੰਜ', 'ਐਲਾਨੇ-ਜੰਗ' ਤੇ ਹੋਰ ਸਾਹਿਤ ਨੂੰ ਛਾਪ ਕੇ ਵਿਦਿਆਰਥੀਆਂ ਵਿਚ ਵੰਡਦਾ। ਕਿਧਰੇ ਬੰਗਾਲ ਦੇ ਇਨਕਲਾਬੀਆਂ ਨਾਲ ਤਾਲਮੇਲ ਕਰਦਾ। ਖ਼ੁਦ ਬੰਗਾਲ ਜਾ ਕੇ ਸੁਰੇਂਦਰ ਨਾਥ ਬੈਨਰਜੀ, ਰਾਸ-ਬਿਹਾਰੀ ਬੋਸ ਤੇ ਸਚਿੰਦਰਨਾਥ ਸਨਿਆਲ ਨਾਲ ਰਾਬਤਾ ਕਾਇਮ ਕੀਤਾ। ਪੰਜਾਬ ਅੰਦਰ ਖੰਨਾ, ਅੰਮ੍ਰਿਤਸਰ, ਜਲੰਧਰ ਤੇ ਮੋਗਾ ਇਲਾਕੇ ਵਿਚ ਮੀਟਿੰਗਾਂ ਕੀਤੀਆਂ ਜਾਣ ਲੱਗੀਆਂ। ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਫੌਜ ਨਾਲ ਮਿਲ ਕੇ ਬਗ਼ਾਵਤ ਕਰਨ ਲਈ ਪ੍ਰੇਰਿਆ ਜਾਂਦਾ।

ਸਰਾਭਾ ਭਾਰਤ ਵਿਚ ਗ਼ਦਰ ਪਾਰਟੀ ਦਾ ਸਾਹਿਤ ਛਾਪਣ ਲਈ ਛਾਪਾਖਾਨਾ ਤੇ ਯੁਗਾਂਤਰ ਆਸ਼ਰਮ ਦੀ ਤਰਜ਼ ਦਾ ਕੋਈ ਟਿਕਾਣਾ ਸਥਾਪਿਤ ਕਰਨਾ ਚਾਹੁੰਦਾ ਸੀ, ਜਿਸਦੀ ਤਜਵੀਜ਼ ਤੇ ਤਿਆਰੀ ਵਿਚ ਉਹ ਲਗਾਤਾਰ ਜੁਟਿਆ ਰਹਿੰਦਾ। ਉਹ ਨੌਜਵਾਨ ਪਾਰਟੀ ਦਾ ਤੂਫ਼ਾਨੀ ਵਰਕਰ ਤੇ ਜੋਸ਼ੀਲਾ ਆਗੂ ਸੀ। ਉਸਦੀ ਨਿਡਰਤਾ ਦੇ ਕਈ ਕਿੱਸੇ ਮਸ਼ਹੂਰ ਹਨ। ਉਹ ਪੁਲਿਸ ਨੂੰ ਟਿੱਚ ਜਾਣਦਾ ਸੀ। ਮੀਆਂਮਾਰ ਛਾਉਣੀ 'ਤੇ ਹਮਲੇ ਦੀ ਘਟਨਾ ਤੋਂ ਪਹਿਲਾਂ (ਜੋ ਸਫ਼ਲ ਨਹੀਂ ਹੋਇਆ) ਉਸਨੇ ਇਕ ਹੌਲਦਾਰ ਨੂੰ ਨਿਧੜਕ ਹੋ ਕੇ ਕਿਹਾ ਕਿ 'ਤੂੰ ਆਪਣੀ ਗੁਲਾਮੀ ਦੀ ਨੌਕਰੀ ਛੱਡ ਕਿਉਂ ਨਹੀਂ ਦਿੰਦਾ?' ਜਿਸਤੋਂ ਪ੍ਰਭਾਵਿਤ ਹੋ ਕੇ ਉਸ ਹੌਲਦਾਰ ਨੇ ਗ਼ਦਰੀਆਂ ਦਾ ਸਾਥ ਦੇਣ ਦਾ ਇਕਰਾਰ ਵੀ ਕੀਤਾ। ਪਾਰਟੀ ਉੱਪਰ ਸੰਕਟ ਦੇ ਸਮੇਂ ਸਰਾਭਾ ਹੀ ਸਭ ਤੋਂ ਵੱਧ ਉਤਸ਼ਾਹ ਨਾਲ ਅੱਗੇ ਆਉਂਦਾ। ਮੋਗਾ ਵਿਖੇ ਖ਼ਜ਼ਾਨਾ ਲੁੱਟਣ ਦੀ ਘਟਨਾ (ਫੇਰੂ ਸ਼ਹਿਰ ਕਾਂਡ) ਸਮੇਂ ਇਕ ਥਾਣੇਦਾਰ ਨੂੰ ਮਾਰਨ ਉਪਰੰਤ ਪੁਲਿਸ ਹਮਲੇ ਵਿਚ ਮਾਰੇ ਗਏ ਦੋ ਗ਼ਦਰੀਆਂ ਤੇ ਗ੍ਰਿਫ਼ਤਾਰ ਹੋਏ ਸੱਤ ਆਗੂਆਂ (ਜਿਸ ਵਿਚ ਪਹਿਲੇ ਵਿੱਤ ਸਕੱਤਰ ਕਾਸ਼ੀ ਰਾਮ ਮੰਡੋਲੀ ਤੇ ਰਹਿਮਤ ਅਲੀ ਵਰਗੇ ਚੋਟੀ ਦੇ ਆਗੂ ਸ਼ਾਮਿਲ ਸਨ) ਨੂੰ ਫਾਂਸੀ ਦੀ ਸਜ਼ਾ ਹੋਣ ਬਾਅਦ ਵੀ ਸਰਾਭੇ ਨੇ ਹੌਸਲਾ ਕਰਦਿਆਂ ਬੰਗਾਲ ਦੇ ਇਨਕਲਾਬੀਆਂ ਨਾਲ ਤਾਲਮੇਲ ਕਰਨ 'ਚ ਸਰਗਰਮ ਭੂਮਿਕਾ ਨਿਭਾਈ।

ਬਾਬਾ ਸੋਹਣ ਸਿੰਘ ਭਕਨਾ ਦੇ ਵਿਚਾਰ ਕਿ ਪਾਰਟੀ ਨੂੰ ਕੌਮੀ ਪੱਧਰ 'ਤੇ ਪਹੁੰਚਾ ਕੇ ਇਨਕਲਾਬ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ, ਅਨੁਸਾਰ ਵਿਸ਼ਣੂ ਗਣੇਸ਼ ਪਿੰਗਲੇ ਤੇ ਸਰਾਭਾ ਨੇ ਕਲਕੱਤਾ, ਬਨਾਰਸ ਤੇ ਹੋਰਨਾਂ ਥਾਵਾਂ 'ਤੇ ਸਰਗਰਮ ਇਨਕਲਾਬੀਆਂ ਨਾਲ ਸੰਪਰਕ ਕੀਤਾ ਤੇ ਆਪਣਾ ਗ਼ਦਰ ਕਰਨ ਦਾ ਏਜੰਡਾ ਸਾਂਝਾ ਕੀਤਾ। ਇਨਾਂ ਇਨਕਲਾਬੀਆਂ ਨੇ ਸਰਾਭਾ ਨੂੰ ਹਰ ਸੰਭਵ ਸਾਥ ਦੇਣ ਦਾ ਵਾਅਦਾ ਕੀਤਾ, ਜੋ ਪੂਰ ਵੀ ਚੜ੍ਹਾਇਆ। ਸਨਿਆਲ ਨੇ ਪੰਜਾਬ ਦੇ ਗ਼ਦਰੀਆਂ ਨੂੰ ਕੁਝ ਜ਼ਰੂਰੀ ਸੁਝਾਅ ਵੀ ਦਿੱਤੇ। ਉਹਨਾਂ ਦੇ ਸੁਝਾਅ ਮੁਤਾਬਿਕ ਲਾਹੌਰ 'ਚ ਪਾਰਟੀ ਹੈੱਡਕੁਆਟਰ ਸਥਾਪਿਤ ਕੀਤੇ ਗਏ, ਜਿਹਨਾਂ ਵਿਚੋਂ ਇਕ ਘਰ ਗ਼ਦਰੀ ਗੁਲਾਬ ਕੌਰ ਤੇ ਨਾਮ ਤੇ ਲਿਆ ਗਿਆ। ਕੰਮ ਵਿਚ ਇਕ ਵਾਰ ਫਿਰ ਤੇਜੀ ਆਈ। ਲੁਧਿਆਣਾ ਦੇ ਵਿਦਿਆਰਥੀਆਂ ਨਾਲ ਸਰਗਰਮ ਰਾਬਤਾ ਹੋਣ 'ਤੇ ਵੱਡੀ ਗਿਣਤੀ 'ਚ 'ਗ਼ਦਰ' ਦੀਆਂ ਸਾਈਕਲੋਸਟਾਇਲ ਕਾਪੀਆਂ ਵੰਡੀਆਂ ਜਾਂਦੀਆਂ। ਲੁਧਿਆਣਾ ਦੇ ਪਿੰਡ ਝੱਬੇਵਾਲ ਵਿਚ ਬੰਬ ਬਣਾਉਣ ਦਾ ਕਾਰਖਾਨਾ ਸਥਾਪਿਤ ਕੀਤਾ ਗਿਆ, ਜਿਸ ਵਿਚ ਵਿਦਿਆਰਥੀ ਹੱਥ ਵਟਾਉਂਦੇ। ਹਥਿਆਰ ਖਰੀਦਣ ਲਈ ਡਕੈਤੀਆਂ ਪਾਈਆਂ ਗਈਆਂ। (ਕੁੱਲ ਪੰਜ ਡਾਕੇ ਮਾਰੇ ਗਏ, ਜਿਹਨਾਂ ਵਿਚੋਂ ਦੋ ਵਿਚ ਸਰਾਭਾ ਨੇ ਹਿੱਸਾ ਲਿਆ) ਚੰਦਾ ਵੀ ਇਕੱਠਾ ਕੀਤਾ ਜਾਂਦਾ (ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਨੇ ਉਸ ਸਮੇਂ ਇਕ ਹਜ਼ਾਰ ਰੁਪਏ ਚੰਦਾ ਦਿੱਤਾ।)

ਪਿੰਡਾਂ ਤੇ ਫੌਜੀ ਛਾਉਣੀਆਂ ਵਿਚ ਬਗ਼ਾਵਤ ਦੀ ਤਿਆਰੀ ਲਈ ਸਰਾਭਾ ਹਰ ਰੋਜ਼ ਪੰਜਾਹ-ਪੰਜਾਹ ਮੀਲ ਸਾਈਕਲ ਚਲਾਉਂਦਾ। ਇਸਤੋਂ ਇਲਾਵਾ ਸਰਾਭਾ ਨੇ ਪਿੰਗਲੇ ਨਾਲ ਮਿਲ ਕੇ ਮੇਰਠ, ਆਗਰਾ, ਕਾਨ੍ਹਪੁਰ, ਅਲਾਹਾਬਾਦ ਅਤੇ ਬਨਾਰਸ ਦੀਆਂ ਛਾਉਣੀਆਂ ਦਾ ਦੌਰਾ ਕਰਕੇ ਫੌਜੀਆਂ ਨੂੰ ਬਗ਼ਾਵਤ ਲਈ ਤਿਆਰ ਕੀਤਾ।

11 ਫਰਵਰੀ 1915 ਨੂੰ ਸਭ ਥਾਵਾਂ ਤੋਂ ਬਗ਼ਾਵਤਾਂ ਦੀ ਰਿਪੋਰਟ ਇਕੱਠੀ ਕਰਕੇ 21 ਫਰਵਰੀ 1915 ਦਾ ਦਿਨ 'ਗ਼ਦਰ' ਲਈ ਮੁਕਰਰ ਕੀਤਾ ਗਿਆ। 15 ਫਰਵਰੀ ਨੂੰ ਸਾਰੇ ਗ਼ਦਰੀ ਇਨਕਲਾਬੀਆਂ ਦੀਆਂ ਵੱਖ-ਵੱਖ ਬਗ਼ਾਵਤ ਕੇਂਦਰਾਂ 'ਤੇ ਡਿਊਟੀਆਂ ਲਗਾਈਆਂ ਗਈਆਂ। ਫਿਰੋਜ਼ਪੁਰ ਰੈਜੀਮੈਂਟ ਵਿਚ ਬਗ਼ਾਵਤ ਦੀ ਜ਼ਿੰਮੇਵਾਰੀ ਸਰਾਭਾ ਦੀ ਸੀ। ਸਭ ਤਿਆਰੀਆਂ ਮੁਕੰਮਲ ਸਨ ਪਰੰਤੂ ਪਾਰਟੀ ਵਿਚ ਖੁਫ਼ੀਆ ਢੰਗ ਨਾਲ ਸ਼ਾਮਿਲ ਹੋਏ






ਸਰਕਾਰੀ ਸੂਹੀਏ ਕ੍ਰਿਪਾਲ ਸਿੰਘ ਨੇ 21 ਫਰਵਰੀ ਨੂੰ ਗ਼ਦਰ ਕਰਨ ਦਾ ਸਾਰਾ ਭੇਦ 14 ਫਰਵਰੀ ਨੂੰ ਹੀ ਡੀ.ਐਸ.ਪੀ. ਲਿਆਕਤ ਹੁਸੈਨ ਨੂੰ ਦੇ ਦਿੱਤਾ। ਉੱਧਰ ਪਾਰਟੀ ਮੈਂਬਰ ਨਿਧਾਨ ਸਿੰਘ (ਜਿਸਦੀ ਸਿਫ਼ਾਰਸ਼ 'ਤੇ ਕ੍ਰਿਪਾਲ ਸਿੰਘ ਨੂੰ ਪਾਰਟੀ ਵਿਚ ਸ਼ਾਮਲ ਕੀਤਾ ਗਿਆ ਸੀ) ਨੂੰ ਕ੍ਰਿਪਾਲ ਸਿੰਘ ਦੇ ਪੁਲਿਸ ਸੂਹੀਆ ਹੋਣ ਦਾ ਸ਼ੱਕ ਹੋਣ 'ਤੇ ਗ਼ਦਰ ਦੀ ਤਰੀਖ਼ ਦੋ ਦਿਨ ਪਹਿਲਾਂ ਭਾਵ 19 ਫਰਵਰੀ ਕਰ ਦਿੱਤੀ ਗਈ ਪਰੰਤੂ ਇਸ ਤਰੀਖ਼ ਦੀ ਭਿਣਕ ਵੀ ਕ੍ਰਿਪਾਲ ਸਿੰਘ ਨੂੰ ਲੱਗ ਗਈ। ਅੰਗਰੇਜ਼ ਸਰਕਾਰ ਨੇ ਚੌਕਸੀ ਵਧਾ ਦਿੱਤੀ ਤੇ ਸਾਰੀਆਂ ਛਾਉਣੀਆਂ ਨੂੰ ਵੀ ਚੌਕਸ ਕਰ ਦਿੱਤਾ। ਫਰੰਗੀਆਂ ਵੱਲੋਂ ਗ਼ਦਰੀਆਂ ਦੀਆਂ ਗ੍ਰਿਫ਼ਤਾਰੀਆਂ, ਤਸੀਹੇ, ਜੇਲ੍ਹਾਂ ਤੇ ਸਜ਼ਾਵਾਂ ਦਾ ਕਾਂਡ ਰਚਾਇਆ ਗਿਆ। ਕਰਤਾਰ ਸਿੰਘ ਸਰਾਭਾ, ਅਰਜਨ ਸਿੰਘ ਅਤੇ ਹਰਨਾਮ ਸਿੰਘ ਅੰਡਰ-ਗਰਾਊਂਡ ਹੋ ਲਾਹੌਰ, ਲਾਹੌਰ ਤੋਂ ਅੱਗੇ ਬਨਾਰਸ ਚਲੇ ਗਏ। ਇਥੇ 2 ਮਾਰਚ 1915 ਨੂੰ ਉਹ ਜਗਤ ਸਿੰਘ ਦੇ ਵਾਕਫ਼ ਰਾਜਿੰਦਰ ਸਿੰਘ ਪੈਨਸ਼ਨਰ ਕੋਲ ਗਏ। ਪੈਨਸ਼ਨਰ ਨੇ ਰਿਸਾਲਦਾਰ ਗੰਡਾ ਸਿੰਘ ਨੂੰ ਖ਼ਬਰ ਪਹੁੰਚਾ ਕੇ ਕਰਤਾਰ ਸਿੰਘ ਸਰਾਭਾ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਗ੍ਰਿਫ਼ਤਾਰੀ ਸਮੇਂ ਸਰਾਭਾ ਇਕੱਠੇ ਹੋਏ ਲੋਕਾਂ ਨੂੰ 'ਗ਼ਦਰ ਦੀ ਗੂੰਜ' 'ਚੋਂ ਕਵਿਤਾਵਾਂ ਪੜ੍ਹ ਕੇ ਸੁਣਾ ਰਿਹਾ ਸੀ। ਜਲਦ ਹੀ ਸਰਾਭੇ ਦੇ ਦੂਸਰੇ ਸਾਥੀਆਂ ਦੀ ਵੀ ਗ੍ਰਿਫ਼ਤਾਰੀ ਹੋ ਗਈ। ਸਰਾਭਾ ਤੇ ਪਿੰਗਲੇ ਸਮੇਤ 80 ਗ਼ਦਰੀ ਇਨਕਲਾਬੀਆਂ ਤੇ ਲਾਹੌਰ ਸਾਜ਼ਿਸ਼ ਕੇਸ ਤਹਿਤ ਮੁਕੱਦਮਾ ਚਲਾਇਆ ਗਿਆ। ਗ਼ਦਰ ਲਹਿਰ ਦੇ 150 ਗ਼ਦਰੀ ਇਨਕਲਾਬੀ ਫਾਂਸੀ, ਜੇਲ੍ਹਾਂ, ਭੁੱਖ ਹੜਤਾਲਾਂ ਤੇ ਪੁਲਿਸ ਮੁਕਾਬਲਿਆਂ 'ਚ ਸ਼ਹੀਦ ਹੋਏ। 300 ਨੂੰ ਉਮਰ ਕੈਦ ਤੇ 200 ਗ਼ਦਰੀਆਂ ਨੂੰ ਲੰਮੀਆਂ ਕੈਦਾਂ ਦੀ ਸਜ਼ਾ ਮਿਲੀ। 3000 ਨਜ਼ਰਬੰਦ ਰੱਖੇ ਗਏ।

ਮੁਕੱਦਮੇ ਦੌਰਾਨ ਸਰਾਭਾ ਨੂੰ ਘੱਟ ਉਮਰ ਵਾਲਾ ਖ਼ਤਰਨਾਕ ਮੁਜ਼ਰਿਮ ਮੰਨਿਆ ਗਿਆ। ਜੱਜ ਨੇ ਮੁਕੱਦਮੇ ਸਮੇਂ ਸਰਾਭਾ ਨੂੰ ਸੋਚਣ ਤੇ ਬਿਆਨ ਨਰਮ ਕਰਨ ਲਈ ਕਿਹਾ ਪਰ ਸਰਾਭਾ ਨੇ ਮੋੜਵੇਂ ਰੂਪ 'ਚ ਉਸਤੋਂ ਵੀ ਵੱਧ ਸਖ਼ਤ ਬਿਆਨ ਦੇ ਕੇ ਆਪਣੀਆਂ ਗ਼ਦਰੀ ਸਰਗਰਮੀਆਂ ਨੂੰ ਨਿੱਡਰ ਹੋ ਕੇ ਕਬੂਲਿਆ। ਸਰਾਭਾ ਨੇ ਹਾਸੇ-ਠੱਠੇ 'ਤੇ ਪੂਰੇ ਜੋਸ਼ ਨਾਲ ਮੁਕੱਦਮੇ ਦਾ ਸਾਹਮਣਾ ਕੀਤਾ। ਅਦਾਲਤ 'ਚ ਸਰਾਭਾ ਤੋਂ ਜੱਜ ਨੇ ਪੁੱਛਿਆ, "ਕੀ ਤੇਰਾ ਟਿਕਾਣਾ ਅੰਗਰੇਜ਼ ਸਰਕਾਰ ਉਲਟਾਉਣ ਦਾ ਸੀ?"

"ਹਾਂ, ਮੈਂ ਜੋ ਵੀ ਕੀਤਾ, ਦੇਸ਼ ਦੀ ਆਜ਼ਾਦੀ ਲਈ ਅਤੇ ਅੰਗਰੇਜ਼ਾਂ ਨੂੰ ਹਿੰਦੋਸਤਾਨ ਵਿਚੋਂ ਬਾਹਰ ਕੱਢਣ ਲਈ ਕੀਤਾ ਹੈ।"

"ਜਾਣਦਾ ਹੈਂ, ਤੇਰੇ ਇਹਨਾਂ ਬਿਆਨਾਂ ਦਾ ਕੀ ਨਤੀਜਾ ਹੋਵੇਗਾ?"

"ਹਾਂ ਜੀ, ਜਾਣਦਾ ਹਾਂ। ਤੁਹਾਡਾ ਕੀ ਖ਼ਿਆਲ ਹੈ ਕਿ ਮੈਨੂੰ ਪਤਾ ਨਹੀਂ ਕਿ ਤੁਸੀਂ ਕੀ ਸਲੂਕ ਕਰੋਗੇ? ਮੈਂ ਤਿਆਰ ਹਾਂ। ਜੇ ਸਾਡਾ ਦਾਅ ਲੱਗ ਜਾਂਦਾ ਤਾਂ ਅਸੀਂ ਤੁਹਾਨੂੰ ਦੱਸ ਦਿੰਦੇ। ਹੁਣ ਜੋ ਤੁਸੀਂ ਕਰਨਾ ਹੈ, ਕਰੋ....ਮੈਨੂੰ ਪਤਾ ਹੈ।"

ਫਾਂਸੀ ਦੀ ਸਜ਼ਾ ਸੁਣਾਏ ਜਾਣ 'ਤੇ ਦਾਦਾ ਜੀ ਤੇ ਪਰਿਵਾਰ ਅਫ਼ਸੋਸ ਕਰਨ ਲੱਗਿਆ ਕਿ ਏਨੀ ਛੋਟੀ ਉਮਰ ਵਿਚ ਉਹ ਜੀਵਨ ਤਿਆਗ ਦੇਵੇਗਾ। ਇਸੇ ਦੌਰਾਨ ਸਰਾਭਾ ਨੇ ਦਾਦੇ ਤੋਂ ਪੁੱਛਿਆ, 'ਆਪਣੇ ਪਿੰਡ ਦੇ....ਸਿੰਘ ਦਾ ਕੀ ਹਾਲ ਹੈ?"

"ਉਹ ਤਾਂ ਕਦੋਂ ਦਾ ਪਲੇਗ ਨਾਲ ਮਰ ਗਿਆ।" ਦਾਦੇ ਨੇ ਦੱਸਿਆ।

"ਅਤੇ ਉਸ ਬਜ਼ੁਰਗ.....ਦਾ ਕੀ ਹਾਲ ਹੈ?"

"ਉਹ ਵੀ ਪਿਛਲੀ ਸਰਦੀ ਚੱਲ ਵਸਿਆ।" ਦਾਦੇ ਨੇ ਦੱਸਿਆ।

ਸਰਾਭਾ ਨੇ ਕਿਹਾ, "ਕੀ ਉਨ੍ਹਾਂ ਨੂੰ ਕੋਈ ਯਾਦ ਕਰਦਾ ਹੈ? ਕੋਈ ਪਲੇਗ ਨਾਲ ਮਰਦਾ ਹੈ, ਕੋਈ ਬੁਢਾਪੇ ਨਾਲ ਪਰ ਮੈਂ ਦੇਸ਼ ਲਈ ਸ਼ੇਰਾਂ ਦੀ ਮੌਤ ਮਰ ਰਿਹਾ ਹਾਂ, ਜਿਸ 'ਤੇ ਮੁਲਕ ਫ਼ਖ਼ਰ ਕਰੇਗਾ। ਤੁਹਾਨੂੰ ਵੀ ਇਸ 'ਤੇ ਫ਼ਖ਼ਰ ਕਰਨਾ ਚਾਹੀਦਾ ਹੈ।" ਇਹ ਸੁਣ ਦਾਦਾ ਜੀ ਨੂੰ ਤਸੱਲੀ ਹੋ ਗਈ।

ਇਕ ਵਾਰ ਸਰਾਭਾ ਨੇ ਜੇਲ੍ਹ ਦੀ ਕੰਧ 'ਤੇ ਲਿਖ ਦਿੱਤਾ ਕਿ-'ਸ਼ਹੀਦ ਦਾ ਖ਼ੂਨ ਵਿਅਰਥ ਨਹੀਂ ਜਾਂਦਾ। ਆਖ਼ਿਰ ਇਹ ਰੰਗ ਲਿਆਵੇਗਾ।' ਬਾਬਾ ਭਕਨਾ ਨੇ ਕਿਹਾ, "ਕਰਤਾਰ ਸਿੰਘ, ਇਥੇ ਜੇਲ੍ਹ ਵਿਚ ਤਾਂ ਹੱਡੀਆਂ ਵੀ ਗਲ ਜਾਂਦੀਆਂ ਹਨ, ਬਾਹਰ ਕਿਵੇਂ ਖ਼ਬਰ ਜਾਵੇਗੀ ਤੇ ਸ਼ਹੀਦਾਂ ਦਾ ਖ਼ੂਨ ਫਿਰ ਕਿਵੇਂ ਰੰਗ ਲਿਆਵੇਗਾ?" ਸਰਾਭਾ ਦਾ ਜਵਾਬ ਸੀ, "ਪ੍ਰਧਾਨ ਜੀ, ਅੱਜ ਨਹੀਂ ਤਾਂ ਕੱਲ੍ਹ ਜਾਂ ਪਰਸੋਂ ਬਾਹਰ ਜਾ ਕੇ ਖ਼ੂਨ ਰੰਗ ਲਿਆਵੇਗਾ ਹੀ।"

ਫਾਂਸੀ ਵੇਲੇ ਸਰਾਭਾ ਨੇ ਦਰੋਗਾ ਨੂੰ ਕਿਹਾ ਸੀ ਕਿ, "ਦਰੋਗਾ, ਯਿਹ ਨਾ ਸਮਝਨਾ ਕਿ ਕਰਤਾਰ ਸਿੰਘ ਮਰ ਗਿਆ ਹੈ, ਮੇਰੇ ਖ਼ੂਨ ਕੇ ਜਿਤਨੇ ਕਤਰੇ ਹੈਂ, ਉਤਨੇ ਹੀ ਕਰਤਾਰ ਸਿੰਘ ਔਰ ਪੈਦਾ ਹੋਂਗੇ, ਔਰ ਮੁਲਕ ਕੀ ਆਜ਼ਾਦੀ ਕੇ ਲੀਏ ਕਾਮ ਕਰੇਂਗੇ।"

ਗਵਾਹਾਂ ਅਤੇ ਸਰਾਭਾ ਦੇ ਆਪਣੇ ਬਿਆਨਾਂ ਤੋਂ 'ਗ਼ਦਰ' ਅਖ਼ਬਾਰ ਚਲਾਉਣ ਤੋਂ ਲੈ ਕੇ ਭਾਰਤ ਵਿਚ ਕੀਤੀਆਂ ਸਰਗਰਮੀਆਂ ਵਿਚ ਸਰਾਭਾ ਹੀ ਸਭ ਤੋਂ ਵੱਧ ਸਰਗਰਮ ਨਜ਼ਰ ਆਉਂਦਾ। ਉਸਦੀ ਜਰਨੈਲੀ ਪ੍ਰਤਿਭਾ ਕਾਰਨ ਬਰਤਾਨਵੀ ਹਾਕਮ ਉਸਨੂੰ 'ਸਭ ਤੋਂ ਖ਼ਤਰਨਾਕ ਬਾਗ਼ੀ' ਸਮਝਦੇ ਸਨ। ਹੋਮ ਡਿਪਾਰਟਮੈਂਟ ਦੇ ਮੈਂਬਰ ਸਰ ਕਰੋਡਰਾਕ ਨੇ ਸਰਾਭੇ ਬਾਰੇ ਕਿਹਾ ਕਿ "ਇਹ ਭਾਵੇਂ ਨੌਜਵਾਨ ਹੈ ਪਰ ਇਹ ਸਾਰੇ ਸਾਜ਼ਿਸ਼ੀਆਂ ਵਿਚੋਂ ਅੱਤ ਮਹੱਤਵਪੂਰਨ ਵਿਅਕਤੀਆਂ ਵਿਚੋਂ ਇਕ ਹੈ ਅਤੇ ਅਦਾਲਤ ਨੇ ਇਸਨੂੰ ਸਰਾਸਰ ਬੇਕਿਰਕ ਸ਼ੈਤਾਨ, ਜੋ ਆਪਣੀਆਂ ਕਰਤੂਤਾਂ ਤੇ ਫ਼ਖ਼ਰ ਕਰਦਾ ਹੈ, ਕਹਿ ਕੇ ਆਪਣੀ ਰਾਇ ਦਿੱਤੀ ਹੈ, ਭਾਵ ਇਹ ਕਿ ਇਸਦੀ ਸਜ਼ਾ ਘਟਾਉਣ ਦੀ ਤਾਂ ਗੱਲ ਕਰਨੀ ਵੀ ਨਹੀਂ ਬਣਦੀ।"

16 ਨਵੰਬਰ 1915 ਨੂੰ ਕਰਤਾਰ ਸਿੰਘ ਸਰਾਭਾ ਤੇ ਵਿਸ਼ਣੂ ਗਣੇਸ਼ ਪਿੰਗਲੇ ਸਮੇਤ ਸੱਤ ਗ਼ਦਰੀ ਇਨਕਲਾਬੀਆਂ ਨੂੰ ਲਾਹੌਰ ਜੇਲ ਵਿਚ ਫਾਂਸੀ ਦੇ ਦਿੱਤੀ ਗਈ।

ਇਸ ਤਰ੍ਹਾਂ ਭਾਰਤ ਅੰਦਰ ਬਰਤਾਨਵੀ ਹਾਕਮਾਂ ਦੇ ਖਿਲਾਫ਼ ਗ਼ਦਰ ਦੀ ਵਿਉਂਤ ਭਾਵੇਂ ਸਿਰੇ ਨਾ ਚੜ੍ਹ ਸਕੀ ਪਰੰਤੂ ਗ਼ਦਰੀ ਇਨਕਲਾਬੀਆਂ ਦਾ ਲੁੱਟ-ਜਬਰ ਖਿਲਾਫ਼ ਜੱਦੋਜਹਿਦ, ਜੇਲ੍ਹਾਂ, ਤਸੀਹੇ, ਭੁੱਖ ਹੜਤਾਲਾਂ, ਪੁਲਿਸ ਮੁਕਾਬਲਿਆਂ ਤੇ ਫਾਂਸੀ ਦੇ ਤਖ਼ਤੇ 'ਤੇ ਚੜ੍ਹ ਜਾਣ ਦਾ ਜੁਝਾਰੂ ਇਤਿਹਾਸ ਅਤੇ ਲੋਕਾਂ ਅੰਦਰ ਆਜ਼ਾਦੀ ਦੀ ਚੇਤਨਾ ਲਈ ਪ੍ਰਚਾਰ-ਪ੍ਰਸਾਰ ਕਰਨ ਦਾ ਸ਼ਾਨਾਮੱਤਾ ਵਿਰਸਾ ਅੱਜ ਵੀ ਸਾਡੀ ਅਗਾਂਹਵਧੂ ਨੌਜਵਾਨ ਪੀੜ੍ਹੀ ਦਾ ਰਾਹ ਰੁਸ਼ਨਾਉਂਦਾ ਹੈ।

# ਗਦਰੀ ਬਾਬਾ ਕਪੂਰ ਸਿੰਘ ਮੋਹੀ

ਮਹਿੰਦਰ ਸਿੰਘ ਬਿੰਦਰ ਮੋਹੀ
416 659 1232

ਦੁਨੀਆਂ ਦਾ 20ਵੀ ਸਦੀ ਦਾ ਇਤਿਹਾਸ ਵਖ ਵਖ ਦੇਸ਼ਾਂ ਵਿੱਚ ਚਲੀਆਂ ਅਜਾਦੀ ਦੀਆਂ ਲਹਿਰਾਂ ਨਾਲ ਭਰਿਆ ਪਿਆ ਹੈ, ਜਿਸ ਵਿੱਚ ਬਹੁਤ ਸਾਰੇ ਗੁਲਾਮ ਦੇਸ਼ਾਂ ਵਿੱਚ ਬਸਤੀਵਾਦ ਤੋ ਨਿਯਾਤ ਪਾਉਣ ਲਈ ਅਹਿਸਕ ਅਤੇ ਹਿੰਸਕ ਅੰਦੋਲਨ ਚਲੇ। ਗਦਰ ਲਹਿਰ ਦਾ ਭਾਰਤ ਨੂੰ ਆਜ਼ਾਦ ਕਰਾਉਣ ਲਈ ਪਾਏ ਯੋਗਦਾਨ ਦਾ ਵਿਸ਼ੇਸ਼ ਸਥਾਨ ਹੈ। ਅੰਗਰੇਜ਼ ਹਕੂਮਤ ਤੋ ਅਜਾਦੀ ਦੀ ਇਹ ਲਹਿਰ ਭਾਰਤ ਦੇਸ਼ ਵਿੱਚ ਰਹਿ ਰਹੇ ਲੋਕਾਂ ਵਲੋਂ ਨਹੀਂ; ਸਗੋਂ ਇਹ ਜਥੇਬੰਦਕ ਲੜਾਈ, ਅਮਰੀਕਾ ਤੇ ਕਨੇਡਾ ਵਿੱਚ 20ਵੀਂ ਸਦੀ ਦੇ ਸ਼ੁਰੂ ਵਿੱਚ ਰੋਜੀ ਰੋਟੀ ਲਈ ਗਈ ਭਾਰਤੀਆਂ ਵਲੋਂ ਲੜੀ ਗਈ ਸੀ, ਜਿਸ ਵਿੱਚ ਵੱਡੀ ਬਹੁਗਿਣਤੀ ਪੰਜਾਬੀਆਂ ਦੀ ਸੀ। ਕਪੂਰ ਸਿੰਘ ਮੋਹੀ ਵੀ ਗਦਰ ਪਾਰਟੀ ਦੇ ਮਹਾਨ ਯੋਧੇ ਸਨ ਤੇ ਮੁਢਲੇ ਨੇਤਾਵਾਂ ਵਿਚੋਂ ਇੱਕ ਸਨ, ਜਿਨ੍ਹਾਂ ਨੇ ਦੇਸ਼ ਦੀ ਅਜਾਦੀ ਲਈ ਆਪਣਾਂ ਸਭ ਕੁਝ ਕੁਰਬਾਨ ਕਰ ਦਿੱਤਾ।

ਕਪੂਰ ਸਿੰਘ ਮੋਹੀ ਦਾ ਜਨਮ ਫਰਵਰੀ 1874 ਨੂੰ ਮੋਹੀ ਪਿੰਡ ਵਿੱਚ ਹੋਇਆ ਆਪਦੇ ਪਿਤਾ ਦਾ ਨਾਂ ਮਿਤ ਸਿੰਘ ਥਿੰਦ ਸੀ ਆਪ ਨੇ ਪ੍ਰਾਇਮਰੀ ਸਕੂਲ ਦੀ ਪੜ੍ਹਾਈ ਸਹੋਲੀ ਸਕੂਲ ਤੋ 1886 ਵਿਚ ਪਰਾਪਤ ਕੀਤੀ। 1894 ਵਿੱਚ ਆਪ ਫੌਜ ਵਿੱਚ ਭਰਤੀ ਹੋ ਗਏ ਤੇ ਚਾਰ ਸਾਲ 12 ਬੰਗਾਲ ਕੈਵਲਰੀ ਵਿੱਚ ਨੌਕਰੀ ਕੀਤੀ। ਕਪੂਰ ਸਿੰਘ ਬਹੁਤ ਦੂਰ ਉਦੇਸ਼ ਸਨ ਤੇ ਤੇਜ ਬੁੱਧੀ ਦੇ ਮਾਲਕ ਸਨ ਤੇ ਸ੍ਵੈ ਮਾਣ ਨਾਲ ਕਦੇ ਸਮਝੌਤਾ ਨਹੀਂ ਕਰਦੇ ਸਨ। ਫੌਜ ਦੀ ਨੌਕਰੀ ਕਰਦਿਆਂ ਉਹਨਾਂ ਅੰਗਰੇਜ਼ੀ ਭਾਸ਼ਾ ਦੇ ਲਿਖਣ ਪੜਨ ਤੇ ਬੋਲਣ ਵਿਚ ਬਹੁਤ ਤਜਰਬਾ ਹਾਸਲ ਕਰ ਲਿਆ। ਇਸੇ ਦੌਰਾਨ ਉਹਨਾਂ ਦਾ ਵਿਆਹ ਜਵੱਦੀ ਪਿੰਡ 'ਚ ਫਤਹਿ ਕੋਰ ਨਾਲ਼ ਹੋ ਗਿਆ ਤੇ ਆਪਦੇ ਇਕ ਪੁਤਰ ਪੈਦਾ ਹੋਇਆ ਜਿਸਦਾ ਨਾਂ ਸੁਰਜੀਤ ਸਿੰਘ ਰਖਿਆ ਗਿਆ, ਜਿਨ੍ਹਾਂ ਵੱਡੇ ਹੋਕੇ ਠੇਕੇਦਾਰੀ ਵਿਚ ਬਹੁਤ ਕਾਮਯਾਬੀ ਪ੍ਰਾਪਤ ਕੀਤੀ। 1899 ਵਿੱਚ ਕਪੂਰ ਸਿੰਘ ਮੋਹੀ ਨੂੰ ਫੌਜ ਵਿੱਚੋਂ ਡਿਸਚਾਰਜ ਕਰ ਦਿੱਤਾ, ਕਿਉਂਕਿ ਉਹਨਾਂ ਆਪਣੇ ਅੰਗਰੇਜ਼ ਅਫ਼ਸਰਾਂ ਨੂੰ ਦਿਨ ਵਿੱਚ ਵਾਰ ਵਾਰ ਸਲੂਟ ਮਾਰਨ ਤੋਂ ਇਨਕਾਰ ਕਰ ਦਿੱਤਾ। ਕੁਝ ਸਮਾਂ ਉਹਨਾਂ ਪਿੰਡ ਵਿੱਚ ਖੇਤੀਬਾੜੀ ਕੀਤੀ ਤੇ ਨਾਲ ਹੀ1902 ਵਿਚ ਹੌਜਰੀ ਤੇ ਕਪੜਾ ਬੁਣਨ ਵਾਲੀ ਮਸ਼ੀਨ ਲਗਾ ਦਿੱਤੀ, ਪਰ ਤਜਰਬੇ ਦੀ ਘਾਟ ਕਾਰਨ ਚਲ ਨਾ ਸਕੀ। ਫਿਰ ਆਪਨੇ ਵਿਦੇਸ਼ ਜਾਣ ਦਾ ਮਨ ਬਣਾ ਲਿਆ ਤੇ 1907 ਵਿਚ ਸਿੰਗਾਪੁਰ ਪਹੁੰਚ ਗਏ, ਜਿਥੋਂ ਅਗੇ ਸਮੁੰਦਰੀ ਜਹਾਜ਼ ਰਾਹੀਂ ਵੈਨਕੂਵਰ ਪਹੁੰਚਣ ਵਿੱਚ ਕਾਮਯਾਬ ਹੋ ਗਏ।

ਵੈਨਕੂਵਰ ਵਿੱਚ ਪਹਿਲਾਂ ਉਹਨਾਂ ਬਿਜਲੀ ਨਾਲ ਚਲਣ ਵਾਲੀ ਰੇਲਵੇ ਵਿੱਚ ਕੰਮ ਕੀਤਾ। ਅੰਗਰੇਜ਼ੀ ਤੇ ਪੂਰੀ ਪਕੜ ਤੇ ਕਾਰੋਬਾਰੀ ਸਿਆਣਪ ਨੇ ਉਹਨਾਂ ਨੂੰ ਨਿਊ ਵਿਸਟਮਨਿਸਟਰ 'ਚ ਲੰਬਰ ਦੀ ਠੇਕੇਦਾਰੀ ਦੇ ਕਾਰੋਬਾਰ ਵਿੱਚ ਪਾ ਦਿੱਤਾ, ਜੋ ਪੂਰੀ ਕਾਮਯਾਬੀ ਨਾਲ ਚਲ ਪਿਆ ਤੇ ਬਹੁਤ ਕਮਾਈ ਹੋਣ ਲਗੀ ਹਰਦਿਤ ਸਿੰਘ ਲੰਮੇ ਤੇ ਕਪੂਰ ਸਿੰਘ ਮੋਹੀ ਗੂੜ੍ਹੇ ਮਿੱਤਰ ਸਨ। ਦੋਵਾਂ ਨੇ ਰਲ ਕੇ ਇੰਡੀਆ ਬਰਮਾਂ ਐਂਡ ਮੈਲੇਅ ਪੈਨਿਨਸੁਲਾ ਹਾਰਡਵੁਡ ਲੰਬਰ ਮੈਨੂੰਫੈਕਚਰਿੰਗ ਕੰਪਨੀ ਦੀ ਸਥਾਪਨਾ ਕੀਤੀ। ਨਵਾਬ ਖਾਨ, ਜੋ ਬਾਅਦ ਵਿੱਚ ਲਹੌਰ ਸਾਜਿਸ਼ ਕੇਸ ਵਿਚ ਸਰਕਾਰੀ ਗਵਾਹ ਬਣ ਗਿਆ ਸੀ, ਅਨੁਸਾਰ ਉਹ 1910 ਵਿਚ ਕਪੂਰ ਸਿੰਘ ਮੋਹੀ ਤੇ ਹਰਦਿਤ ਸਿੰਘ ਲੰਮੇ ਨੂੰ ਵਿਸਟਮਨਿਸਟਰ ਦੇ ਸ਼ਹਿਰ ਵਿੱਚ ਮਿਲਿਆ। ਉਹਨਾਂ ਨੇ 1911 ਵਿਚ ਯੂਨਾਈਟਿਡ ਇੰਡੀਆ ਲੀਗ ਵਿੱਚ ਵਧ ਚੜ ਕੇ ਹਿੱਸਾ ਲਿਆ, ਜੋ ਕਨੇਡਾ ਦੇ ਵਿਤਕਰੇ ਭਰੇ ਇਮੀਗਰੇਸ਼ਨ ਕਨੂੰਨ ਦਾ ਵਿਰੋਧ ਕਰਨ ਲਈ ਬਣਾਈ ਗਈ ਸੀ। ਇਸ ਲਹਿਰ ਦੀ ਅਗਵਾਈ ਕਰਦਿਆਂ ਇਸਦੀ ਕਾਮਯਾਬੀ ਲਈ ਚੰਦਾ ਇਕੱਠਾ ਕੀਤਾ। 1912ਵਿਚ ਐਬਸਫੋਰਡ ਦੇ ਪਹਿਲੇ ਗੁਰਦਵਾਰੇ ਦੀ ਉਸਾਰੀ ਲਈ ਕਪੂਰ ਸਿੰਘ ਨੇ ਅਗੇ ਹੋਕੇ ਮਾਇਆ ਇਕੱਠੀ ਕੀਤੀ ਤੇ ਹਰ ਪਖੋਂ ਸਾਥੀਆਂ ਨਾਲ ਰਲ ਕੇ ਆਪਣਾਂ ਯੋਗਦਾਨ ਪਾਇਆ। ਕਾਮਾਗਾਟਾਮਾਰੂ ਜਹਾਜ਼ ਵਿੱਚ ਫਸੇ ਦੇਸ਼ ਵਾਸੀਆਂ ਨੂੰ ਰਸਦ ਤੇ ਮਾਇਕ ਸਹਾਇਤਾ ਪਹੁੰਚਦੀ ਕਰਨ ਵਿੱਚ ਆਪ ਨੇ ਅਹਿਮ ਭੂਮਿਕਾ ਨਿਭਾਈ। ਇਸੇ ਸਮੇਂ ਆਪ ਗਦਰ ਪਾਰਟੀ ਦੇ ਸਰਗਰਮ ਮੈਂਬਰ ਬਣ ਚੁੱਕੇ ਸਨ ਤੇ ਆਪਣੇ ਮਿਤਰ ਹਰਦਿਤ ਸਿੰਘ ਲੰਮੇ ਨਾਲ ਰਲ ਕੇ ਇਸ ਦੀਆਂ ਸਾਰੀਆਂ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ।

ਆਪ ਦੀ ਅੰਗਰੇਜ਼ੀ ਪੜ੍ਹਨ ਲਿਖਣ ਤੇ ਬੋਲਣ ਦੀ ਯੋਗਤਾ ਨੇ ਅਤੇ ਕੈਨੇਡਾ ਦੇ ਭਾਰਤੀ ਭਾਈਚਾਰੇ ਵਿੱਚ ਨੇਕ ਨੀਤੀ ਤੇ ਇਮਾਨਦਾਰੀ ਨੇ ਆਪ ਨੂੰ ਗਦਰ ਪਾਰਟੀ ਦੇ ਪ੍ਰਮੁਖ ਨੇਤਾ ਬਣਾ ਦਿੱਤਾ। 1914 ਵਿਚ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੋ ਗਿਆ। ਇਸ ਵਿੱਚ ਹਿੱਸਾ ਲੈਣ ਲਈ ਵੱਡੀ ਗਿਣਤੀ ਵਿਚ ਅੰਗਰੇਜ਼ੀ ਫੌਜ ਭਾਰਤ ਤੋਂ ਯੂਰਪ ਵਿਚ ਜਾਣੀ



ਸ਼ੁਰੂ ਹੋ ਗਈ ਸੀ। ਇਸ ਨੂੰ ਅਮਰੀਕਾ ਤੇ ਕਨੇਡਾ ਦੇ ਗਦਰੀ ਨੇਤਾਵਾਂ ਨੇ ਦੇਸ਼ ਨੂੰ ਅਜ਼ਾਦ ਕਰਾਉਣ ਦਾ ਸੁਨਹਿਰੀ ਮੌਕਾ ਸਮਝ ਲਿਆ ਤੇ ਹਜਾਰਾਂ ਦੀ ਗਿਣਤੀ ਵਿੱਚ ਅਮਰੀਕਾ ਤੇ ਕਨੇਡਾ ਵਿਚ ਰਹਿ ਰਹੇ ਦੇਸ਼ ਵਾਸੀਆਂ ਨੂੰ ਭਾਰਤ ਵਿੱਚ ਪਹੁੰਚਣ ਦੇ ਆਦੇਸ਼ ਦੇ ਦਿੱਤੇ। ਭਾਰਤੀ ਫੌਜਾਂ ਵਿੱਚ ਦੇਸ਼ ਦੀ ਅਜਾਦੀ ਲਈ ਪ੍ਰਚਾਰ ਕਰਦੇ ਹੋਏ ਬਗਾਵਤ ਕਰਨ ਦਾ ਸਮਾਂ ਤਹਿ ਕਰ ਲਿਆ ਗਿਆ ਤੇ ਮੁੱਠੀ ਭਰ ਰਹਿ ਗਈ ਅੰਗਰੇਜ਼ੀ ਫੌਜ ਨੂੰ ਦੇਸ਼ ਵਿਚੋਂ ਭਾਰਤੀ ਫੌਜ ਦੀ ਸਹਾਇਤਾ ਨਾਲ ਹਥਿਆਰ ਬੰਦ ਲੜਾਈ ਰਾਹੀਂ ਦੇਸ਼ ਵਿਚੋਂ ਭਜਾ ਦੇਣ ਦਾ ਫੈਸਲਾ ਕੀਤਾ ਗਿਆ।

ਕਪੂਰ ਸਿੰਘ ਮੋਹੀ ਗਦਰ ਪਾਰਟੀ ਦੇ ਹੁਕਮ ਤੇ ਆਪਣੇ ਸਾਥੀਆਂ ਨਾਲ 11 ਦਸੰਬਰ 1914 ਨੂੰ ਵੈਨਕੂਵਰ ਤੋਂ ਚਲ ਪਏ। ਕੁਝ ਦਿਨ ਸਾਨਫਰਾਂਸਿਸਕੋ ਦੇ ਗਦਰ ਆਸ਼ਰਮ ਵਿੱਚ ਰਹਿ ਕੇ 14 ਜਨਵਰੀ 1915 ਨੂੰ ਜਪਾਨ ਦੀ ਬੰਦਰਗਾਹ ਯੋਕੋਹਾਮਾ ਪਹੁੰਚ ਗਏ। ਜਿਥੇ ਉਹਨਾਂ ਦੀ ਮੁਲਾਕਾਤ ਗਦਰ ਪਾਰਟੀ ਦੇ ਲੀਡਰ ਬਾਬੂ ਹਰਨਾਮ ਸਿੰਘ ਸਹਾਰੀ ਨਾਲ ਹੋਈ। 19 ਜਨਵਰੀ 1915 ਨੂੰ ਕਪੂਰ ਸਿੰਘ ਮੋਹੀ ਹਾਂਗਕਾਂਗ ਪਹੁੰਚ ਗਏ ਜੋ ਅੰਗਰੇਜ਼ੀ ਸਾਮਰਾਜ ਦਾ ਹੀ ਹਿੱਸਾ ਸੀ। ਮਾਰਚ 1915 ਵਿੱਚ ਆਪ ਬੈਂਕਾਕ ਪਹੁੰਚ ਗਏ। ਇੱਥੇ ਆਪ ਨੇ ਗੁਰਦਵਾਰੇ ਵਿੱਚ ਲੈਕਚਰ ਕਰਦਿਆਂ ਕਿਹਾ: ਅੰਗਰੇਜਾਂ ਨੇ ਧੱਕੇ ਨਾਲ ਸਾਡੇ ਦੇਸ਼ ਨੂੰ ਗੁਲਾਮ ਬਣਾ ਲਿਆ ਹੈ ਤੇ ਇਹ ਗੁਲਾਮੀ ਹੀ ਸਾਡੇ ਦੇਸ਼ ਦੀ ਗਰੀਬੀ ਦਾ ਮੁੱਖ ਕਾਰਨ ਹੈ। ਦੇਸ਼ ਨੂੰ ਆਜ਼ਾਦ ਕਰਾਉਣ ਦਾ ਹੁਣ ਮੌਕਾ ਹੈ। ਹਰ ਕੋਈ ਆਜ਼ਾਦੀ ਦੀ ਇਸ ਜੰਗ ਵਿੱਚ ਸ਼ਾਮਲ ਹੋਵੇ:। ਹੁਣ ਤੱਕ ਅੰਗਰੇਜ਼ੀ ਹਕੂਮਤ ਨੂੰ ਭਾਰਤੀਆਂ ਦੇ ਵੱਡੀ ਗਿਣਤੀ ਵਿਚ ਦੇਸ਼ ਆਉਣ ਦੀ ਖਬਰ ਮਿਲ ਚੁੱਕੀ ਸੀ। ਉਹਨਾਂ ਨੇ ਸਿੰਘਾਪੁਰ ਤੋਂ ਸਿੱਧੇ ਕਲਕੱਤੇ ਜਾਣ ਵਾਲੇ ਸਟੀਮਰਜ ਬੰਦ ਕਰ ਦਿੱਤੇ। ਕਪੂਰ ਸਿੰਘ ਮੋਹੀ, ਹਰਦਿੱਤ ਸਿੰਘ ਲੰਮੇ, ਇਹਨਾਂ ਦੇ ਅੰਗਰੇਜ਼ ਮਿੱਤਰ ਐਲਨ ਤੇ ਹੋਰ ਸਾਥੀਆਂ ਨੇ ਜ਼ਮੀਨੀ ਰਸਤੇ ਰਾਹੀਂ ਬਰਮਾਂ ਵਿੱਚ ਰੰਗੂਨ ਜਾਣ ਦਾ ਫੈਸਲਾ ਕਰ ਲਿਆ। ਇਥੋਂ ਸਟੀਮਰਜ ਹਰ ਤੀਜੇ ਦਿਨ ਕਲਕੱਤੇ ਨੂੰ ਚਲਦੇ ਸਨ। ਇਸ ਤਰ੍ਹਾਂ ਕਪੂਰ ਸਿੰਘ ਮੋਹੀ ਤੇ ਸਾਥੀ ਬਗਾਵਤ ਲਈ ਮਿਥੀ ਗਈ ਤਰੀਕ ਤੋਂ ਪਹਿਲਾਂ ਹਿੰਦੁਸਤਾਨ ਪਹੁੰਚ ਸਕਦੇ ਸਨ। ਹਾਂਗਕਾਂਗ ਤੋਂ ਆਪ ਬੈਂਕਾਕ ਪਹੁੰਚ ਗਏ ਤੇ ਇਥੇ ਗੁਰਦਵਾਰੇ ਵਿੱਚ ਗਦਰ ਲਈ ਪ੍ਰਚਾਰ ਕਰਨ ਲੱਗੇ। ਇਥੋਂ ਕਪੂਰ ਸਿੰਘ ਮੋਹੀ ਤੇ ਸਾਥੀਆਂ ਨੇ ਖੁਸ਼ਕੀ ਦੇ ਰਸਤੇ ਬਰਮਾਂ ਪਹੁੰਚਣਾ ਸੀ। ਇਸ ਸਮੇਂ ਤੱਕ ਅੰਗਰੇਜ਼ ਹਕੂਮਤ ਨੂੰ ਦੇਸ਼ ਭਗਤਾਂ ਦੀਆਂ ਗਤੀਵਿਧੀਆਂ ਦਾ ਪਤਾ ਲੱਗ ਗਿਆ ਸੀ।। ਕਪੂਰ ਸਿੰਘ ਮੋਹੀ, ਹਰਦਿੱਤ ਸਿੰਘ ਲੰਮੇ, ਨਰੰਜਣ ਸਿੰਘ ਸੰਗਤਪੁਰਾ ਤੇ ਆਪ ਦੇ ਅੰਗਰੇਜ਼ ਮਿਤਰ ਐਲਨ ਨੂੰ 24 ਅਪ੍ਰੈਲ 1915 ਨੂੰ ਬਰਮਾਂ ਪੁਲਿਸ ਨੇ ਗ੍ਰਿਫਤਾਰ ਕਰ ਲਿਆ।

ਭਾਈ ਕਪੂਰ ਸਿੰਘ ਮੋਹੀ ਸਮੇਤ ਸਾਰੇ ਕੈਦੀਆਂ ਤੇ 3 ਮਾਰਚ 1916 ਨੂੰ ਮਾਡਲੇ ਕਿਲੇ ਵਿੱਚ ਫਸਟ ਬਰਮਾਂ ਕਾਂਨਸਪੀਰੇਸੀ ਕੇਸ ਚਲਾਇਆ ਗਿਆ। ਇਸ ਵਿੱਚ ਬਰਮਾਂ ਤੋਂ ਫੜੇ ਗਏ 17 ਗਦਰੀ ਸ਼ਾਮਲ ਸਨ। ਉਹਨਾਂ ਤੇ ਬਰਤਾਨੀਆ ਦੇ ਬਾਦਸ਼ਾਹ ਵਿਰੁੱਧ ਬਗਾਵਤ ਕਰਨ ਤੇ ਭਾਰਤ ਵਿਚ ਅੰਗਰੇਜ਼ੀ ਸਰਕਾਰ ਨੂੰ ਉਲਟਾਉਣ ਲਈ ਸਾਜਿਸ਼ ਰਚਣ ਦੇ ਦੋਸ਼ ਲਾਏ ਗਏ। 27 ਜੁਲਾਈ 1916 ਨੂੰ ਜੱਜਾਂ ਨੇ ਮੁਕੱਦਮੇ ਦਾ ਫੈਸਲਾ ਸੁਣਾਇਆ ਗਿਆ। ਕਪੂਰ ਸਿੰਘ ਮੋਹੀ ਤੇ ਉਹਨਾਂ ਦੇ ਮਿਤਰ ਹਰਦਿੱਤ ਸਿੰਘ ਲੰਮੇ ਨੂੰ ਉਮਰ ਕੈਦ ਤੇ ਘਰ ਘਾਟ ਜਬਤ ਕਰਨ ਦੀ ਸਜਾ ਸੁਣਾਈ ਗਈ।

ਅਗਸਤ 2016 ਨੂੰ ਕਪੂਰ ਸਿੰਘ ਮੋਹੀ ਤੇ ਹਰਦਿੱਤ ਸਿੰਘ ਲੰਮੇ ਨੂੰ ਹੋਰ ਬਹੁਤ ਸਾਰੇ ਗਦਰੀਆਂ ਨੂੰ ਅੰਡੇਮਾਨ ਟਾਪੂ ਦੀ ਪੋਰਟ ਬਲੇਅਰ ਵਿਚਲੀ ਸੈਲੂਲਰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਕਪੂਰ ਸਿੰਘ ਮੋਹੀ ਨੇ ਜੇਲ ਦੀਆਂ ਸਖਤੀਆਂ ਤੇ ਤਸੀਹੇ ਬਹੁਤ ਬਹਾਦਰ ਨਾਲ ਝਲੇ। 1921ਵਿਚ ਅੰਡੇਮਾਨ ਦੀ ਅੰਗਰੇਜ਼ੀ ਸਰਕਾਰ ਨੇ ਨੋਟਿਸ ਕੱਢਿਆ ਕਿ ਕਾਲੇ ਪਾਣੀ ਦਾ ਜੋ ਕੈਦੀ ਟਾਪੂ ਵਿੱਚ ਪੱਕੇ ਤੌਰ ਤੇ ਰਹਿਣ ਲਈ ਤਿਆਰ ਹੋਵੇ ਉਹ ਉਥੇ ਆਪਣਾ ਕੋਈ ਕਾਰੋਬਾਰ ਕਰ ਸਕਦਾ ਹੈ। ਉਸਨੂੰ ਜੇਲ੍ਹ ਵਿੱਚੋਂ ਰਿਹਾ ਕਰ ਦਿੱਤਾ ਜਾਵੇਗਾ। ਕਪੂਰ ਸਿੰਘ ਮੋਹੀ, ਹਰਦਿਤ ਸਿੰਘ ਲੰਮੇ ਤੇ ਕਈ ਹੋਰਾਂ ਨੇ ਇਹ ਪੇਸ਼ਕਸ਼ ਸਵੀਕਾਰ ਕਰ ਲਈ।

1923 ਵਿਚ ਕਪੂਰ ਸਿੰਘ ਨੇ ਪੋਰਟ ਬਲੇਅਰ ਵਿੱਚ ਡੇਅਰੀ ਫਾਰਮਿੰਗ ਅਤੇ ਨਾਰੀਅਲ ਦੀ ਖੇਤੀ ਸ਼ੁਰੂ ਕਰ ਦਿੱਤੀ । ਅੰਡੇਮਾਨ ਦਾ ਜਲਵਾਯੂ ਸਿਹਤ ਲਈ ਬੇਹੱਦ ਮਾੜਾ ਸੀ। ਇਥੇ ਰਹਿੰਦਿਆਂ ਕਪੂਰ ਸਿੰਘ ਨੂੰ ਛਾਤੀ ਦਾ ਕੈਂਸਰ ਹੋ ਗਿਆ ਤੇ ਉਹਨਾਂ ਨੂੰ ਇਲਾਜ ਲਈ ਰੰਗੂਨ ਦੇ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ ਗਿਆ ਆਪ ਦੀ ਸਿਹਤ ਕਮਜ਼ੋਰ ਹੋ ਰਹੀ ਸੀ। ਬਰਮਾਂ ਤੋਂ ਆਪ ਨੂੰ ਪੰਜਾਬ ਵਿੱਚ ਆਪਦੇ ਪਿੰਡ ਮੋਹੀ ਭੇਜ ਦਿੱਤਾ ਗਿਆ। ਇਸ ਤਰ੍ਹਾਂ ਕਪੂਰ ਸਿੰਘ ਨੇ ਦੇਸ਼ ਦੀ ਆਜ਼ਾਦੀ ਦੀ ਖਾਤਰ ਵੈਨਕੂਵਰ ਵਿੱਚ ਆਪਣਾ ਲੰਬਰ ਦਾ ਵੱਡਾ ਬਿਜ਼ਨਿਸ ਤਿਆਗ ਦਿੱਤਾ ਤੇ ਆਪਣੀ ਜਵਾਨੀ ਦੇ 16 ਮਹੀਨੇ ਬਰਮਾਂ ਵਿਚ ਤੇ 20 ਸਾਲ ਅੰਡੇਮਾਨ ਦੇ ਨਰਕ ਵਿੱਚ ਗੁਜਾਰੇ। ਮੋਹੀ ਵਿੱਚ ਵੀ ਆਪ ਜੂਹਬੰਦ ਸਨ ਤੇ ਪੁਲਿਸ ਦਾ ਸਿਪਾਹੀ ਆਪ ਦੀਆਂ ਗਤੀਵਿਧੀਆਂ ਦੀ ਨਿਗਰਾਨੀ ਰੱਖਦਾ ਸੀ। ਪਿੰਡ ਵਿੱਚ ਰਹਿੰਦਿਆਂ ਆਪ ਦਾ ਕੈਂਸਰ ਕਾਫੀ ਠੀਕ ਹੋ ਗਿਆ। ਉਹਨਾਂ ਨੇ ਪਿੰਡ ਵਿੱਚ ਹੀ ਨੌਜਵਾਨਾਂ ਨੂੰ ਨਾਲ ਜੋੜ ਕੇ ਲੋਕ ਭਲਾਈ ਦੇ ਕੰਮ ਸ਼ੁਰੂ ਕਰ ਦਿੱਤੇ। ਪਿੰਡ ਦੀਆ ਗਲੀਆਂ ਕੱਚੀਆ ਸਨ ਤੇ ਮੀਂਹ ਪੈਣ ਤੇ ਚਿੱਕੜ ਤੇ ਗਾਰੇ ਨਾਲ ਭਰੀਆਂ ਰਹਿੰਦੀਆਂ ਸਨ ਤੇ ਕੁਝ ਲੋਕਾਂ ਨੇ ਗਲੀਆਂ ਵਿੱਚ ਆਪਣੇ ਪਸ਼ੂਆਂ ਲਈ ਖੁਰਲੀਆਂ ਬਣਾਈਆਂ ਹੋਈਆਂ ਸਨ। ਕਪੂਰ ਸਿੰਘ ਨੇ ਆਮ ਲੋਕਾਂ ਨੂੰ ਪ੍ਰੇਰ ਕੇ ਕਬਜੇ ਹਟਾਏ ਤੇ 1938 ਵਿੱਚ ਪਿੰਡ ਵਾਸੀਆਂ ਦੀ ਸਹਾਇਤਾ ਨਾਲ ਪੰਜ ਦਰਵਾਜ਼ਿਆਂ ਦੇ ਅੰਦਰ ਵਸੇ ਪਿੰਡ ਦੀਆਂ ਗਲੀਆਂ ਪੱਕੀਆ ਕਰਵਾ ਦਿੱਤੀਆਂ ਤੇ ਪਾਣੀ ਦੀ ਨਿਕਾਸੀ ਲਈ ਪੱਕੀਆ ਨਾਲੀਆਂ ਬਣਾ ਦਿੱਤੀਆਂ। ਇਸੇ ਕਰਕੇ ਪਿੰਡ ਦੇ ਬਜ਼ੁਰਗ ਕਪੂਰ ਸਿੰਘ ਨੂੰ ਮਾਣ ਨਾਲ ਯਾਦ ਕਰਦੇ ਰਹਿੰਦੇ ਹਨ। ਹੁਣ ਉਹਨਾਂ ਦੀ ਸਰੀਰਕ ਕਮਜ਼ੋਰੀ ਵਧਣ ਲਗ ਗਈ ਤੇ ਪੁਰਾਣੀ ਬਿਮਾਰੀ ਨੇ ਉਹਨਾ ਤੇ ਫਿਰ ਜੋਰ ਫੜ ਲਿਆ। 1942 ਵਿੱਚ ਦੇਸ਼ਭਗਤ ਯੋਧਾ ਆਜਾਦੀ ਦਾ ਸੁਪਨਾਂ ਦਿਲ ਵਿੱਚ ਹੀ ਲੈ ਕੇ ਮੋਹੀ ਪਿੰਡ ਵਿੱਚ ਸਵਾਸ ਤਿਆਗ ਗਿਆ। ਗਦਰੀ ਬਾਬਾ ਕਪੂਰ ਸਿੰਘ ਮੋਹੀ ਦਾ ਜੱਦੀ ਘਰ ਅਜ ਵੀ ਪਹਿਲੀ ਹਾਲਤ ਵਿੱਚ ਪਿੰਡ ਦੇ ਅੰਦਰ ਸਥਿਤ ਹੈ, ਜੋ ਪਿੰਡ ਵਾਸੀਆਂ ਨੂੰ ਉਸ ਮਹਾਨ ਦੇਸ਼ ਭਗਤ ਗਦਰੀ ਯੋਧੇ ਦੀ ਯਾਦ ਦਿਵਾਉਂਦਾ ਰਹਿੰਦਾ ਹੈ। ਮੋਹੀ ਪਿੰਡ ਵਾਸੀਆਂ ਨੂੰ ਇਸ ਮਹਾਨ ਯੋਧੇ ਤੇ ਉਸ ਦੁਆਰਾ ਦੇਸ਼ ਦੀ ਆਜਾਦੀ ਲਈ ਕੀਤੀ ਕੁਰਬਾਨੀ ਤੇ ਹਮੇਸ਼ਾ ਮਾਣ ਰਹੇਗਾ।

# ਭਾਰਤੀ ਆਰਥਿਕਤਾ ਦਾ ਸੰਕਟ : ਕਰੋੜਾਂ ਦੇ ਬੈਂਕ ਘੁਟਾਲੇ

*ਭਾਰਤੀ ਆਰਥਿਕਤਾ ਕਈ ਪਰਤਾਂ 'ਚ ਸੰਕਟਗ੍ਰਸਤ ਹੋ ਚੁੱਕੀ ਹੈ, ਇਸ ਦੇ ਵਿਕਾਸ ਦਾ ਮਾਡਲ ਵਿਨਾਸ਼ ਵਿਚ ਤਬਦੀਲ ਹੋ ਰਿਹਾ ਹੈ, ਭਵਿੱਖ 'ਚ ਇਸ ਮੁਲਕ ਦੀ ਤਬਾਹੀ ਲਾਜ਼ਮੀ ਲਿਖ ਹੋਈ । – ਸੰਪਾਦਕ*



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਬੈਂਕਾਂ ਨਾਲ ਹਜ਼ਾਰਾਂ ਕਰੋੜ ਰੁਪਏ ਦਾ ਫਰਾਡ ਕਰਨ ਪਿੱਛੋਂ ਵਿਜੇ ਮਾਲਿਆ, ਨੀਰਵ ਮੋਦੀ, ਮੇਕੱਲ ਚੋਕਸੀ, ਲਲਿਤ ਮੋਦੀ ਵਿਦੇਸ਼ ਭੱਜ ਗਏ ਹਨ। ਕਹਿਣ ਨੂੰ ਤਾਂ ਉਹ ਭਗੋੜੇ ਹਨ, ਉਨ੍ਹਾਂ ਦੀ ਜਾਇਦਾਦ ਜ਼ਬਤ ਕਰ ਲਈ ਗਈ ਹੈ ਅਤੇ ਬੈਂਕ ਉਸ ਨੂੰ ਵੇਚ ਕੇ ਅਤੇ ਨੁਕਸਾਨ ਦੀ ਪੂਰਤੀ ਕਰ ਰਹੇ ਹਨ ਪਰ ਇਸ ਦੇ ਬਾਵਜੂਦ ਇਨ੍ਹਾਂ ਭਗੋੜਿਆਂ ਦੇ ਐਸ਼ੋ-ਆਰਾਮ ਵਿਚ ਕੋਈ ਕਮੀ ਨਹੀਂ ਹੈ ਉਹ ਵਿਦੇਸ਼ਾਂ ਵਿਚ ਉਸੇ ਤਰ੍ਹਾਂ ਮੌਜ-ਮਸਤੀ ਭਰਿਆ ਜੀਵਨ ਜੀ ਰਹੇ ਹਨ ਜਿਹੋ ਜਿਹਾ ਉਹ ਪਹਿਲੋਂ ਕਦੀ ਅੱਛੇ ਦਿਨਾਂ ਵਿੱਚ ਜਿਉਂਦੇ ਸਨ। ਅਪਰਾਧ ਕਰਨ ਦੇ ਬਾਵਜੂਦ ਉਨ੍ਹਾਂ ਦਾ ਰੁਤਬਾ ਬਰਕਰਾਰ ਹੈ। ਹਾਲ ਹੀ ਚ ਹੀਰਾ ਕਾਰੋਬਾਰੀ ਮੇਕੁੱਲ ਚੋਕਸੀ ਜਦ ਡੋਮਿਨਿਕਾ ਵਿੱਚ ਗ੍ਰਿਫਤਾਰ ਹੋਇਆ ਤਾਂ ਐਂਟੀਗੁਆ ਤੇ ਬਾਰਬੁੜਾ ਦੇ ਪ੍ਰਧਾਨ ਮੰਤਰੀ ਗੈਸਟਨ ਬਰਾਊਨ ਨੇ ਵੱਡਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਦੇਸ਼ ਦੀ ਵਿਰੋਧੀ ਪਾਰਟੀ ਯੂਨਾਈਟਿਡ ਪ੍ਰੋਗਰੇਸਿਵ ਪਾਰਟੀ (ਯੂਪੀਪੀ) ਨੇ ਚੋਣ ਫੰਡਾਂ ਦੇ ਲਈ ਚੌਕਸੀ ਦਾ ਸਾਥ ਦਿੱਤਾ ਹੈ। ਉਹਨਾਂ ਨੇ ਇਕ ਬਿਆਨ ਜਾਰੀ ਕਰਕੇ ਕਿਹਾ, 'ਮੇਰੇ ਪ੍ਰਸਾਸ਼ਨ ਤੇ ਮੇਹੁਲ ਚੌਕਸੀ ਨੂੰ ਪਨਾਹ ਦੇਣ ਦਾ ਦੋਸ਼ ਲੱਗਣ ਤੋਂ ਪਿੱਛੋਂ ਹੁਣ ਉਹ ਆਪਣੇ ਮੁਹਿੰਮ ਦੀ ਫੰਡਿੰਗ ਦੇ ਲਈ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ।' ਭਾਵੇਂ ਹੀ ਚੌਕਸੀ 2021 ਵਿੱਚ ਗ੍ਰਿਫ਼ਤਾਰ ਹੋ ਗਿਆ ਪਰ ਭਾਰਤ ਤੋਂ ਉਹ 2018 ਤੋਂ ਫਰਾਰ ਹੈ। ਉਹ ਐਂਟੀਗੁਆ ਦਾ ਨਾਗਰਿਕ ਬਣ ਚੁੱਕਾ ਸੀ ਅਤੇ ਸ਼ਾਨ ਨਾਲ ਜ਼ਿੰਦਗੀ ਜੀ ਰਿਹਾ ਸੀ। ਜਦ ਉਸ ਨੂੰ ਡੌਮਿਨਿਕਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਤਾਂ ਉਸ ਵਕਤ ਉਸ ਦੇ ਨਾਲ ਉਸ ਦੀ ਕਥਿਤ ਗਰਲਫਰੈਂਡ ਜਾਰਬਿਕਾ ਵੀ ਸੀ। ਅਜਿਹਾ ਮੰਨਿਆ ਜਾ ਰਿਹਾ ਹੈ ਕਿ ਮੈਕੁੱਲ ਆਪਣੀ ਗਰਲ ਫਰੈਂਡ ਦੇ ਨਾਲ ਉਥੇ ਮੌਜ ਮਸਤੀ ਕਰਨ ਗਿਆ ਸੀ। ਬਾਰਬਰਾ ਦੀ ਸੋਸ਼ਲ ਮੀਡੀਆ ਪ੍ਰੋਫਾਈਲ ਦੇ ਅਨੁਸਾਰ ਉਹ ਇਨਵੈਸਟਮੈਂਟ ਸਲਾਹਕਰ ਹੈ। ਉਹ ਲੰਡਨ ਸਕੂਲ ਆਫ ਇਕਨੌਮਿਕਸ ਵਿੱਚ ਪੜ੍ਹੀ ਹੈ। ਵਕੀਲਾਂ ਦੇ ਅਨੁਸਾਰ ਮੈਕੁੱਲ ਅਤੇ ਬਾਰਬਰਾ ਇੱਕ ਸਾਲ ਤੋਂ ਦੋਸਤੀ ਵਿੱਚ ਸਨ ਤੇ ਅਕਸਰ ਮਿਲਦੇ ਰਹਿੰਦੇ ਸਨ। ਬਾਰਬਰਾ ਜਾਰਾਬਿਕਾ ਇਕ ਬੇਹੱਦ ਸ਼ਾਨੋ-ਸ਼ੌਕਤ ਵਾਲੀ ਜ਼ਿੰਦਗੀ ਜਿਉਂਦੀ ਹੈ। ਉਸ ਦੇ ਅਕਾਊਂਟ ਤੋਂ ਪਤਾ ਚੱਲਿਆ ਹੈ ਕਿ ਉਹ ਲਗਜਰੀ ਯਾਟ ਤੇ ਸਮੁੰਦਰ ਵਿੱਚ ਮੌਜ ਮਸਤੀ ਕਰਨ ਦੀ ਸ਼ੌਕੀਨ ਹੈ। ਉਹ ਮੇਕੁੱਲ ਚੌਕਸੀ ਦੇ ਨਾਲ ਪ੍ਰਾਈਵੇਟ ਯਾਟ ਵਿੱਚ ਮੌਜ-ਮਸਤੀ ਦੇ ਲਈ ਡੋਮਿਨਿਕਾ ਪਹੁੰਚੀ ਸੀ। ਉਥੋਂ ਹੀ ਚੌਕਸੀ ਨੂੰ ਫੜ ਲਿਆ ਗਿਆ। ਮੇਕੁੱਲ ਚੌਕਸੀ ਨੇ ਗ੍ਰਿਫ਼ਤਾਰੀ ਤੋਂ ਪਿੱਛੋਂ ਇਸ ਨੂੰ 'ਹਨੀ ਟਰੈਪ' ਦੱਸਿਆ। ਉਸ ਨੇ ਕਿਹਾ 'ਇੱਕ ਸਾਲ ਤੋਂ ਮੇਰੀ ਦੋਸਤੀ ਬਾਰਬਰਾ ਜਾਰਬਿਕ ਨਾਲ ਹੈ। 23 ਮਈ ਨੂੰ ਉਸ ਨੇ ਕਿਹਾ ਕਿ ਮੈਂ ਉਸ ਨੂੰ ਉਸ ਦੇ ਘਰ ਤੋਂ ਪਿੱਕ ਅੱਪ ਕਰ ਲਵਾਂ, ਪਰ ਜਦੋਂ ਉਹ ਉੱਥੇ ਪਹੁੰਚਿਆ ਤਾਂ 8-10 ਬੰਦਿਆਂ ਨੇ ਮੈਨੂੰ ਘੇਰ ਲਿਆ ਤੇ ਕੁੱਟਣ ਲੱਗੇ। ਇਸ ਪਿੱਛੋਂ ਮੈਨੂੰ ਅਗਵਾ ਕਰ ਲਿਆ ਗਿਆ।' ਹਾਲਾਂਕਿ ਚੌਕਸੀ ਦੇ ਦਾਅਵੇ ਨੂੰ ਉਸ ਦੀ ਪਤਨੀ ਨੇ ਹੀ ਇਕ ਇੰਟਰਵਿਊ ਵਿਚ ਗਲਤ ਸਾਬਤ ਕਰ ਦਿੱਤਾ ਉਨ੍ਹਾਂ ਨੇ ਕਿਹਾ 'ਜਿਸ ਲੜਕੀ ਨੂੰ ਰਹੱਸਮਈ ਲੜਕੀ ਜ਼ਾਲਿਮ ਹਸੀਨ ਜਾਂ ਚੁੜੇਲ ਦੇ ਰੂਪ ਚ ਦਿਖਾਇਆ ਜਾ ਰਿਹਾ ਹੈ, ਉਹ ਅਗਸਤ 2020 ਵਿੱਚ ਐਂਟੀਗੁਆ ਆਈ ਸੀ। ਉੱਥੇ ਹੀ ਉਸ ਦੀ ਚੌਕਸੀ ਦੇ ਨਾਲ ਮੁਲਾਕਾਤ ਹੋਈ ਅਤੇ ਉਹ ਚੌਕਸੀ ਦੇ ਪਾਸ ਵਾਲੇ ਮਕਾਨ 'ਚ ਰਹਿਣ ਲੱਗੀ। ਉਸ ਨੂੰ ਜਿਵੇਂ ਦਿਖਾਇਆ ਜਾ ਰਿਹਾ ਹੈ, ਉਹ ਉਹੋ ਜਿਹੀ ਬਿਲਕੁੱਲ ਨਹੀਂ ਹੈ।÷ ਬਾਰਬਰਾ ਦਾ ਭੇਦ ਦੋ ਮਰਜ਼ੀ ਹੋਵੇ, ਚੌਕਸੀ ਜਿਸ ਤਰ੍ਹਾਂ ਨਾਲ ਤਿੰਨ ਸਾਲਾਂ ਤੋਂ ਭਾਰਤੀ ਏਜੰਸੀਆਂ ਨੂੰ ਮਾਤ ਦੇ ਕੇ ਆਰਾਮ ਦੀ ਜ਼ਿੰਦਗੀ ਜੀ ਰਿਹਾ ਸੀ ਉਸ ਤੋਂ ਸਾਫ਼ ਹੈ ਕਿ ਉਸ ਨੂੰ ਫੜੇ ਜਾਣ ਦਾ ਕੋਈ ਡਰ ਨਹੀਂ ਸੀ। ਅਜਿਹਾ ਹੀ ਹਾਲ ਕਿੰਗਫਿਸ਼ਰ ਏਅਰਲਾਈਨਜ਼ ਦੇ ਸਾਬਕਾ ਪ੍ਰਮੁੱਖ ਅਤੇ ਸਾਬਕਾ ਸਾਂਸਦ ਵਿਜੇ ਮਾਲਿਆ ਦਾ ਹੈ। ਉਹ 2016 ਚ ਭਾਰਤ ਤੋਂ ਫਰਾਰ ਹੈ ਅਤੇ ਲੰਦਨ ਵਿੱਚ ਆਰਾਮ ਦੀ ਜ਼ਿੰਦਗੀ ਜਿਉਂ ਰਿਹਾ ਹੈ। ਕਿੰਗਫਿਸ਼ਰ ਕੈਲੰਡਰ ਛੂਟ ਤੋਂ ਲੈ ਕੇ ਗਲੈਮਰਸ ਪਾਰਟੀਆਂ ਲਈ ਮਸ਼ਹੂਰ ਵਿਜੈ ਮਾਲਿਆ ਉੱਪਰ ਬੈਂਕਾਂ ਦਾ ਕਰੀਬ ਦੱਸ ਹਜ਼ਾਰ ਕਰੋੜ ਰੁਪਏ ਗਬਨ ਕਰਨ ਦਾ ਦੋਸ਼ ਹੈ। ਕਰੀਬ ਪੰਜ ਸਾਲ ਤੋਂ ਉਸ ਨੂੰ ਭਾਰਤ ਲਿਆਉਣ ਦੀ ਕੋਸ਼ਿਸ਼ਾਂ ਜਾਰੀ ਹਨ ਪਰ ਕੁੱਝ ਨਾ ਕੰਝ ਕਾਨੂੰਨੀ ਪੇਚੀਦਗੀਆਂ ਦਾ ਫ਼ਾਇਦਾ ਉਠਾ ਕੇ ਮਾਲਿਆ ਅਜੇ ਤੱਕ ਭਾਰਤ ਆਉਣ ਤੋਂ ਬਚਦਾ ਰਿਹਾ ਹੈ। ਉਸ ਨੇ ਇਕ ਟਵੀਟ ਚ ਕਿਹਾ, 'ਟੀਵੀ ਦੇਖ ਰਿਹਾ ਹਾਂ ਅਤੇ ਵਾਰ ਵਾਰ ਮੇਰਾ ਨਾਂ ਦਾ ਜ਼ਿਕਰ ਧੋਖੇਬਾਜ਼ ਦੇ ਤੌਰ 'ਤੇ ਕੀਤਾ ਜਾ ਰਿਹਾ ਹੈ। ਕੋਈ ਇਹ ਕਿਉਂ ਨਹੀਂ ਮੰਨਦਾ ਹੈ ਕਿੰਗਫਿਸ਼ਰ ਏਅਰਲਾਈਨਜ਼ ਦੇ ਉਧਾਰ ਤੋਂ ਵੱਧ ਦੀ ਮੇਰੀ ਜਾਇਦਾਦ ਈਡੀ ਨੇ ਕੁਰਕ ਕਰ ਲਈ ਹੈ। ਕੀ ਮੈਂ ਕਈ ਵਾਰ ਨਹੀਂ ਕਿਹਾ ਕਿ ਮੈਂ ਸੌ ਫੀਸਦੀ ਉਧਾਰ ਵਾਪਸ ਕਰ ਦਿਆਂਗਾ। ਚੀਟਿੰਗ ਜਾਂ ਫਰਾਡ ਕਿੱਥੇ ਹੈ। ਪਰ ਕੀ ਮਾਲਿਆ ਇਸ ਗੱਲ ਦਾ ਜਵਾਬ ਦੇਣਗੇ ਕਿ ਜੇ ਉਨ੍ਹਾਂ ਦੀ ਨੀਅਤ ਇੰਨੀ ਸਾਫ ਸੀ ਤਾਂ ਚੋਰੀ ਛਿੱਪੇ ਦੇਸ਼ ਛੱਡ ਕੇ ਉਹ ਕਿਉਂ ਭੱਜੇ? ਭਾਰਤ ਤੋਂ ਭੱਜਣ ਪਿਛੋਂ ਮਾਲਿਆ ਇੰਗਲੈਂਡ ਦੇ ਹਰਟਫੋਰਡਸ਼ਾਅਰ ਵਿੱਚ ਸੇਂਟ ਐਲੰਬਸ ਦੇ ਨਜ਼ਦੀਕ ਟਵਿਨ ਪਿੰਡ ਵਿੱਚ ਰਹਿੰਦਾ ਸੀ। ਉੱਥੇ ਤੀਹ ਏਕੜ ਵਿੱਚ ਫੈਲਿਆ ਉਸਦਾ 'ਲੇਡੀਵਾਕ' ਬੰਗਲਾ ਹੈ। ਉਹ ਉਸ ਇਲਾਕੇ ਦਾ ਸਭ ਤੋਂ ਵੱਡਾ ਬੰਗਲਾ ਦੱਸਿਆ ਜਾਂਦਾ ਹੈ। ਮਾਲਿਆ ਦਾ ਪਰਿਵਾਰ ਪਹਿਲਾਂ ਤੋਂ ਹੀ ਵਿਦੇਸ਼ ਵਿੱਚ ਰਹਿੰਦਾ ਹੈ। ਵਿਜੇ ਮਾਲਿਆ ਘੋੜਦੌੜ ਅਤੇ ਕਾਰ ਰੇਸਿੰਗ ਦਾ ਦੀ ਸ਼ੌਕੀਨ ਹੈ। ਟਵਿਨ ਗਾਊਂ ਵਿੱਚ ਉਹ ਘੋੜ ਦੌੜ ਅਤੇ ਕਾਰ ਰੇਸਿੰਗ ਦੇ ਇਵੇਂਟ ਵੀ ਕਰਵਾਉਂਦਾ ਰਹਿੰਦਾ ਹੈ। ਉੱਥੇ ਵੀ ਉਹ ਆਪਣੇ ਸ਼ਾਹੀ ਖਰਚੇ ਦੇ ਲਈ ਮਸ਼ਹੂਰ ਹੈ। ਇਕ ਵਾਰੀ ਉਸ ਨੇ ਕ੍ਰਿਸਮਸ ਦੇ ਮੌਕੇ ਤੇ ਪਿੰਡ ਦੇ ਲੋਕਾਂ ਨੂੰ ਤੇਰਾਂ ਲੱਖ ਦਾ ਕ੍ਰਿਸਮਿਸ ਟ੍ਰੀ ਖ਼ਰੀਦ ਕੇ ਗਿਫਟ ਕਰ ਦਿੱਤਾ ਸੀ। ਉਸ ਨੂੰ ਲੰਡਨ ਵਿਚ ਇਕ ਕ੍ਰਿਕਟ ਮੈਚ ਚ ਵੀ ਉਹ ਦੇਖਿਆ ਗਿਆ ਸੀ। ਗੌਰਤਲਬ ਹੈ ਕਿ ਮਾਲਿਆ ਦੇ ਲਾਈਫ ਸਟਾਈਲ ਵਿੱਚ ਕੋਈ ਬਦਲਾਅ ਨਹੀਂ ਆਇਆ। ਹਾਲਾਂ ਕਿ ਐਸ਼ੋ ਇਸ਼ਰਤ ਭਰੀ ਇਸ ਜ਼ਿੰਦਗੀ ਦਾ ਸੱਚ ਸਾਹਮਣੇ ਆਉਣ ਤੇ ਉਸ ਨੇ ਬੜਾ ਰੌਚਿਕ ਬਿਆਨ ਦਿੱਤਾ। ਉਸ ਨੇ ਕਿਹਾ, 'ਮੇਰੇ ਪਾਸ ਪੈਸੇ ਨਹੀਂ ਬਚੇ ਹਨ। ਮੈਂ ਜੀਵਨ ਬਤੀਤ ਕਰ ਰਿਹਾ ਹਾਂ।' ਇਕ ਹੋਰ ਭਗੌੜੇ ਨੀਰਵ ਮੋਦੀ ਦਾ ਵੀ ਇਹੀ ਹਾਲ ਹੈ, ਜੋ ਫਿਲਹਾਲ ਬ੍ਰਿਟੇਨ ਦੀ ਜੇਲ੍ਹ ਵਿੱਚ ਬੰਦ ਹੈ। ਉਸ ਨੂੰ ਮਾਰਚ 2019 ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਪਰ ਗ੍ਰਿਫ਼ਤਾਰੀ ਤੋਂ ਪਹਿਲਾਂ ਉਸ ਦਾ ਜੀਵਨ ਦੂਜੇ ਭਗੌੜਿਆਂ ਦੀ ਤਰ੍ਹਾਂ ਕੁਝ ਘੱਟ ਐਸ਼ੋ ਆਰਾਮ ਵਾਲਾ ਨਹੀਂ ਸੀ। ਗ੍ਰਿਫ਼ਤਾਰੀ ਤੋਂ ਪਹਿਲਾਂ ਉਸ ਨੇ ਆਪਣਾ ਹੀਰਿਆਂ ਦਾ ਕਾਰੋਬਾਰ ਫਿਰ ਤੋਂ ਲੰਡਨ ਵਿੱਚ ਖੜ੍ਹਾ ਕਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਪਾਸ਼ ਇਲਾਕੇ ਵਿੱਚ ਉਸ ਨੇ ਆਪਣਾ ਦਫਤਰ ਵੀ ਬਣਾ ਲਿਆ ਸੀ। ਜਦ ਉਸ ਨੂੰ ਲੰਡਨ ਦੀਆਂ ਸੜਕਾਂ ਤੇ ਦੇਖਿਆ ਗਿਆ ਤਾਂ ਉਸ ਦੀ ਜੈਕਟ ਨੇ ਕਾਫੀ ਸੁਰਖੀਆਂ ਬਟੋਰੀਆਂ ਸਨ। ਉਸ ਨੇ ਕੋਈ ਆਮ ਜੈਕਟ ਨਹੀਂ ਪਹਿਨ ਰੱਖੀ ਸੀ। ਉਸ ਜੈਕਟ ਦੀ ਕੀਮਤ ਕਰੀਬ ਦੱਸ ਹਜ਼ਾਰ ਪੌਂਡ (ਨੌਂ ਲੱਖ ਰੁਪਏ) ਸੀ, ਜੋ ਸ਼ੁਤਰਮੁਰਗ ਦੇ ਚਮੜੇ ਅਤੇ ਪੰਖ ਤੋਂ ਬਣੀ ਸੀ। ਸ਼ੁਤਰਮੁਰਗ ਤੇ ਚਮੜੇ ਤੋਂ ਪਰਸ, ਬੈਗ, ਜੈਕਟ ਅਤੇ ਬੂਟ ਵਰਗੇ ਲਗਜ਼ਰੀ ਪ੍ਰੋਡਕਟ ਬਣਾਏ ਜਾਂਦੇ ਹਨ। ਇਹ ਸੂਚੀ ਇਨ੍ਹਾਂ ਤਿੰਨ ਲੋਕਾਂ ਤੱਕ ਹੀ ਖ਼ਤਮ ਨਹੀਂ ਹੁੰਦੀ। ਫਰਵਰੀ 2020 'ਚ ਕੇਂਦਰ ਸਰਕਾਰ ਨੇ ਸੰਸਦ ਵਿੱਚ ਕਿਹਾ ਸੀ ਕਿ ਬਹੱਤਰ ਅਜਿਹੇ ਭਾਰਤੀ ਹਨ ਤਿੰਨੋਂ ਤੇ ਆਰਥਿਕ ਅਪਰਾਧ ਦੇ ਦੋਸ਼ਾਂ ਹਨ ਤੇ ਉਨ੍ਹਾਂ ਨੂੰ ਵਿਦੇਸ਼ਾਂ ਤੋਂ ਵਾਪਸ ਲਿਆਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਹੁਣ ਤੱਕ ਦੋ ਭਾਰਤੀ ਵਿਦੇਸ਼ਾਂ ਤੋਂ ਵਾਪਸ ਭਾਰਤ ਲਿਆਂਦੇ ਜਾ ਚੁੱਕੇ ਹਨ-ਵਿਨੇ ਮਿੱਤਲ ਅਤੇ ਸੰਨੀ ਕਾਲਰਾ। ਵਿਨੈ ਮਿੱਤਲ ਨੂੰ 2018 ਵਿੱਚ ਇੰਡੋਨੇਸ਼ੀਆ ਤੋਂ ਭਾਰਤ ਲਿਆਂਦਾ ਗਿਆ ਸੀ। ਉਸ ਤੇ ਸੱਤ ਬੈਂਕਾਂ ਦੇ ਚਾਲੀ ਕਰੋੜ ਰੁਪਏ ਦੇ ਗਬਨ ਦਾ ਦੋਸ਼ ਹੈ। ਸਨੀ ਕੱਲਰਾਂ ਨੂੰ ਮਾਰਚ 2020 'ਚ ਸੀ ਬੀ ਆਈ ਦੇਸ਼ ਲੈ ਕੇ ਆਈ। ਉਸ ਤੇ ਪੀਐਨਬੀ ਦੇ ਦੱਸ ਕਰੋੜ ਰੁਪਏ ਦੇ ਗਬਨ ਦਾ ਕੇਸ ਚੱਲ ਰਿਹਾ ਹੈ। ਇਸ ਤੋਂ ਇਲਾਵਾ ਨਿਸ਼ਾਲ ਮੋਦੀ, ਲਲਿਤ ਮੋਦੀ, ਦੀਪਤੀ ਸੀ, ਸ਼ੰਦੇਸਰਾ, ਸੰਜੇ ਕਾਲੜਾ, ਐਸ ਕੇ ਕਾਲੜਾ, ਆਰਤੀ ਕਾਲੜਾ, ਵਰਸ਼ਾ ਕਾਲੜਾ, ਕਮਲੇਸ਼ ਪਾਰਿਖ, ਨੀਲੇਸ਼ ਪਾਰਿਖ ਵਰਗੇ ਲੋਕਾਂ ਦੇ ਨਾਂ ਵੀ ਸ਼ਾਮਲ ਹਨ। ਇਹ ਭਗੌੜੇ ਵਿਜੇ ਮਾਲਿਆ, ਨੀਰਵ ਮੋਦੀ, ਮੇਹੁਲ ਚੌਕਸੀ ਦੀ ਤਰ੍ਹਾਂ ਜ਼ਿਆਦਾ ਚਰਚਾ ਵਿਚ ਨਹੀਂ ਰਹੇ। ਪਰ ਬੈਂਕਾਂ ਦਾ ਪੈਸਾ ਲੁੱਟ ਕੇ ਉਹ ਸਭ ਵਿਦੇਸ਼ਾਂ ਵਿਚ ਠਾਠ ਨਾਲ ਜੀਵਨ ਬਿਤਾ ਰਹੇ ਹਨ। ਇਨ੍ਹਾਂ ਭਗੌੜਿਆਂ ਨੂੰ ਭਾਰਤ ਵਾਪਸ ਲਿਆਉਣ ਵਿੱਚ ਸਭ ਤੋਂ ਵੱਡੀ ਸਮੱਸਿਆ ਹਵਾਲਗੀ ਸੰਧੀ ਦੀ ਹੈ। ਭਾਰਤ ਦੀ ਦੁਨੀਆਂ ਦੇ 58 ਦੇਸ਼ਾਂ ਨਾਲ ਹਵਾਲਗੀ ਸਬੰਧੀ ਹੈ। ਅਜਿਹੇ ਵਿੱਚ ਭਗੌੜੇ ਜਾਣਬੁੱਝ ਕੇ ਅਜਿਹੇ ਦੇਸ਼ਾਂ ਵੱਲ ਰੁਖ਼ ਕਰਦੇ ਹਨ, ਜਿੱਥੋਂ ਉਨ੍ਹਾਂ ਦੀ ਹਵਾਲਗੀ ਆਸਾਨ ਨਹੀਂ ਹੈ। ਇਨ੍ਹਾਂ ਪ੍ਰਸਥਿਤੀਆਂ ਵਿੱਚ ਭਾਰਤ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਅਜਿਹੇ ਅਪਰਾਧੀਆਂ ਨੂੰ ਨਾ ਸਿਰਫ਼ ਅਪਰਾਧ ਕਰਨ ਤੋਂ ਰੋਕਣਾ ਬਲਕਿ ਉਨ੍ਹਾਂ ਨੂੰ ਕਿਸੇ ਵੀ ਹਾਲਤ 'ਚ ਦੇਸ਼ ਛੱਡ ਕੇ ਭੱਜਣ ਨਾ ਦੇਣ। ਜੋ ਲੋਕ ਚਲੇ ਗਏ ਹਨ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਭਾਰਤ ਲਿਆਂਦਾ ਜਾਵੇ ਅਤੇ ਕਾਨੂੰਨ ਦੇ ਮੁਤਾਬਕ ਸਜ਼ਾ ਦਿੱਤੀ ਜਾਵੇ। ਜੇ ਐਸਾ ਹੋਵੇਗਾ ਤਾਂ ਦੂਸਰਿਆਂ ਦੇ ਲਈ ਇਹ ਕਦਮ ਮਿਸਾਲ ਬਣੇਗਾ ਅਤੇ ਉਹ ਅਪਰਾਧ ਕਰਨ ਤੋਂ ਡਰਨਗੇ।



## ਇੱਕ ਸ਼ਖਸ ਜੋ ਸ਼ਖ਼ਸੀਅਤ ਸੀ - ਚਲਾ ਗਿਆ ਹੈ !

# ਅਣਥੱਕ ਯੋਧਾ ਬਲਵੰਤ ਸਿੰਘ ਖੇੜਾ

(1935-2023)

ਐਸ.ਪੀ. ਸਿੰਘ



ਸੀਨੇ ਖਿੱਚ ਜਿਨ੍ਹਾਂ ਨੇ ਖਾਧੀ...

ਜਦੋਂ ਪਹਿਲੀ ਵਾਰੀ ਮਿਲਿਆ ਸਾਂ ਤਾਂ ਮੈਂ ਉਹਨਾਂ ਨੂੰ ਪੁੱਛਿਆ ਸੀ – ਸੋਸ਼ਲਿਸਟ ਕਿਵੇਂ ਬਣੇ? ਅੱਜ ਤੱਕ ਉਹਨਾਂ ਦਾ ਜਵਾਬ ਯਾਦ ਹੈ। ਕਹਿੰਦੇ ਅਰਸਤੂ ਆਖਦਾ ਸੀ ਬੰਦਾ ਸਮਾਜਿਕ ਪ੍ਰਾਣੀ ਹੁੰਦਾ ਹੈ। ਸੋਸ਼ਲਿਸਟ ਮਤਲਬ ਸਮਾਜਿਕ। ਬੰਦਾ ਬਣਨ ਦਾ ਦੂਜਾ ਕੋਈ ਰਾਹ ਹੀ ਨਹੀਂ ਲੱਭਿਆ। ਸੋਸ਼ਲ ਵੀ ਹੋਣਾ ਸੀ, ਪੁਲੀਟੀਕਲ ਵੀ ਹੋਣਾ ਸੀ, ਸੋ, ਸੋਸ਼ਲਿਸਟ ਬਣ ਗਏ।

ਪੇਚੀਦਾ ਅਤੇ ਮੁਸ਼ਕਿਲ ਘੋਲਾਂ ਦਾ ਅਣਥੱਕ ਯੋਧਾ, ਮਾਲਟਾ ਕਿਸ਼ਤੀ ਕਾਂਡ ਦੇ ਗੁਨਾਹਗਾਰਾਂ ਦੇ ਡਰਾਉਣੇ ਸੁਪਨਿਆਂ ਵਿੱਚ ਆਉਣ ਵਾਲਾ, ਅਕਾਲੀ ਦਲ ਦੇ ਦੋ ਸੰਵਿਧਾਨ ਕਿਓਂ ਹਨ, ਇਹ ਔਖਾ ਸਵਾਲ ਪੁੱਛਣ ਵਾਲਾ ਅਤੇ ਬੁਢਾਪਾ ਨਾਮ ਹੀ ਕਿਸ ਬਲਾ ਦਾ ਹੈ, ਐਸੇ ਅੰਦਾਜ਼ ਵਿੱਚ ਜ਼ਿੰਦਗੀ ਜਿਊਣ ਵਾਲਾ ਮਹਾਨ ਸ਼ਖਸ – ਤਾ'ਉਮਰ ਸੋਸ਼ਲਿਸਟ ਅਤੇ ਲੋਕ ਪੱਖੀ ਜੀਵਨ ਜਾਚ ਦਾ ਮੁਜੱਸਮਾ - ਬਲਵੰਤ ਸਿੰਘ ਖੇੜਾ ਸਾਥੋਂ ਵਿਦਾ ਲੈ ਗਿਆ ਹੈ।

ਇੱਕ ਉਮਰ ਲੱਗ ਜਾਂਦੀ ਹੈ ਆਦਮੀ ਨੂੰ ਸ਼ਖਸ ਤੋਂ ਸ਼ਖ਼ਸੀਅਤ ਬਣਨ ਲਈ। ਉਹ ਉਮਰ ਸਰਦਾਰ ਬਲਵੰਤ ਸਿੰਘ ਖੇੜਾ ਹੋਰਾਂ ਨੇ ਬਾਕਾਇਦਾ ਲਾਈ। ਜਿਹੜੀ ਇੱਜ਼ਤ ਉਹਨਾਂ ਕਮਾਈ, ਕੁੱਲ ਦੁਨੀਆ ਜਾਣਦੀ ਹੈ।

90ਵਿਆਂ ਦੇ ਛੇਕੜਲੇ ਸਾਲਾਂ ਵਿੱਚ ਜਿਨ੍ਹੀਂ ਦਿਨੀਂ ਉਹਨਾਂ ਨੂੰ ਪਹਿਲੀ ਵਾਰੀ ਮਿਲਿਆਂ ਸਾਂ, ਉਦੋਂ ਹਾਲੇ ਯੂਨਾਨ ਦੇ ਠੰਡੇ ਯੱਖ ਪਾਣੀਆਂ ਵਿੱਚ ਡੁੱਬੇ ਪੰਜਾਬੀ ਨੌਜਵਾਨਾਂ ਦੀ ਦਾਸਤਾਨ ਬਾਰੇ ਪੱਤਰਕਾਰਾਂ ਵਿੱਚ ਦਿਲਚਸਪੀ ਬਾਕੀ ਸੀ। ਬਾਅਦ ਵਿੱਚ ਖੇੜਾ ਸਾਹਿਬ ਕਦੀ ਕਦੀ ਗ਼ਿਲਾ ਕਰਦੇ ਕਿ ਹੁਣ ਤਾਂ ਐਸੇ ਪੱਤਰਕਾਰ ਮਿਲਦੇ ਹਨ ਜਿਨ੍ਹਾਂ ਨੂੰ ਮਾਲਟਾ ਕਾਂਡ ਬਾਰੇ ਕੁੱਝ ਨਹੀਂ ਪਤਾ ਹੁੰਦਾ। ਬਸ ਵਿੱਚ ਸਵਾਰ ਹੋ ਕੇ ਚੰਡੀਗੜ੍ਹ ਆਉਂਦੇ, ਲਾਲਾ ਲਾਜਪਤ ਰਾਏ ਭਵਨ ਦੇ ਬਿਲਕੁੱਲ ਸਧਾਰਣ ਜਿਹੇ ਕਮਰੇ ਵਿੱਚ ਠਹਿਰਦੇ। ਹਮੇਸ਼ਾਂ ਕਿਸੇ ਮੁਹਿੰਮ ਵਿੱਚ ਰਹਿੰਦੇ। ਕਦੀ ਜ਼ਿਲ੍ਹੇ ਦੀ ਅਦਾਲਤ ਵਿੱਚ ਕੋਈ ਅਰਜ਼ੀ, ਕਦੀ ਵਡੇਰੀ ਅਦਾਲਤ ਵਿੱਚ ਕੋਈ ਸੁਣਵਾਈ। ਪ੍ਰਸ਼ਾਂਤ ਭੂਸ਼ਨ ਤੋਂ ਲੈ ਕੇ ਕਿੱਡੇ ਕਿੱਡੇ ਵੱਡੇ ਵਕੀਲ ਉਹਨਾਂ ਦੀ ਗੱਲ ਵੱਲ ਕੰਨ ਧਰਦੇ, ਅਤੇ ਆਪਣੇ ਆਪ ਨੂੰ ਕਹਿੰਦੇ ਕਹਾਉਂਦੇ ਵੀ ਸੋਚਦੇ ਬਾਪੂ 'ਕੱਲ੍ਹਾ ਹੀ ਕਿੰਨਿਆਂ ਨੂੰ ਭਾਜੜ ਪਾਈ ਰੱਖਦਾ ਹੈ। ਅਕਾਲੀ ਦਲ ਦੇ ਦੋ ਸੰਵਿਧਾਨ ਵਾਲੇ ਕੇਸ ਦੇ ਸੈਂਕੜੇ ਦਸਤਾਵੇਜ਼ ਉਹਨਾਂ ਨੇ ਮੇਰੇ ਹਵਾਲੇ ਕੀਤੇ ਤਾਂ ਮੈਂ ਲੰਮੀ ਚੌੜੀ ਤਹਿਰੀਰ ਲਿੱਖੀ। ਸਾਲਾਂ ਤੱਕ ਉਹ ਇਹਦਾ ਜ਼ਿਕਰ ਕਰਦੇ ਰਹੇ। ਨਾਲ ਹੀ ਇਹ ਯਾਦ ਕਰਵਾਉਂਦੇ ਕਿ ਕਿਵੇਂ ਮੈਂ ਸਾਰੇ ਦਸਤਾਵੇਜ਼ ਤਰਤੀਬ ਅਨੁਸਾਰ ਫ਼ਾਈਲਾਂ ਵਿੱਚ ਰੱਖੇ, ਸਾਰੀਆਂ ਫ਼ਾਈਲਾਂ ਉੱਤੇ ਨੰਬਰ ਲਾਏ, ਅਤੇ ਵਾਪਸ ਉਹਨਾਂ ਨੂੰ ਪੁਚਾਏ। ਉਹਨਾਂ ਨੂੰ ਕੀ ਪਤਾ ਕਿ ਜਿੰਨ੍ਹੇ ਸਲੀਕੇ ਨਾਲ ਉਹ ਹਰ ਦਸਤਾਵੇਜ਼ ਸਾਂਭ ਕੇ ਰੱਖਦੇ ਸਨ, ਮੈਨੂੰ ਡਰ ਲੱਗਿਆ ਹੋਇਆ ਸੀ ਕਿ ਇੱਕ ਵੀ ਕਾਗਜ਼ ਐਧਰ ਉੱਧਰ ਹੋ ਗਿਆ, ਖੇੜਾ ਸਾਹਿਬ ਗੁੱਸੇ ਹੋ ਸਕਦੇ ਹਨ।

ਉਹ ਅਕਸਰ ਪ੍ਰਸ਼ਾਂਤ ਭੂਸ਼ਨ ਨਾਲ ਹਾਲੀਆ ਹੋਈ ਕਿਸੇ ਗੱਲ ਦਾ ਜ਼ਿਕਰ ਕਰਦੇ। ਗੱਲਾਂ ਗੱਲਾਂ ਵਿੱਚ ਕਦੀ ਜੇ.ਪੀ (ਜੈ ਪ੍ਰਕਾਸ਼ ਨਾਰਾਇਣ) ਦਾ ਜ਼ਿਕਰ ਛਿੜਦਾ, ਕਦੀ ਮਰਹੂਮ ਸੁਰਿੰਦਰ ਮੋਹਨ ਜੀ ਦਾ।

2010 ਦੀਆਂ ਸਰਦੀਆਂ ਸਨ ਜਦੋਂ ਸੋਸ਼ਲਿਸਟ ਚਿੰਤਕ ਅਤੇ ਰਾਜਸੀ ਨੇਤਾ ਅਤੇ ਰਾਜ ਸਭਾ ਦੇ ਸਾਬਕਾ ਐੱਮ.ਪੀ. ਸੁਰਿੰਦਰ ਮੋਹਨ ਹੋਰਾਂ ਦਾ ਦਿਹਾਂਤ ਹੋਇਆ ਤਾਂ ਖੇੜਾ ਸਾਹਿਬ ਦਾ ਸਵੇਰੇ ਸਵੇਰੇ ਫੋਨ ਆਇਆ। ਕਹਿਣ ਲੱਗੇ ਸ਼ਾਇਦ ਆਖਰੀ ਸੋਸ਼ਲਿਸਟ ਲੀਡਰ ਚਲਾ ਗਿਆ ਹੈ। ਮੈਂ ਆਖਿਆ ਨਿੱਠ ਕੇ ਬੈਠੋ – ਹਾਲੇ ਤੁਸੀਂ ਕਾਇਮ ਦਾਇਮ ਹੋ। ਕਹਿੰਦੇ, 'ਐੱਸ ਪੀ ਸਿੰਘ (ਹਮੇਸ਼ਾ ਪੂਰਾ ਨਾਮ ਲੈਂਦੇ ਸਨ ਸਭ ਦਾ), ਤੂੰ ਨੋਟਿਸ ਕੀਤਾ ਹੈ ਕਿ ਕਿਸੇ ਅਖ਼ਬਾਰ ਨੇ ਪਹਿਲੇ ਪੈਰੇ ਵਿੱਚ ਨਹੀਂ ਲਿਖਿਆ ਕਿ ਉਹ ਸਾਬਕਾ ਐੱਮ.ਪੀ ਸੀ? ਉਹ ਉਸ ਤੋਂ ਬਾਅਦ ਵੀ ਬੜਾ ਸਰਗਰਮ ਰਿਹਾ। ਉਹਦਾ ਐੱਮ.ਪੀ. ਹੋਣਾ ਤਾਂ ਐਵੇਂ ਜ਼ਿਕਰ ਮਾਤਰ ਗੱਲ ਹੈ। ਬਈ, ਸੱਚੀਂ ਬੜਾ ਵੱਡਾ ਮਨੁੱਖ ਸੀ।'

ਖੇੜਾ ਸਾਹਿਬ ਨਾਲ ਆਖਰੀ ਮਿਲਣੀ ਇਸੇ ਨਵੰਬਰ ਮਹੀਨੇ ਦੀ ਪੰਜ ਤਰੀਕ ਨੂੰ ਹੋਈ ਸੀ। ਅਤਿ ਦੇ ਹਸਾਸ ਲੇਖਕ ਅਤੇ ਨਿੱਠ ਕੇ ਪੜ੍ਹਨ ਵਾਲੇ ਮਦਨ ਵੀਰਾ ਨੂੰ ਸ਼ਾਇਦ ਵਰ੍ਹਿਆਂ ਨਾਲ ਉਮਰ ਦਾ ਪਾਸਾ ਖੇਡਣ ਵਾਲੀ ਖੇਡ ਬਾਰੇ ਕੋਈ ਅਗੰਮੀ ਅਹਿਸਾਸ ਸੀ, ਇਸ ਲਈ ਉਸ ਨੇ ਵਾਹੋ ਦਾਹੀ ਅਤੀਤ ਦੇ ਤਹਿਖ਼ਾਨੇ ਵਿੱਚੋਂ ਚੁਣ ਕੇ ਖੇੜਾ ਸਾਹਿਬ ਦੀਆਂ ਲਿਖਤਾਂ ਕੱਢੀਆਂ ਅਤੇ ਕਿਤਾਬੀ ਰੂਪ ਵਿੱਚ ਤਸ਼ਕੀਲ ਕੀਤੀਆਂ। ਖੇੜਾ ਸਾਹਿਬ ਦੀ ਕਰਮਭੂਮੀ ਹੁਸ਼ਿਆਰਪੁਰ ਵਿੱਚ ਹੀ ਪੰਜ ਨਵੰਬਰ ਨੂੰ ਇਸ ਪੁਸਤਕ ਦਾ ਰਿਲੀਜ਼ ਸਮਾਰੋਹ ਰੱਖਿਆ ਸੀ। ਮਦਨ ਵੀਰਾ ਵਾਰ ਵਾਰ ਕਹਿ ਰਹੇ ਸਨ ਕਿ ਉਹ ਸੰਪਾਦਨ ਵਾਲਾ ਕੰਮ ਉਵੇਂ ਨਹੀਂ ਕਰ ਸਕੇ ਜਿਵੇਂ ਅਕਸਰ ਕਰਦੇ ਹਨ ਕਿਉਂਜੋ ਵਕਤ ਬਹੁਤ ਘੱਟ ਸੀ। ਸ਼ਾਇਦ ਮੈਂ ਹੀ ਉਦੋਂ ਨਹੀਂ ਸਮਝ ਸਕਿਆ। ਮਦਨ ਸ਼ਾਇਦ ਜਾਣਦੇ ਸਨ – ਵਕਤ ਸੱਚਮੁੱਚ ਬਹੁਤ ਘੱਟ ਸੀ।

ਵੱਡੇ ਆਦਮੀ ਆਪਣੇ ਆਲੇ ਦੁਆਲੇ ਵੱਡੇ ਲੋਕ ਇਕੱਠੇ ਕਰ ਲੈਂਦੇ ਹਨ। ਦਿੱਲੀ ਹਾਈ ਕੋਰਟ ਜਾਂ ਸੁਪਰੀਮ ਕੋਰਟ ਵਿੱਚ ਵੀ ਉਹਨਾਂ ਦੀ ਵਕੀਲ Indira Unninayar ਹੁੰਦੀ ਜਿਹੜੀ ਆਪ ਐਕਟੀਵਿਸਟ ਅਤੇ ਅਮਨ ਲਹਿਰ ਦੀ ਮੁਦਈ ਹੈ। ਉਸ ਦਿਨ 5 ਨਵੰਬਰ ਨੂੰ ਬਲਵੰਤ ਸਿੰਘ ਖੇੜਾ ਹੋਰਾਂ ਨਾਲ ਸਮਾਜਿਕ ਕਾਰਕੁੰਨ, Magsaysay Awardee ਅਤੇ IIT'ian ਅਤੇ ਅਮਰੀਕਾ ਦੀ University of California, Berkeley ਤੋਂ PhD ਕਰਨ ਵਾਲੇ ਪ੍ਰੋ ਸੰਦੀਪ ਪਾਂਡੇਯ ਬੈਠੇ ਸਨ। ਦੂਜੇ ਵੰਨ੍ਹੇ ਡਾ ਪਿਆਰਾ ਲਾਲ ਗਰਗ ਬੈਠੇ ਸਨ। ਅਸੀਂ ਦੋ ਚਾਰ ਜਣੇ ਪਾਸੇ ਖੜ੍ਹੇ ਗੱਲਾਂ ਕਰ ਰਹੇ ਸਾਂ ਅਤੇ ਪ੍ਰਸ਼ਾਂਤ ਭੂਸ਼ਨ, ਸੁਰਿੰਦਰ ਮੋਹਨ ਦਾ ਵੀ ਜ਼ਿਕਰ ਚੱਲ ਰਿਹਾ ਸੀ ਜਦੋਂ ਕਿਸੇ ਆਖਿਆ, ਖ਼ੌਰੇ ਕਦੋਂ ਹੁਣ ਪੈਦਾ ਹੋਇਆ ਕਰਨਗੇ ਇਹੋ ਜਿਹੇ ਦਿਓ ਕਦ ਮਨੁੱਖ? ਅੱਜ ਇੱਕ ਹੋਰ ਗਵਾ ਲਿਆ ਹੈ!

ਬਲਵੰਤ ਸਿੰਘ ਖੇੜਾ ਕੁੱਝ ਦਿਨਾਂ ਤੋਂ ਬਿਮਾਰ ਚਲ ਰਹੇ ਸਨ। ਲੁਧਿਆਣਾ ਦਯਾਨੰਦ ਮੈਡੀਕਲ ਹਸਪਤਾਲ ਵਿੱਚ ਜ਼ੇਰੇ ਇਲਾਜ ਸਨ। ਹੁਣ ਖ਼ਾਲਿਕ ਕੋਲ ਤੁਰ ਗਏ ਹਨ। ਕਾਇਨਾਤ ਨੂੰ ਕੋਈ ਵੱਡਾ ਘਾਟਾ ਪਿਆ ਹੈ। ਬਈ, ਸੱਚੀਂ ਬੜਾ ਵੱਡਾ ਮਨੁੱਖ ਸੀ।

# ਸੂਬਿਆਂ ਦੀਆਂ ਰਾਜਧਾਨੀਆਂ 'ਚ ਕਿਸਾਨਾਂ ਦੇ ਤਿੰਨ ਰੋਜ਼ਾ ਧਰਨੇ ਅਤੇ ਕਿਸਾਨ ਮੰਗਾਂ

ਨਵਕਿਰਨ ਸਿੰਘ ਪੱਤੀ
n4navkiran@gmail.com

ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ਤਹਿਤ ਕਈ ਸੂਬਿਆਂ ਦੀਆਂ ਰਾਜਧਾਨੀਆਂ ਵਿੱਚ ਦਿੱਤੇ ਗਏ ਤਿੰਨ ਰੋਜ਼ਾ ਧਰਨਿਆਂ ਨੇ ਕਿਸਾਨ ਅੰਦੋਲਨ ਵਿੱਚ ਮੁੜ ਦਿੱਲੀ ਦੇ ਬਾਰਡਰਾਂ ਵਾਲੀ ਰੂਹ ਪਾ ਦਿੱਤੀ ਹੈ। ਦਿੱਲੀ ਦੇ ਬਾਰਡਰਾਂ 'ਤੇ ਚੱਲੇ ਲੰਮੇ ਕਿਸਾਨ ਅੰਦੋਲਨ ਨੇ ਜਿੱਥੇ ਮੋਦੀ ਸਰਕਾਰ ਨੂੰ ਤਿੰਨ ਕਾਲੇ ਕਾਨੂੰਨ ਵਾਪਸ ਲੈਣ ਲਈ ਮਜਬੂਰ ਕੀਤਾ ਸੀ ਉੱਥੇ ਹੀ ਦੁਨੀਆਂ ਭਰ ਵਿੱਚ ਇਸ ਕਿਸਾਨ ਅੰਦੋਲਨ ਨੇ ਇੱਕ ਗਹਿਰੀ ਛਾਪ ਛੱਡੀ ਸੀ। ਖੇਤੀ ਕਾਨੂੰਨਾਂ ਖਿਲਾਫ ਚੱਲੇ ਕਿਸਾਨ ਅੰਦੋਲਨ ਨੇ ਦੇਸ਼ ਦੇ ਕਿਰਤੀ ਲੋਕਾਂ ਤੇ ਕੁਦਰਤੀ ਖਜ਼ਾਨਿਆਂ ਦੀ ਲੁੱਟ ਲਈ ਕਾਰਪੋਰੇਟ ਘਰਾਣਿਆਂ ਦੇ ਸਰਕਾਰਾਂ ਨਾਲ ਗੱਠਜੋੜ ਨੂੰ ਬੇਪਰਦ ਕੀਤਾ ਸੀ। ਇਸੇ ਕਰਕੇ ਦੁਨੀਆਂ ਦੇ ਕਈ ਪੂੰਜੀਵਾਦੀ ਮੁਲਕਾਂ ਦੇ ਕਿਸਾਨਾਂ 'ਤੇ ਇਸ ਅੰਦੋਲਨ ਦਾ ਅਸਰ ਨਜ਼ਰ ਆਇਆ ਸੀ। ਪਿਛਲੇ ਦੋ ਸਾਲਾਂ ਦਰਮਿਆਨ ਸੰਯੁਕਤ ਕਿਸਾਨ ਮੋਰਚਾ ਕਈ ਮੋੜਾਂ-ਘੋੜਾਂ ਵਿੱਚੋਂ ਲੰਘਿਆ ਜਿਨ੍ਹਾਂ ਵਿੱਚ ਮੋਰਚੇ ਦੇ ਕੁੱਝ ਅੰਦਰੂਨੀ ਮੁੱਦੇ ਵੀ ਅਣ ਸੁਲਝੇ ਨਜ਼ਰ ਆਏ, ਲੇਕਿਨ ਸੰਯੁਕਤ ਕਿਸਾਨ ਮੋਰਚੇ ਵੱਲੋਂ ਸੂਬਿਆਂ ਦੀਆਂ ਰਾਜਧਾਨੀਆਂ ਵਿੱਚ 26 ਨਵੰਬਰ 2023 ਤੋਂ ਤਿੰਨ ਦੇ ਦਿਨ ਦੇ ਧਰਨਿਆਂ ਦੇ ਸੱਦੇ ਨੇ ਮੋਰਚੇ ਨੂੰ ਮੁੜ ਮਜਬੂਤੀ ਦਿੱਤੀ ਹੈ। ਦਿੱਲੀ ਸਿਵਲ ਲਾਈਨਜ਼, ਚੰਡੀਗੜ੍ਹ, ਸ਼ਿਮਲਾ, ਵਿਜੈਵਾੜਾ, ਚੇਨਈ, ਬੰਗਲੂਰੂ, ਦੇਹਰਾਦੂਨ, ਸ੍ਰੀਨਗਰ, ਲਖਨਊ, ਪਟਨਾ, ਰਾਂਚੀ, ਕੋਲਕਾਤਾ, ਤਿਰੂਵਨੰਤਪੁਰਮ, ਗੁਹਾਟੀ, ਭੁਵਨੇਸ਼ਵਰ ਸਮੇਤ ਕਈ ਰਾਜਾਂ ਦੀਆਂ ਰਾਜਧਾਨੀਆਂ ਵਿੱਚ ਪਹੁੰਚੇ ਵੱਡੀ ਗਿਣਤੀ ਕਿਸਾਨਾਂ ਨੇ ਕੇਂਦਰ ਤੇ ਸੂਬਾਈ ਸਰਕਾਰਾਂ ਖਿਲਾਫ ਸੰਘਰਸ਼ ਦਾ ਬਿਗੁਲ ਵਜਾਉਂਦਿਆਂ ਆਪਣੀਆਂ ਹੱਕੀ ਮੰਗਾਂ ਨੂੰ ਬੁਲੰਦ ਕੀਤਾ ਹੈ। ਬਣਦਾ ਤਾਂ ਇਹ ਸੀ ਕਿ ਕਿਸਾਨਾਂ ਨੂੰ ਰਾਜ ਭਵਨ ਤੱਕ ਜਾਣ ਦਿੱਤਾ ਜਾਂਦਾ ਪਰ ਕੇਂਦਰੀ ਤੇ ਸੂਬਾਈ ਸਰਕਾਰਾਂ ਨੇ ਆਪਣੇ ਲੋਕ ਵਿਰੋਧੀ ਕਿਰਦਾਰ ਅਨੁਸਾਰ ਕਿਸਾਨਾਂ ਨੂੰ ਉਹਨਾਂ ਦੀਆਂ ਆਪਣੀਆਂ ਹੀ ਰਾਜਧਾਨੀਆਂ ਵਿੱਚ ਜਾਣ ਤੋਂ ਰੋਕਣ ਲਈ ਪੁਲਿਸ, ਪੈਰਾ ਮਿਲਟਰੀ ਫੋਰਸ ਲਗਾ ਕੇ ਬੈਰੀਕੇਡਿੰਗ ਕੀਤੀ। ਪੰਜਾਬ ਤੋਂ ਆਏ ਕਿਸਾਨਾਂ ਨੂੰ ਮੋਹਾਲੀ ਵਿੱਚ ਰੋਕ ਲਿਆ ਗਿਆ ਤੇ ਹਰਿਆਣਾ ਤੋਂ ਆਏ ਕਿਸਾਨਾਂ ਨੂੰ ਪੰਚਕੂਲਾ ਵਿਖੇ ਰੋਕ ਲਿਆ ਗਿਆ। ਉਂਝ ਕਿਸਾਨਾਂ ਵਿੱਚ ਸੰਘਰਸ਼ ਸਬੰਧੀ ਉਤਸ਼ਾਹ ਇਸ ਕਦਰ ਨਜ਼ਰ ਆਇਆ ਕਿ 25 ਨਵੰਬਰ ਨੂੰ ਹੀ ਕਾਫਲੇ ਚੰਡੀਗੜ੍ਹ ਵੱਲ ਹੋ ਤੁਰੇ ਤੇ 26 ਨਵੰਬਰ ਨੂੰ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਪੁੱਜੇ ਕਿਸਾਨਾਂ ਵੱਲੋਂ ਜਗਤਪੁਰਾ ਟੀ-ਪੁਆਇੰਟ (ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ) ਉੱਤੇ ਤਿੰਨ ਦਿਨਾਂ ਰੋਸ ਮੁਜ਼ਾਹਰਾ ਸ਼ੁਰੂ ਕੀਤਾ। ਦਿੱਲੀ ਅੰਦੋਲਨ ਵਾਂਗ ਇਸ ਵਾਰ ਵੀ ਕਿਸਾਨ ਟਰੈਕਟਰ-ਟਰਾਲੀਆਂ ਅਤੇ ਹੋਰ ਵਾਹਨਾਂ ਵਿਚ ਰਾਸ਼ਨ, ਬਿਸਤਰੇ, ਬਰਤਨ ਤੇ ਗੈਸ ਸਿਲੰਡਰਾਂ





ਸਮੇਤ ਵਰਤੋਂ ਦਾ ਸਾਰਾ ਸਮਾਨ ਲੈ ਕੇ ਆਏ ਵੱਡੀ ਤਿਆਰੀ ਨਾਲ ਆਏ ਕਿਸਾਨਾਂ ਵੱਲੋਂ ਪੂਰੇ ਅਨੁਸ਼ਾਸ਼ਨ ਵਿੱਚ ਚੰਡੀਗੜ੍ਹ ਬਾਰਡਰ 'ਤੇ 72 ਘੰਟੇ ਲਈ ਪੱਕਾ ਮੋਰਚਾ ਲਗਾ ਕੇ ਲੰਗਰ ਚਲਾ ਦਿੱਤਾ ਗਿਆ।

ਭਾਵੇਂ ਦਿੱਲੀ ਅੰਦੋਲਨ ਸਮੇਂ ਵੀ ਮੁਲਾਜਮਾਂ, ਸਨਅਤੀ ਕਾਮਿਆਂ ਤੇ ਮਜਦੂਰਾਂ ਨੇ ਹਰ ਪੱਖੋਂ ਹਮਾਇਤ ਦਿੱਤੀ ਸੀ ਪਰ ਇਸ ਵਾਰ ਸੰਯੁਕਤ ਕਿਸਾਨ ਮੋਰਚੇ ਨੂੰ ਕੇਂਦਰੀ ਟਰੇਡ ਯੂਨੀਅਨਾਂ/ਫੈਡਰੇਸ਼ਨਾਂ ਨੇ ਬਕਾਇਦਾ ਸਮਰਥਨ ਦਿੰਦਿਆਂ ਸ਼ਮੂਲੀਅਤ ਕੀਤੀ ਹੈ।ਇਹਨਾਂ ਧਰਨਿਆਂ ਵਿੱਚ ਔਰਤਾਂ ਅਤੇ ਨੌਜਵਾਨਾਂ ਦੀ ਭਰਵੀਂ ਸ਼ਮੂਲੀਅਤ ਇਸ ਸੰਘਰਸ਼ ਦੀ ਅਹਿਮੀਅਤ ਬਿਆਨ ਕਰ ਰਹੀ ਹੈ।

ਕੇਂਦਰ ਸਰਕਾਰ ਦੇ ਖ਼ਿਲਾਫ਼ ਕਿਸਾਨ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਕਰਵਾਉਣ ਲਈ ਇੱਕ ਸਾਲ ਤੋਂ ਵੱਧ ਸਮਾਂ ਧਰਨੇ ਉੱਤੇ ਬੈਠੇ ਸਨ ਉਸ ਸਮੇਂ ਕੇਂਦਰ ਸਰਕਾਰ ਨੇ ਤਿੰਨੇ ਖੇਤੀ ਕਾਨੂੰਨ ਤਾਂ ਵਾਪਸ ਲੈ ਲਏ ਸਨ ਤੇ ਬਾਕੀ ਮੰਗਾਂ ਪੂਰੀਆਂ ਕਰਨ ਦਾ ਭਰੋਸਾ ਦੇ ਕੇ ਧਰਨਾ ਚੁੱਕਵਾ ਦਿੱਤਾ ਸੀ।ਹਾਲਾਂਕਿ ਉਸ ਸਮੇਂ ਵੀ ਕੁੱਝ ਕਿਸਾਨ ਜਥੇਬੰਦੀਆਂ ਤੇ ਸਮਰਥਕਾਂ ਦਾ ਇਕ ਹਿੱਸਾ ਬਾਕੀ ਮੰਗਾਂ ਦੇ ਨਬੇੜੇ ਤੱਕ ਧਰਨਾ ਚੁੱਕਣ ਦੇ ਹੱਕ ਵਿੱਚ ਨਹੀਂ ਸੀ ਪਰ ਕੁੱਝ ਕਿਸਾਨ ਆਗੂਆਂ ਵੱਲੋਂ ਵਿਖਾਈ ਗਈ ਕਾਹਲ ਕਾਰਨ ਉਹ ਧਰਨਾ ਚੁੱਕ ਲਿਆ ਗਿਆ ਸੀ। ਹੁਣ ਸੂਬਿਆਂ ਦੀਆਂ ਰਾਜਧਾਨੀਆਂ ਵਿੱਚ ਧਰਨੇ 'ਤੇ ਬੈਠੇ ਕਿਸਾਨਾਂ ਦੀਆਂ ਜਿਆਦਾਤਰ ਮੰਗਾਂ ਉਹ ਹੀ ਹਨ ਜਿਨ੍ਹਾਂ ਦੇ ਹੱਲ ਦਾ ਦਿੱਲੀ ਮੋਰਚਾ ਚੁੱਕਣ ਸਮੇਂ ਕੇਂਦਰ ਸਰਕਾਰ ਨੇ ਭਰੋਸਾ ਦਿੱਤਾ ਸੀ ਤੇ ਬਾਅਦ ਵਿੱਚ ਪੈਰ ਪਿਛਾਂਹ ਕਰ ਲਏ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਦਿੱਲੀ ਅੰਦੋਲਨ ਦਾ ਧੁਰਾ ਤਿੰਨ ਕਾਲੇ ਖੇਤੀ ਕਾਨੂੰਨਾਂ ਦੀ ਵਾਪਸੀ ਸੀ ਪਰ ਉਹ ਤਾਂ ਸਰਕਾਰ ਵੱਲੋਂ ਕੁੱਝ ਮਹੀਨੇ ਪਹਿਲਾਂ ਥੋਪੀ ਗਈ ਸਮੱਸਿਆ ਸੀ ਤੇ ਉਸਤੋਂ ਪਹਿਲਾਂ ਵੀ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਖਿਲਾਫ ਸੰਘਰਸ਼ ਚੱਲ ਹੀ ਰਿਹਾ ਸੀ।ਖੇਤੀ ਕਾਨੂੰਨਾਂ ਦੀ ਵਾਪਸੀ ਕਿਸਾਨ ਸੰਘਰਸ਼ ਦੀ ਵੱਡੀ ਪ੍ਰਾਪਤੀ ਜਰੂਰ ਸੀ ਲੇਕਿਨ ਫਸਲਾਂ ਦੀ ਐਮਐਸਪੀ ਤਹਿਤ ਖਰੀਦ ਦੀ ਗਾਰੰਟੀ ਵਾਲੀ ਅਹਿਮ ਮੰਗ 'ਤੇ ਕੇਂਦਰ ਸਰਕਾਰ ਕਿਸਾਨਾਂ ਨੂੰ ਇੱਕ ਕਮੇਟੀ ਬਨਾਉਣ ਦਾ ਭਰੋਸਾ ਹੀ ਦੇ ਸਕੀ।

ਐਮਐਸਪੀ ਦੀ ਮੰਗ ਲਈ ਕਿਸਾਨ ਜਥੇਬੰਦੀਆਂ ਪਿਛਲੇ ਕਈ ਸਾਲਾਂ ਤੋਂ ਸੰਘਰਸ਼ ਕਰਦੀਆਂ ਆ ਰਹੀਆਂ ਹਨ।ਕੇਂਦਰ ਸਰਕਾਰ ਫਸਲਾਂ 'ਤੇ ਐਮਐਸਪੀ ਦਾ ਐਲਾਨ ਤਾਂ ਕਰਦੀ ਹੈ ਪਰ ਸਾਰੀਆਂ ਫਸਲਾਂ ਦੀ ਐਮਐਸਪੀ ਤਹਿਤ ਖਰੀਦ ਦੀ ਗਾਰੰਟੀ ਨਹੀਂ ਦਿੰਦੀ ਹੈ।ਜਿਵੇਂ ਪੰਜਾਬ ਤੇ ਹਰਿਆਣਾ ਵਿੱਚ ਸਿਰਫ ਤੇ ਸਿਰਫ ਕਣਕ-ਝੋਨੇ ਦੀ ਐਮਐਸਪੀ ਤਹਿਤ ਖਰੀਦ ਹੁੰਦੀ ਹੈ।ਹੋਰ ਫਸਲਾਂ 'ਤੇ ਐਮਐਸਪੀ ਦੀ ਗਾਰੰਟੀ ਨਾ ਹੋਣ ਕਾਰਨ ਇਸ ਖੇਤਰ ਦੇ ਜਿਆਦਾਤਰ ਕਿਸਾਨ ਕਣਕ,ਝੋਨੇ ਦੀ ਫਸਲ ਦੀ ਹੀ ਬੀਜਾਈ ਕਰਨ ਲਈ ਮਜ਼ਬੂਰ ਹਨ।ਇਸ ਤਰ੍ਹਾਂ ਸਰਕਾਰ ਫਸਲੀ ਵਭਿੰਨਤਾ ਖਤਮ ਕਰ ਰਹੀ ਹੈ ਤੇ ਸਿਰਫ ਦੋ ਫਸਲਾਂ ਦੇ ਫਸਲੀ ਚੱਕਰ ਤਹਿਤ ਕਿਸਾਨਾਂ ਦੇ ਨਾਲ-ਨਾਲ ਕੁਦਰਤ ਨਾਲ ਵੀ ਖਿਲਵਾੜ ਕੀਤਾ ਜਾ ਰਿਹਾ ਹੈ।

ਜੇਕਰ ਐਮਐਸਪੀ ਤਹਿਤ ਖਰੀਦ ਯਕੀਨੀ ਬਣੇ ਤਾਂ ਉੱਤਰੀ ਭਾਰਤ ਵਿੱਚ ਮੱਕੀ ਅਤੇ ਮੂੰਗੀ ਦੀ ਕਾਸ਼ਤ ਵੱਡੀ ਪੱਧਰ 'ਤੇ ਹੋ ਸਕਦੀ ਹੈ।ਕਿਸਾਨ ਮੱਕੀ,ਮੂੰਗੀ,ਸੂਰਜਮੁਖੀ, ਆਲੂ ਆਦਿ ਫਸਲਾਂ ਬੀਜ ਤਾਂ ਲੈਂਦੇ ਹਨ ਪਰ ਖਰੀਦ ਦੀ ਗਾਰੰਟੀ ਨਾ ਹੋਣ ਕਾਰਨ ਕਿਸਾਨਾਂ ਨੂੰ ਕਈ ਵਾਰ ਕੌਡੀਆਂ ਦੇ ਭਾਅ ਇਹ ਫਸਲਾਂ ਵੇਚਣ ਲਈ ਮਜਬੂਰ ਹੋਣਾ ਪੈਂਦਾ ਹੈ।ਪੰਜਾਬ,ਹਰਿਆਣਾ,ਉੱਤਰ ਪ੍ਰਦੇਸ਼ ਸਮੇਤ ਕਈ ਸੂਬਿਆਂ ਦੇ ਵਾਤਾਵਰਨ ਤੇ ਉਪਜਾਊ ਧਰਤੀ ਦੇ ਹਿਸਾਬ ਨਾਲ ਜੇਕਰ ਸਰਕਾਰ ਕਿਸਾਨਾਂ ਨੂੰ ਸਬਜੀਆਂ 'ਤੇ ਐਮਐਸਪੀ ਦੇਵੇ ਤੇ ਸਬਜੀਆਂ ਦੂਜੇ ਦੇਸ਼ਾਂ ਵਿੱਚ ਭੇਜਣ ਦਾ ਪ੍ਰਬੰਧ ਕਰੇ ਤਾਂ ਖੇਤੀ ਖੇਤਰ ਪੈਰਾਂ ਸਿਰ ਹੋ ਸਕਦਾ ਹੈ।

ਦਿੱਲੀ ਅੰਦੋਲਨ ਦੀ ਸਮਾਪਤੀ ਸਮੇਂ ਮੋਦੀ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਖਿਲਾਫ ਦਰਜ਼ ਹੋਏ ਪੁਲਿਸ ਕੇਸ ਰੱਦ ਕੀਤੇ ਜਾਣਗੇ ਪਰ ਅਜੇ ਤੱਕ ਕਿਸਾਨਾਂ ਖਿਲਾਫ ਦਰਜ਼ ਪੁਲਿਸ ਕੇਸ ਰੱਦ ਨਹੀਂ ਕੀਤੇ ਗਏ ਹਨ।ਪੰਜਾਬ ਦੇ ਕਿਸਾਨਾਂ ਨੂੰ ਅਜੇ ਵੀ ਦਿੱਲੀ ਤੋਂ ਸੰਮਨ ਆ ਰਹੇ ਹਨ।ਸਰਕਾਰ ਵੱਲੋਂ ਕੀਤੇ ਵਾਅਦੇ ਅਨੁਸਾਰ ਦਿੱਲੀ ਵਿਖੇ ਧਰਨੇ ਦੌਰਾਨ ਜਿਨ੍ਹਾਂ ਕਿਸਾਨਾਂ ਦੀ ਮੌਤ ਹੋਈ ਸੀ ਉਨ੍ਹਾਂ ਨੂੰ ਵੀ ਸਰਕਾਰ ਵੱਲੋਂ ਮੁਆਵਜ਼ਾ ਨਹੀਂ ਦਿੱਤਾ ਗਿਆ ਹੈ। ਹੜ੍ਹਾਂ ਅਤੇ ਗੜੇਮਾਰੀ ਨਾਲ ਬਰਬਾਦ ਹੋਈਆਂ ਫਸਲਾਂ ਦਾ ਢੁੱਕਵਾਂ ਮੁਆਵਜ਼ਾ ਸਰਕਾਰ ਵੱਲੋਂ ਮੁਹੱਈਆ ਨਹੀਂ ਕੀਤਾ ਜਾਂਦਾ ਹੈ।ਦੇਸ਼ ਦੇ ਧਨਾਂਢਾ ਦੇ ਹਜ਼ਾਰਾਂ ਕਰੋੜ ਰੁਪਏ ਵੱਟੇ ਖਾਤੇ ਪਾਉਣ ਵਾਲੀ ਸਰਕਾਰ ਮੀਂਹ, ਹਨ੍ਹੇਰੀ, ਹੜ੍ਹ, ਅੱਗ ਲੱਗਣ ਜਿਹੀਆਂ ਕੁਦਰਤੀ ਆਫਤ ਕਾਰਨ ਨੁਕਸਾਨੀ ਕਿਸਾਨ ਦੀ ਫਸਲ ਦਾ ਮੁਆਵਜ਼ਾ ਦੇਣ ਤੋਂ ਪੈਰ ਪਿਛਾਂਹ ਖਿੱਚ ਲੈਂਦੀਆਂ ਹਨ।ਕੁਦਰਤੀ ਆਫਤ ਕਾਰਨ ਹੋਏ ਨੁਕਸਾਨ ਦਾ ਕਿਸਾਨ ਨੂੰ ਪੂਰਾ ਮੁਆਵਜ਼ਾ ਮਿਲਣਾ ਚਾਹੀਦਾ ਹੈ।

ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਕਾਰਨ ਹੋਣ ਵਾਲੇ ਪ੍ਰਦੂਸ਼ਨ ਲਈ ਮੁੱਖ ਰੂਪ ਵਿੱਚ ਸਰਕਾਰ ਜਿੰਮੇਬਾਰ ਹੈ। ਪਹਿਲੀ ਗੱਲ ਤਾਂ ਜੇਕਰ ਸਰਕਾਰ ਹੋਰ ਫਸਲਾਂ ਦੀ ਐਮਐਸਪੀ ਤਹਿਤ ਖਰੀਦ ਯਕੀਨੀ ਬਣਾਏ ਤਾਂ ਬਹੁਤ ਸਾਰੇ ਕਿਸਾਨ ਝੋਨਾ ਲਾਉਣਾ ਹੀ ਬੰਦ ਕਰ ਦੇਣਗੇ, ਦੂਸਰਾ ਕੇਂਦਰ ਤੇ ਸੂਬਾਈ ਸਰਕਾਰਾਂ ਕਿਸਾਨਾਂ ਨੂੰ ਪਰਾਲੀ ਦੇ ਇੰਤਜ਼ਾਮ ਲਈ ਮੁਆਵਜ਼ਾ ਦੇਣ ਅਤੇ ਲੋੜੀਂਦੀ ਖੇਤੀ ਮਸ਼ੀਨਰੀ ਮੁਹੱਈਆ ਕਰਵਾਉਣ ਵਿੱਚ ਅਸਫਲ ਸਿੱਧ ਹੋਈਆਂ ਹਨ ਇਸ ਲਈ ਪਰਾਲੀ ਸਾੜਨ ਸਬੰਧੀ ਕਿਸਾਨਾਂ ਖਿਲਾਫ਼ ਦਰਜ ਕੀਤੇ ਗਏ ਕੇਸ ਰੱਦ ਹੋਣੇ ਚਾਹੀਦੇ ਹਨ।ਸੰਯੁਕਤ ਕਿਸਾਨ ਮੋਰਚਾ ਵੱਲੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਪਰਾਲੀ ਸਾੜਣ ਸਬੰਧੀ ਕੇਸ ਸਰਕਾਰ ਖਾਰਜ਼ ਕਰੇ।

ਸਰਕਾਰ ਵੱਲੋਂ ਭਰੋਸਾ ਦੇਣ ਦੇ ਬਾਵਜੂਦ ਲਖੀਮਪੁਰ ਖੀਰੀ ਮਾਮਲੇ ਵਿੱਚ ਅਜੇ ਤੱਕ ਕਿਸਾਨਾਂ ਨੂੰ ਇਨਸਾਫ ਨਹੀਂ ਮਿਲਿਆ ਹੈ।ਲਖੀਮਪੁਰ ਖੀਰੀ ਮਾਮਲੇ ਦੀ ਜਾਂਚ ਕਰਨ ਵਾਲੀ ਐਸਆਈਟੀ ਨੇ ਇਸ ਹਿੰਸਾ ਨੂੰ 'ਯੋਜਨਾਬੱਧ ਸਾਜ਼ਿਸ਼' ਕਰਾਰ ਦਿੱਤਾ ਸੀ।ਪਰ ਭਾਜਪਾ ਨੇ ਇਸ ਘਟਨਾ ਲਈ ਜਿੰਮੇਬਾਰ ਆਸ਼ੀਸ਼ ਮਿਸ਼ਰਾ ਦੇ ਪਿਉ ਅਜੇ ਮਿਸ਼ਰਾ ਨੂੰ ਅਜੇ ਵੀ ਕੇਂਦਰੀ ਗ੍ਰਹਿ ਰਾਜ ਮੰਤਰੀ ਦੀ ਕੁਰਸੀ 'ਤੇ ਬਿਠਾ ਰੱਖਿਆ ਹੈ।ਭਾਜਪਾ ਤੇ ਸਰਕਾਰ ਵੱਲੋਂ ਲਖੀਮਪੁਰ ਖੀਰੀ ਮਾਮਲੇ ਵਿੱਚ ਮੁਲਜਮਾਂ ਨੂੰ ਹਰ ਪੱਖੋਂ ਸਰਪ੍ਰਸਤੀ ਦਿੱਤੀ ਜਾ ਰਹੀ ਹੈ।

ਕਿਸਾਨਾਂ ਦੀ ਇੱਕ ਮੰਗ ਕਿਸਾਨਾ ਸਿਰ ਚੜ੍ਹੇ ਕਰਜ਼ੇ ਦੇ ਖਾਤਮੇ ਸਬੰਧੀ ਹੈ।ਖੇਤੀ ਖੇਤਰ ਵਿੱਚ ਸਰਕਾਰਾਂ ਵੱਲੋਂ ਲਾਗੂ ਕੀਤੀਆਂ ਕਿਸਾਨ ਵਿਰੋਧੀ ਨੀਤੀਆਂ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਲਈ ਜਿੰਮੇਬਾਰ ਹਨ। ਇਸ ਲਈ ਸਰਕਾਰ ਨੂੰ ਕਿਸਾਨਾਂ, ਖੇਤ ਮਜਦੂਰਾਂ ਸਿਰ ਚੜ੍ਹੇ ਕਰਜ਼ੇ ਮੁਆਫ ਕਰ ਦੇਣੇ ਚਾਹੀਦੇ ਹਨ।

ਸਾਡੀਆਂ ਸਰਕਾਰਾਂ ਵੱਲੋਂ ਲਾਗੂ ਕੀਤੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਕਿਸਾਨ, ਮਜਦੂਰ ਕਰਜ਼ੇ ਦੇ ਬੋਝ ਹੇਠ ਖੁਦਕੁਸ਼ੀਆਂ ਕਰਨ ਲਈ ਮਜ਼ਬੂਰ ਹਨ ਤੇ ਕਾਰਪੋਰੇਟ ਘਰਾਣਿਆਂ ਦੀ ਆਮਦਨ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ। ਕਿਸਾਨਾਂ ਦਾ ਸੰਘਰਸ਼ ਸਰਕਾਰ ਨੂੰ ਕੁਦਰਤ ਤੇ ਕਿਸਾਨ ਪੱਖੀ ਖੇਤੀ ਨੀਤੀ ਲਿਆਉਣ ਲਈ ਮਜ਼ਬੂਰ ਕਰ ਸਕਦਾ ਹੈ। ਇਹ ਸੰਘਰਸ਼ ਖੇਤੀ ਤੇ ਖੇਤੀ ਸਹਾਇਕ ਕਿੱਤਿਆਂ ਨੂੰ ਲਾਹੇਬੰਦ ਬਨਾਉਣ ਲਈ ਇੱਕ ਚਾਨਣ ਮੁਨਾਰਾ ਬਣ ਸਕਦਾ ਹੈ ਤੇ ਪੂਰੀ ਦੁਨੀਆਂ ਦੇ ਕਿਸਾਨਾਂ ਦੀਆਂ ਨਜ਼ਰਾਂ ਇਸ ਸੰਘਰਸ਼ 'ਤੇ ਲੱਗੀਆਂ ਹੋਈਆਂ ਹਨ। ਸੰਯੁਕਤ ਕਿਸਾਨ ਮੋਰਚਾ ਦੀ ਸਿਖਰਲੀ ਲੀਡਰਸ਼ਿਪ ਨੂੰ ਵੀ ਚਾਹੀਦਾ ਹੈ ਦਿੱਲੀ ਅੰਦੋਲਨ ਸਮੇਂ ਰਹੀਆਂ ਘਾਟਾ, ਕਮੀਆਂ ਦੀ ਸਹੀ ਢੰਗ ਨਾਲ ਸਵੈ ਪੜਚੋਲ ਕਰਕੇ ਅੱਗੇ ਵਧੇ।



joginder Singh toor, Charan Singh Badh world piece counsil explaned Member about gaza tregady and Yadvinder toor provided information about current suicide of young Canadian













## ਵਿਸ਼ੇਸ਼ ਸੰਪਾਦਕੀ : ਹਰਬੰਸ ਸਿੰਘ

# ਚਾਰ ਰਾਜਾਂ ਦੇ ਨਤੀਜੇ ਅਤੇ ਭਾਰਤੀ ਰਾਜਨੀਤੀ ਦਾ ਭਵਿੱਖ : ਇਕ ਸਵਾਲੀਆਚਿਨ੍ਹ

ਦੇਸ਼ ਸਪਸ਼ਟ ਰੂਪ ਵਿਚ ਮੁੜ ਖਤਰਨਾਕ ਦੌਰ ਵਿਚ ਪ੍ਰਵੇਸ਼ ਕਰਨ ਜਾ ਰਿਹਾ ਹੈ। ਜਿਸ ਕਿਸਮ ਨਾਲ ਤਿੰਨ ਰਾਜਾਂ ਛਤੀਸ਼ਗੜ੍ਹ, ਮੱਧ ਪ੍ਰਦੇਸ਼ ਤੇ ਰਾਜਸਥਾਨ ਵਿਚ ਕਾਂਗਰਸ ਵਿਚ ਹਾਰ ਹੋਈ ਹੈ। ਇਹ ਹਾਰ ਦਰਸਾਉਂਦੀ ਹੈ ਕਿ ਹਾਲ ਦੀ ਘੜੀ ਬੀਜੇਪੀ ਦੇ ਦੇਸ਼ ਵਿਚ ਕੋਈ ਵੀ ਬਦਲ ਨਹੀਂ ਹੈ। ਜਿਸ ਜੋਸ਼ ਖਰੋਸ਼ ਦੇ ਨਾਲ ਇੰਡੀਆ ਅਲਾਇੰਸ ਬਣਿਆ ਸੀ ਉਹ ਅਮਲੀ ਰੂਪ ਵਿਚ ਦੇਸ਼ ਦੇ ਲੋਕਾਂ ਨੂੰ ਬਦਲ ਦਿਖਾਉਣ ਤੋਂ ਅਸਮਰਥ ਰਿਹਾ ਹੈ ਅਤੇ ਵੱਖ ਵੱਖ ਰਾਜਾਂ ਵਿਚ ਕਿਸੇ ਵੀ ਕਿਸਮ ਦੀ ਇਕਸੁਰਤਾ ਦਿਖਾਈ ਨਹੀਂ ਦਿੱਤੀ। ਕਾਂਗਰਸ ਦੀ ਪੁਰਾਣੀ ਅਤੇ ਬੁੱਢੀ ਲੀਡਰਸ਼ਿਪ ਆਪੋ ਆਪਣੇ ਰਾਜਾਂ ਵਿਚ ਝਗੜਦੀ ਰਹੀ ਹੈ। ਇਸ ਝਗੜੇ ਨੇ ਜਿਥੇ ਕਾਂਗਰਸ ਨੂੰ ਅੰਦਰੋ-ਅੰਦਰੀ ਬਰਬਾਦ ਕੀਤਾ ਹੈ, ਉਥੇ ਕਿਸੇ ਵੀ ਕਿਸਮ ਦਾ ਇੰਡੀਆ ਅਲਾਇੰਸ ਦਾ ਅਸਰ ਨਹੀਂ ਦਿੱਤਾ। ਜੋ ਫਾਰਮੂਲਾ ਕਾਂਗਰਸ ਨੇ ਜਾਤੀ ਜਨਗਣਨਾ ਦਾ ਸ਼ੁਰੂ ਕੀਤਾ ਸੀ ਉਹ ਕੋਈ ਰੰਗ ਨਹੀਂ ਦਿਖਾ ਸਕਿਆ। ਇਸ ਕਿਸਮ ਦੀ ਨਾਮੋਸ਼ੀ ਭਰੀ ਹਾਰ ਰਾਜਸਥਾਨ ਅਤੇ ਛਤੀਸ਼ਗੜ੍ਹ ਵਿਚ ਕਾਂਗਰਸ ਨੂੰ ਹੋਈ ਹੈ। ਜੇ ਉਨ੍ਹਾਂ ਨੇ ਮੁੜ ਆਤਮ ਚਿੰਤਨ ਨਾ ਕੀਤਾ ਅਤੇ ਭਾਈਵਾਲ ਪਾਰਟੀਆਂ ਨਾਲ ਇਕਸੁਰਤਾ ਨਾ ਬਣਾਈ ਤਾਂ 2024 ਦੀਆਂ ਚੋਣਾਂ ਵਿਚ ਬੀਜੇਪੀ ਨੂੰ ਕੋਈ ਵੀ ਨਹੀਂ ਰੋਕ ਸਕਦਾ। ਦੂਜੇ ਪਾਸੇ ਰਾਹੁਲ ਬਨਾਮ ਮੋਦੀ ਮੰਨੀਏ ਜਾਂ ਨਾ ਮੰਨੀਏ ਮੋਦੀ ਦੀ ਅਗਵਾਈ ਵਿਚ ਬੀਜੇਪੀ ਨੇ ਜਿਥੇ ਹਿੰਦੂਤਵਾਂ ਨੂੰ ਇਕਜੁਟ ਕਰਕੇ ਸਮੁੱਚੀ ਲੀਡਰਸ਼ਿਪ ਅਤੇ ਕਾਡਰ ਨੂੰ ਝੋਕਿਆ ਹੈ ਅਤੇ ਜਿਸ ਪੱਧਰ ’ਤੇ ਬੀਜੇਪੀ ਦੀਆਂ ਹੇਠਲੀਆਂ ਸ਼ਾਖਾਵਾਂ ਨੇ ਚੋਣਾਂ ਜਿੱਤਣ ਵਾਸਤੇ ਕੰਮ ਕੀਤਾ ਹੈ ਅਤੇ ਭਵਿੱਖ ਵਿਚ ਉਹ ਦੇਸ਼ ਦੇ ਕਈ ਰਾਜਾਂ ਵਿਚ ਆਪਣੀਆਂ ਆਰਐਸਐਸ ਦੀਆਂ ਸ਼ਾਖਾਵਾਂ ਮਜਬੂਤ ਕਰਦੀ ਜਾ ਰਹੀ ਹੈ। ਦੇਸ਼ ਦੇ ਲੋਕਾਂ ਨੂੰ ਜੋ ਕਰਨਾਟਕਾ ਦੀਆਂ ਚੋਣਾਂ ਤੋਂ ਬਾਅਦ ਦਿਖਾਈ ਦੇ ਰਿਹਾ ਹੈ ਉਹ ਇਕ ਵਾਰੀ ਬਦਲ ਚਕਨਾਚੂਰ ਹੋ ਗਿਆ ਹੈ। ਇਨ੍ਹਾਂ ਚੋਣਾਂ ਵਿਚ ਹਾਲਾਂਕਿ ਕਾਂਗਰਸ ਨੇ ਵੀ ਕਈ ਲੁਭਾਉਣੇ ਨਾਅਰੇ ਦਿੱਤੇ ਸਨ ਉਹ ਰੰਗ ਨਹੀਂ ਦਿਖਾ ਸਕੇ। ਹਕੀਕਤ ਇਹ ਹੈ ਕਿ ਦੇਸ਼ ਵਿਚ ਹਿੰਦੂਤਵ ਦਾ ਏਜੰਡਾ ਮਜ਼ਬੂਤ ਹੋ ਰਿਹਾ ਹੈ ਅਤੇ ਜਿਸ ਕਿਸਮ ਦੀ ਰਾਜਨੀਤੀ ਪਿਛਲੇ ਦਸ ਸਾਲਾਂ ਵਿਚ ਬੀਜੇਪੀ ਨੂੰ ਮਿਲੀ ਹੈ ਅਤੇ ਜਿਸ ਲਗਾਤਾਰਤਾ ਨਾਲ ਉਸ ਨੇ ਸਮਾਜ ਦਾ ਵਰਗੀਕਰਨ ਕੀਤਾ ਹੈ ਅਤੇ ਘੱਟ ਗਿਣਤੀਆਂ ’ਤੇ ਵੱਡਾ ਧੱਕਾ ਕਰਕੇ ਵੀ ਬਹੁਗਿਣਤੀ ਨੂੰ ਆਪਣੇ ਨਾਲ ਹੀ ਰੱਖਣ ਵਿਚ ਕਾਮਯਾਬ ਹੋਈ ਹੈ। ਰਾਜਸਥਾਨ ਵਿਚ ਵੋਟ ਪ੍ਰਤੀਸ਼ਤਤਾ ਦਾ ਵਧਣਾ ਅਤੇ ਵੱਡੇ ਫਰਕ ਨਾਲ ਜਿੱਤ ਜਾਣਾ ਇਸੇ ਤਰ੍ਹਾਂ ਮੱਧ ਪ੍ਰਦੇਸ਼ ਵਿਚ ਜਿਸ ਵੱਡੀ ਜਿੱਤ ਦੇ ਨਾਲ ਬੀਜੇਪੀ ਸੱਤਾ ਵਿਚ ਆ ਰਹੀ ਹੈ ਇਸ ਤੋਂ ਸਪਸ਼ਟ ਦਿਖਾਈ ਦਿੰਦਾ ਹੈ ਕਿ ਨਾਰਥ ਇੰਡੀਆ ਵਿਚ ਬੀਜੇਪੀ ਦਾ ਭਵਿੱਖ ਅਜੇ ਅਸੁਰੱਖਿਅਤ ਨਹੀਂ ਹੈ ਅਤੇ ਦੇਸ਼ ਆਉਣ ਵਾਲੇ ਸਮੇਂ ਵਿਚ ਚੋਣਾਂ ਦੌਰਾਨ ਅਤੇ ਚੋਣਾਂ ਤੋਂ ਪਹਿਲਾਂ ਹੋਰ ਤੇਜ਼ੀ ਨਾਲ ਸਮਾਜਿਕ ਵੰਡ ਵੱਲ ਨੂੰ ਵਧੇਗਾ। ਸਭ ਤੋਂ ਵੱਡਾ ਚਿੰਤਾ ਦਾ ਸਵਾਲ ਇਹ ਹੈ ਕਿ ਜੇ ਦੇਸ਼ ਦੀਆਂ ਸੈਕੂਲਰ, ਜਮਹੂਰੀ, ਘੱਟ ਗਿਣਤੀਆਂ ਅਤੇ ਦੱਬੇ ਕੁਚਲੇ ਵਰਗਾਂ ਨੇ ਇਕਜੁਟ ਹੋ ਕੇ ਸਾਂਝਾ ਮੋਰਚਾ ਬੀਜੇਪੀ ਖਿਲਾਫ਼ ਨਾ ਬਣਾਇਆ ਤਾਂ ਬੀਜੇਪੀ ਨੂੰ 2024 ਦੀਆਂ ਲੋਕ ਸਭਾ ਚੋਣਾਂ ਵਿਚ ਸੱਤਾ ਤੋਂ ਪਰ੍ਹੇ ਰੱਖਣਾ ਅਸੰਭਵ ਹੋਵੇਗਾ। ਇਨ੍ਹਾਂ ਚੋਣ ਨਤੀਜਿਆਂ ਨੇ ਦਿਖਾ ਦਿੱਤਾ ਹੈ ਕਿ ਲੋਕਾਂ ਨੂੰ ਅਜੇ ਕੋਈ ਬਦਲ ਦਿਖਾਈ ਨਹੀਂ ਦੇ ਰਿਹਾ। ਆਉਣ ਵਾਲੇ ਸਮੇਂ ਵਿਚ ਕਾਰਪੋਰੇਟ ਘਰਾਣੇ ਅਤੇ ਹਿੰਦੂਤਵਾ ਇਕਜੁਟ ਹੋ ਕੇ ਦੇਸ਼ ਦੀ ਰਾਜਨੀਤੀ ਨੂੰ ਜਿਸ ਕਿਸਮ ਨਾਲ ਪਹਿਲਾਂ ਚਲਾ ਰਹੇ ਹਨ ਉਸ ਕਿਸਮ ਨਾਲ ਚਲਾਉਣ ਵਿਚ ਕਾਮਯਾਬ ਹੋ ਜਾਣਗੇ। ਦੇਸ਼ ਵਿਚ ਭਲਾ ਹੀ ਵੱਖ ਵੱਖ ਖੇਤਰਾਂ ’ਚ ਲੋਕਾਂ ਨੇ ਆਪਣੀਆਂ ਆਰਥਿਕ, ਸਮਾਜਿਕ ਅਤੇ ਰਾਜਨੀਤਕ ਮਸਲਿਆਂ ਵਾਲੀਆਂ ਸਮਝਾਂ ਨੂੰ ਲੈ ਕੇ ਵੱਡੇ ਸੰਘਰਸ਼ ਕੀਤੇ ਹਨ ਅਤੇ ਕਈ ਕਿਸਮ ਨਾਲ ਬੀਜੇਪੀ ਨੂੰ ਚੁਣੌਤੀਆਂ ਦਿੱਤੀਆਂ ਹਨ ਪ੍ਰੰਤੂ ਬੀਜੇਪੀ ਨੂੰ ਸੱਤਾ ਤੋਂ ਪਰ੍ਹੇ ਰੱਖਣ ਲਈ ਇਕ ਕਦਮ ਵੀ ਅਗਾਂਹ ਨਹੀਂ ਤੁਰ ਸਕੀ। ਵੱਖ ਵੱਖ ਸ਼ਕਤੀਆਂ ਨੂੰ ਸੋਚਣ ਦੀ ਲੋੜ ਹੈ ਕਿ ਕਿਸਮ ਦੇ ਭਿਆਨਕ ਦੌਰ ਵਿਚ ਦੇਸ਼ ਪ੍ਰਵੇਸ਼ ਕਰਨ ਜਾ ਰਿਹਾ ਹੈ ਉਸ ਤੋਂ ਬਚਾਉਣ ਲਈ ਵੱਖ ਵੱਖ ਸਿਵਲ ਸੁਸਾਇਟੀ ਦੇ ਗਰੁੱਪ ਅਤੇ ਚੇਤੰਨ ਹਿੱਸੇ ਦੇਸ਼ ਵਿਚ ਬਦਲਵੀਂ ਰਾਜਨੀਤੀ ਵਿਕਸਿਤ ਕਰਨ ਲਈ ਤਨਦੇਹੀ ਨਾਲ ਕਾਰਜ ਕਰਨ ਤਾਂ ਕਿ ਇਨ੍ਹਾਂ ਹਾਲਾਤਾਂ ਨੂੰ ਮੋੜਾ ਦਿੱਤਾ ਜਾ ਸਕੇ। ਭਲਾ ਸਮਾਂ ਬੜਾ ਥੋੜ੍ਹਾ ਹੈ ਪਰ ਦੇਰ ਦੇਸ਼ ਨੂੰ ਹਨ੍ਹੇਰ ਗਲੀ ਵਿਚ ਪ੍ਰਵੇਸ਼ ਕਰ ਦੇਵੇਗਾ। ਇਹ ਚੁਣੌਤੀ ਕਬੂਲਣੀ ਅਤੇ ਇਨ੍ਹਾਂ ਸਰੋਕਾਰਾਂ ਬਾਰੇ ਸੋਚਣਾ ਚਿੰਤਨ ਕਰਨਾ ਸਮਾਂ ਦੀ ਅਣਸਰਦੀ ਲੋੜ ਹੈ।

**ਉਪਰੋਕਤ ਵਰਤਾਰੇ ਦਾ ਵਿਸ਼ਲੇਸ਼ਣ ਭਵਿੱਖ ਵਿਚ ਕੀਤਾ ਜਾਵੇਗਾ।**

# ਕਾਮਰੇਡ ਅਮ੍ਰਿਤਪਾਲ ਦੇ ਸ਼ਰਧਾਂਜਲੀ ਸਮਾਗਮ ’ਚ ਫਿਲਿਸਤੀਨੀ ਲੋਕਾਂ ਦੇ ਹੱਕ ਵਿੱਚ ਆਵਾਜ਼ ਉੱਠੀ



ਲੁਧਿਆਣਾ : ਇਨਕਲਾਬੀ ਕੇਂਦਰ ਪੰਜਾਬ, ਇਨਕਲਾਬੀ ਮਜ਼ਦੂਰ ਕੇਂਦਰ, ਜਮਹੂਰੀ ਅਧਿਕਾਰ ਸਭਾ ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਲੁਧਿਆਣਾ, ਨੌਜਵਾਨ ਸਭਾ ਐਲ ਬਲਾਕ ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵੱਲੋਂ ਕਾਮਰੇਡ ਅਮ੍ਰਿਤਪਾਲ ਪੀਏਯੂ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ ਅਤੇ ਸੈਮੀਨਾਰ ਕਰਵਾਇਆ ਗਿਆ। ਇਸ ਸਮਾਗਮ ਵਿੱਚ ਜਮਹੂਰੀ ਅਧਿਕਾਰ ਸਭਾ ਦੇ ਆਗੂ ਅਤੇ ਸਮਾਜ ਚਿੰਤਕ ਬੂਟਾ ਸਿੰਘ ਮਹਿਮੂਦਪੁਰ ਨੇ ਮੁੱਖ ਬੁਲਾਰੇ ਵਜੋਂ ਸੰਬੋਧਨ ਕੀਤਾ।

ਕਾਮਰੇਡ ਅਮ੍ਰਿਤਪਾਲ ਨੂੰ ਪਰਿਵਾਰ ਅਤੇ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਵੱਲੋਂ ਅਤੇ ਇਨਕਲਾਬੀ ਗੀਤਾਂ ਰਾਹੀਂ ਸ਼ਰਧਾਜਲੀ ਭੇਂਟ ਕਰਨ ਉਪਰੰਤ “ਸਾਮਰਾਜੀ ਜੰਗਾਂ ਤੇ ਫਲਸਤੀਨ ਉੱਤੇ ਅਮਰੀਕਾ-ਇਜਰਾਇਲ ਦਾ ਹਮਲਾ” ਵਿਸ਼ੇ ’ਤੇ ਗੱਲਬਾਤ ਕਰਦਿਆਂ ਬੂਟਾ ਸਿੰਘ ਨੇ ਕਿਹਾ ਫਿਲਿਸਤੀਨੀ ਲੋਕਾਂ ਉੱਤੇ ਹਮਲਾ ਸਾਮਰਾਜੀ ਦੇਸ਼ਾਂ ਦੀ ਆਪਸੀ ਖਿੱਚੋਤਾਣ ਦਾ ਨਤੀਜਾ ਹੈ ਤੇ ਇਜਰਾਇਲ ਨੂੰ ਅਮਰੀਕੀ ਸਾਮਰਾਜ ਦੀ ਪੂਰੀ ਸਹਿ ਪ੍ਰਾਪਤ ਹੈ। ਇਸ ਹਮਲੇ ਦਾ ਸਭ ਤੋਂ ਜਾਲਮ ਪੱਖ ਇਹ ਰਿਹਾ ਕਿ ਇਜ਼ਰਾਇਲ ਨੇ ਇਸ ਹਮਲੇ ਵਿੱਚ ਫੌਜੀ ਟਿਕਾਣਿਆਂ ਦੀ ਥਾਂ ਸਕੂਲਾਂ, ਹਸਪਤਾਲਾਂ ਨੂੰ ਨਿਸ਼ਾਨਾ ਬਣਾ ਕੇ ਛੋਟੇ ਬੱਚਿਆਂ ਅਤੇ ਔਰਤਾਂ ਨੂੰ ਨਿਸ਼ਾਨਾ ਬਣਾਇਆ ਅਤੇ ਫਲਸਤੀਨੀ ਲੋਕਾਂ ਦੀ ਨਸਲਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ। ਆਉਣ ਵਾਲੀਆਂ ਨਸਲਾਂ ਨੂੰ ਨਿਸ਼ਾਨਾ ਬਣਾਉਣਾ ਵਹਿਸ਼ੀਪੁਣੇ ਦੀ ਹੱਦ ਹੈ। ਸਾਮਰਾਜੀ ਮੁਲਕ ਆਪਣੇ ਤੋਂ ਛੋਟੇ ਮੁਲਕਾਂ ਨੂੰ ਨਿਸ਼ਾਨਾ ਬਣਾ ਕੇ ਉਥੋਂ ਦੀ ਮੰਡੀ ਅਤੇ ਕੁਦਰਤੀ ਸੋਮਿਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਉਹਨਾਂ ਕਿਹਾ ਅਜਿਹੇ ਹਮਲਿਆਂ ਨੂੰ ਦੱਬੇ ਕੁਚਲੇ ਲੋਕਾਂ ਦਾ ਏਕਾ ਹੀ ਠੱਲ ਪਾ ਸਕਦਾ ਹੈ ਜਿਸ ਤਰਾਂ ਮੋਦੀ ਹੁਕੂਮਤ ਨੂੰ ਕਿਸਾਨਾਂ ਅਤੇ ਲੋਕਾਂ ਦੇ ਅੰਦੋਲਨ ਅੱਗੇ ਝੁਕਦਿਆਂ ਖੇਤੀ ਕਾਨੂੰਨ ਵਾਪਸ ਲੈਣੇ ਪਏ ਇਸੇ ਤਰਾਂ ਮਿਹਨਤਕਸ਼ ਲੋਕਾਂ ਦਾ ਏਕਾ ਹੀ ਇਹਨਾਂ ਹਮਲਿਆਂ ਨੂੰ ਰੋਕ ਸਕਦਾ ਹੈ। ਸੈਮੀਨਾਰ ਤੋਂ ਮਗਰੋਂ ਫਿਲਿਸਤੀਨੀ ਲੋਕਾਂ ਦੇ ਹੱਕ ਵਿੱਚ ਸਾਮਰਾਜੀ ਦੇਸ਼ਾਂ ਵੱਲੋਂ ਜੰਗਾਂ ਦਾ ਮਾਹੌਲ ਸਿਰਜਨ ਖਿਲਾਫ ਨਾਅਰੇਬਾਜ਼ੀ ਕੀਤੀ ਗਈ।

ਇਸ ਮੌਕੇ ਕਾਮਰੇਡ ਅਮ੍ਰਿਤਪਾਲ ਦੀ ਪਤਨੀ ਮੈਡਮ ਮਧੂ ਬੇਟੀਆਂ ਮੀਨੂੰ ਅਤੇ ਨਿਸ਼ਾ ਸਮੇਤ ਵੱਖ-ਵੱਖ ਜੱਥੇਬੰਦੀਆਂ ਵੱਲੋਂ ਡਾ. ਮੋਹਣ, ਕੰਵਲਜੀਤ ਖੰਨਾ, ਰਾਕੇਸ਼ ਆਜ਼ਾਦ, ਮਾਸਟਰ ਭਜਨ ਕੈਨੇਡਾ, ਕਰਨਲ ਜਗਦੀਸ਼ ਬਰਾੜ, ਜਸਵੰਤ ਜ਼ੀਰਖ, ਸੁਰਿੰਦਰ, ਰਵਿਤਾ, ਕਰਮਜੀਤ ਸਿੰਘ ਆਦਿ ਹਾਜ਼ਰ ਸਨ

# ‘ਲੋਕ ਕੀ ਕਹਿਣਗੇ’ 2023 ਈਵੈਂਟ ’ਚ ਭਰਪੂਰ ਹਾਜ਼ਰੀ




ਕੈਲਗਰੀ ਵੂਮੈਨ ਕਲਚਲ ਐਸੋਸੀਏਸ਼ਨ ਵਲੋਂ ਪਿਛਲੇ ਪੰਜ ਸਾਲ ਤੋਂ ਆਪਣਾ ਸਲਾਨਾ ਈਵੈਂਟ ‘ਲੋਕ ਕੀ ਕਹਿਣਗੇ!’ ਬੈਨਰ ਹੇਠ ਕੀਤਾ ਜਾ ਰਿਹਾ ਹੈ। ਇਸ ਈਵੈਂਟ ਦਾ ਮਕਸਦ ‘ਲੋਕ ਕੀ ਕਹਿਣਗੇ!’ ਸਮਾਜਿਕ ਰੀਤ ਤਹਿਤ ਸਮਾਜ ਵਿੱਚ ਮੌਜੂਦ ਧਾਰਨਾਵਾਂ, ਭ੍ਰਾਂਤੀਆਂ, ਵਰਜਨਾਵਾਂ, ਗਲਤਫ਼ਹਿਮੀਆਂ ਆਦਿ ਸਬੰਧੀ ਲੋਕਾਂ ਨੂੰ ਜਾਗਰੂਕ ਕਰਨਾ ਹੈ। ਇਸ ਸਾਲ ਇਹ ਸਲਾਨਾ ਈਵੈਂਟ 26 ਨਵੰਬਰ ਦਿਨ ਐਤਵਾਰ ਨੂੰ ਟੈਂਪਲ ਕਮਿਊਨਿਟੀ ਹਾਲ ਵਿੱਚ ਕੀਤਾ ਗਿਆ। 12:00 ਵਜੇ ਹਾਲ ਦੇ ਦਰਵਾਜ਼ੇ ਖੁਲ੍ਹਦਿਆਂ ਹੀ ਕਮਿਊਨਿਟੀ ਦੇ ਮੈਂਬਰ ਆਪਣੇ ਨਾਂ ਰਜਿਸਟਰ ਕਰਵਾ ਕੇ ਸੀਟਾਂ ਉਪਰ ਬੈਠਣ ਲਗ ਪਏ। 12:30 ਵਜੇ ਤੱਕ ਡੇਢ ਪੌਣੇ ਦੋ ਸੌ ਤੋਂ ਉਪਰ ਦੀ ਹਾਜ਼ਰੀ ਨਾਲ ਹਾਲ ਭਰ ਚੁੱਕਾ ਸੀ। ਸਟੇਜ ਤੇ ‘ਲੋਕ ਕੀ ਕਹਿਣਗੇ!’ ਦੇ ਬੈਨਰ ਹੇਠ ਅੱਜ ਦੀ ਈਵੈਂਟ ਦਾ ਟੌਪਿਕ ‘ਸਮਾਜਿਕ ਰਿਸ਼ਤਿਆਂ ਦਾ ਦਿਮਾਗੀ ਸਿਹਤ ਤੇ ਪ੍ਰਭਾਵ’ ਹਰੇਕ ਦਾ ਧਿਆਨ ਖਿੱਚ ਰਿਹਾ ਸੀ। ਪਹਿਲਾਂ ਇਸ ਵਿਸ਼ੇ ਤੇ ਮਾਹਿਰਾਂ ਨੇ ਆਪਣੇ ਵਿਚਾਰ ਸਾਂਝੇ ਕਰਨੇ ਸਨ ਅਤੇ ਬਾਦ ਵਿੱਚ ਹਾਜ਼ਰ ਦਰਸ਼ਕਾਂ ਨੇ ਵਿਚਾਰ ਚਰਚਾ ਵਿੱਚ ਭਾਗ ਲੈਣਾ ਸੀ।

ਸਟੇਜ ਦਾ ਸੰਚਾਲਨ ਸਭਾ ਦੇ ਕੋਆਰਡੀਨੇਟਰ ਗੁਰਚਰਨ ਥਿੰਦ ਵਲੋਂ ਕੀਤਾ ਗਿਆ। ਉਨ੍ਹਾਂ ਸਭ ਹਾਜ਼ਰੀਨ ਨੂੰ ਅੱਜ ਦੇ ਇਸ ਸਮਾਗਮ ਵਿੱਚ ਪਹੁੰਚਣ ਤੇ ਜੀ ਆਇਆਂ ਆਖਿਆ ਅਤੇ ਸਮਾਗਮ ਦੀ ਰੂਪ-ਰੇਖਾ ਦੱਸਦਿਆਂ ਕਿਹਾ ਕਿ ਅੱਜ ਦੇ ਵਿਸ਼ੇ ਉਪਰ ਵਿਚਾਰ ਚਰਚਾ ਕਰਨ ਦੇ ਇਲਾਵਾ ਸਭਾ ਵਲੋਂ ਤਿੰਨ ਸੀਨੀਅਰ ਔਰਤਾਂ ਨੂੰ ਸਨਮਾਨਤ ਕੀਤਾ ਜਾਵੇਗਾ। ਉਨ੍ਹਾਂ ਸਭਾ ਦੇ ਪ੍ਰਧਾਨ ਬਲਵਿੰਦਰ ਬਰਾੜ, ਵਿਸ਼ਾ ਮਾਹਿਰ ਸ਼੍ਰੀ ਮਤੀ ਬੇਲਾ ਗੁਪਤਾ ਅਤੇ ਮਿਸਟਰ ਸੱਜਾਦ ਮਿਰਜ਼ਾ ਜੀ ਨੂੰ ਮੰਚ ਤੇ ਬੈਠਣ ਦਾ ਸੱਦਾ ਦਿੱਤਾ। ਸੁਰਿੰਦਰ ਸੰਧੂ ਦੁਆਰਾ ਸ਼ਬਦ ਗਾਇਨ ਨਾਲ ਸਮਾਗਮ ਦੀ ਸ਼ੁਰੂਆਤ ਕੀਤੀ ਗਈ। ਉਪਰੰਤ ਸਿਟੀ ਕਾਂਊਂਸਲਰ ਰਾਜ ਧਾਲੀਵਾਲ ਨੇ ਆਪਣੇ ਸੰਬੋਧਨ ਵਿੱਚ ਅੱਜ ਦੇ ਇਸ ਸਮਾਗਮ ਦੀ ਸਾਰਥਿਕਤਾ ਬਾਰੇ ਗੱਲ ਕੀਤੀ ਅਤੇ ਸਭਾ ਨੂੰ ਕਮਿਊਨਿਟੀ ਲਈ ਅਜਿਹਾ ਮਹੱਤਵ ਪੂਰਨ ਕਾਰਜ ਕਰਨ ਦੀ ਵਧਾਈ ਦਿੱਤੀ। ਉਨ੍ਹਾਂ ਨੇ ਸਭਾ ਦੇ ਪ੍ਰਧਾਨ ਅਤੇ ਐਗਜ਼ੈਕਟਿਵ ਮੈਂਬਰਾਂ ਦੇ ਨਾਲ ਮਿਲ ਕੇ ਜਪਾਨੀ ਮੂਲ ਦੀ ਔਰਤ ‘ਕੈਂਡਰਾ ਓਹਾਮਾ’ ਨੰ ‘ਕਰੈਜ ਐਂਡ ਪ੍ਰਸੀਵੀਐਂਸ’ ਅਵਾਰਡ ਨਾਲ ਸਨਮਾਨਤ ਕੀਤਾ। ‘ਕੈਂਡਰਾ ਓਹਾਮਾ’ ਨੂੰ ਇਹ ਸਨਮਾਨ ਉਨ੍ਹਾਂ ਦੇ 16 ਸਾਲ ਦੀ ਉਮਰ ਵਿੱਚ ਅਪਾਹਜ ਹੋ ਜਾਣ ਦੇ ਬਾਵਜੂਦ ਇੱਕ ਉੱਚ ਦਰਜੇ ਦੀ ਖਿਡਾਰਨ ਵਜੋਂ ਪੈਰਾਓਲਿੰਪਕਸ ਵਿੱਚ ਜਿੱਤਾਂ ਪ੍ਰਾਪਤ ਕਰਨ ਅਤੇ ਇੱਕ ਕਾਮਯਾਬ ਗੋਲਡਸਮਿੱਥ ਬਿਜ਼ਨਸ ਵੁਮੇਨ ਬਣਨ ’ਤੇ, ਉਨ੍ਹਾਂ ਦੇ ਹੌਸਲੇ ਅਤੇ ਲਗਨ ਦੀ ਪ੍ਰਸ਼ੰਸਾ ਹਿੱਤ ਪ੍ਰਦਾਨ ਕੀਤਾ ਗਿਆ।




# ਢੁੱਡੀਕੇ ਦੇ ਗ਼ਦਰੀ ਸ਼ਹੀਦਾਂ ਦੀ ਯਾਦ 'ਚ ਸਮਾਗਮ ; ਲੋਕ ਸੰਗਰਾਮ ਜਾਰੀ ਰੱਖਣ ਦਾ ਦਿੱਤਾ ਹੋਕਾ

**ਬਲਜਿੰਦਰ ਸਿੰਘ ਪਟਿਆਲਾ**

ਆਜ਼ਾਦੀ ਸੰਗਰਾਮ ਵਿੱਚ ਨਿਵੇਕਲੀਆਂ ਪੈੜਾਂ ਪਾਉਣ ਵਾਲੇ ਗ਼ਦਰੀ ਬਾਬਿਆਂ ਦੀ ਯਾਦ 'ਚ ਅੱਜ ਪਿੰਡ ਢੁੱਡੀਕੇ ਵਿਖੇ ਦੇਸ਼ ਭਗਤ ਗ਼ਦਰੀ ਬਾਬੇ ਅਤੇ ਚੈਰੀਟੇਬਲ ਸੇਵਾ ਟਰਸਟ ਵੱਲੋਂ ਕਰਵਾਏ ਯਾਦਗਾਰੀ ਸਮਾਗਮ ਮੌਕੇ ਹੋਈਆਂ ਗੰਭੀਰ ਵਿਚਾਰਾਂ ਮੌਕੇ ਇਹ ਪੱਖ ਉਭਰਵੇਂ ਰੂਪ ਵਿੱਚ ਸਾਹਮਣੇ ਆਇਆ ਕਿ ਗ਼ਦਰੀ ਬਾਬਿਆਂ ਦੇ ਸੁਪਨਿਆਂ ਦੀ ਆਜ਼ਾਦੀ ਬਰਾਬਰੀ, ਸਾਂਝੀਵਾਲਤਾ ਅਤੇ ਧਰਮ ਨਿਰਪੱਖ ਰਾਜ ਦੀ ਸਿਰਜਣਾ ਦਾ ਕਾਜ਼ ਅਜੇ ਅਧੂਰਾ ਹੈ ਇਸ ਲਈ ਸਮੂਹ ਲੋਕਾਂ ਨੂੰ ਰਾਜ ਅਤੇ ਸਮਾਜ ਬਦਲਣ ਲਈ ਜੱਦੋ ਜਹਿਦ ਜਾਰੀ ਰੱਖਣ ਦੀ ਲੋੜ ਹੈ।

ਸਮਾਗਮ 'ਚ ਪੁੱਜੀਆਂ ਸਮੂਹ ਸੰਸਥਾਵਾਂ, ਅਮਰੀਕਾ ਕਨੇਡਾ ਤੋਂ ਆਏ ਸਾਥੀਆਂ ਅਤੇ ਸਮਾਗਮ ਪ੍ਰਬੰਧਕੀ ਕਮੇਟੀ ਦੇ ਪ੍ਰਤੀਨਿਧੀਆਂ ਨੇ ਸ਼ਹੀਦਾਂ ਨੂੰ ਫ਼ੁੱਲ ਮਾਲਾ ਪਹਿਨਾਕੇ ਅਤੇ ਖੜ੍ਹੇ ਹੋ ਕੇ ਉਹਨਾਂ ਦੇ ਦਰਸਾਏ ਮਾਰਗ ਤੇ ਚੱਲਣ ਦਾ ਅਹਿਦ ਲਿਆ।

ਯਾਦਗਾਰੀ ਸਮਾਗਮ ਨੂੰ ਕੈਲਗਰੀ (ਕਨੇਡਾ) ਤੋਂ ਆਏ ਮਾਸਟਰ ਭਜਨ ਸਿੰਘ ਉਹਨਾਂ ਦੇ ਜੀਵਨ ਸਾਥਣ ਸੁਰਿੰਦਰ ਕੌਰ, ਅਮਰੀਕਾ ਤੋਂ ਆਏ ਹਰਸ਼ਰਨ ਗਿੱਲ ਧੀਦੋ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਸੁਰਿੰਦਰ ਸਿੰਘ ਜਲਾਲਦੀਵਾਲ, ਕਿਰਤੀ ਕਿਸਾਨ ਯੂਨੀਅਨ ਦੇ ਜਨਰਲ ਸਕੱਤਰ ਨਿਰਭੈ ਸਿੰਘ ਢੁੱਡੀਕੇ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਅਤੇ ਟਰੇਡ ਯੂਨੀਅਨ ਆਗੂ ਬਲਵੰਤ ਸਿੰਘ ਬਾਘਾ ਪੁਰਾਣਾ ਨੇ ਸੰਬੋਧਨ ਕੀਤਾ।

ਇਹਨਾਂ ਬੁਲਾਰਿਆਂ ਸਮੇਤ ਕੰਵਰਦੀਪ ਸਿੰਘ ਢੁੱਡੀਕੇ,ਸ਼ਹੀਦ ਅਵਤਾਰ ਸਿੰਘ ਢੁੱਡੀਕੇ ਦੀ ਜੀਵਨ ਸਾਥਣ ਸੁਰਿੰਦਰ ਕੌਰ ਢੁੱਡੀਕੇ, ਜਸਪਾਲ ਸਿੰਘ ਕਮਾਲਪੁਰਾ, ਜੋਗਿੰਦਰ ਆਜ਼ਾਦ ਜਗਰਾਉਂ, ਮਾਸਟਰ ਕ੍ਰਿਸ਼ਨ ਦਿਆਲ ਕੁੱਸਾ, ਸੁੱਖੀ ਢੁੱਡੀਕੇ, ਅਮਨਦੀਪ ਗਿੱਲ ਮੱਦੋਕੇ, ਇਨਕਲਾਬੀ ਕਵੀਸ਼ਰੀ ਜਥਾ ਰਸੂਲਪੁਰ ਅਤੇ ਚੇਤਨਾ ਕਲਾ ਕੇਂਦਰ ਬਰਨਾਲਾ ਦੇ ਕਲਾਕਾਰਾਂ ਨੇ ਵੀ ਸ਼ਹੀਦਾਂ ਨੂੰ ਸਿਜਦਾ ਕੀਤਾ।



ਬੁਲਾਰਿਆਂ ਨੇ ਜ਼ੋਰ ਦੇ ਕੇ ਕਿਹਾ ਕਿ ਨਸ਼ਿਆਂ ਦੇ ਦਰਿਆਵਾਂ ਵਿੱਚ ਗੋਤੇ ਖਾਣ ਜਾਂ ਬਦੇਸ਼ਾਂ ਵੱਲ ਉਡਾਰੀ ਮਾਰਨ ਦੀ ਬਜਾਏ ਪੰਜਾਬ ਦੀ ਜੁਆਨੀ ਨੂੰ ਚਾਹੀਦਾ ਹੈ ਕਿ ਉਹ ਗ਼ਦਰੀ ਬਾਬਿਆਂ ਦੀਆਂ ਪੈੜਾਂ ਦੀ ਧੂੜ ਨੂੰ ਮਸਤਕ ਨਾਲ ? ਲਗਾਕੇ ਲੋਕ ਸੰਗਰਾਮ ਲਈ ਨਗਾਰੇ ਉੱਤੇ ਚੋਟ ਲਾਉਣ ਵਾਸਤੇ ਅੱਗੇ ਆਉਣ।

ਸਮਾਗਮ 'ਚ ਇਨਕਲਾਬੀ ਕਵੀਸ਼ਰੀ ਜਥਾ ਰਸੂਲਪੁਰ ਦੀ ਟੀਮ ਨੇ ਬਹੁਤ ਹੀ ਪ੍ਰਭਾਵਸ਼ਾਲੀ ਕਵੀਸ਼ਰੀਆਂ ਦਾ ਰੰਗ ਭਰਿਆ।

ਚੇਤਨਾ ਕਲਾ ਕੇਂਦਰ ਬਰਨਾਲਾ (ਹਰਵਿੰਦਰ ਦੀਵਾਨਾ) ਦੀ ਨਾਟਕ ਟੀਮ ਨੇ 'ਪੰਜਾਬ ਸਿਓਂ ਆਵਾਜ਼ਾਂ ਮਾਰਦੈ' ਨਾਟਕ ਪੇਸ਼ ਕੀਤਾ। ਹਰਪਾਲ ਸਿੰਘ ਢੁੱਡੀਕੇ ਨੇ ਮੰਚ ਸੰਚਾਲਨ ਦੀ ਭੂਮਿਕਾ ਅਦਾ ਕੀਤੀ।



















# ਸਮਾਜਿਕ ਮਨੋਵਿਗਿਆਨ ਪਹਿਲੂ : ਜ਼ੁਰਮ, ਸੈਕਸ, ਹਿੰਸਾ ਤੇ ਸਿਆਸਤ










*ਗੈਰ ਮਾਨਵੀ ਸਮਾਜ ਦੀਆਂ ਪਰਤਾਂ ਸਮਾਜਿਕ, ਜੀਵਨ 'ਤੇ ਮਨੋਵਿਗਿਆਨਕ ਢੰਗਾਂ ਨਾਲ ਅਚੇਤ /ਸੁਚੇਤ ਰੂਪ 'ਚ ਸ਼ਾਮਲ ਕੀਤੀਆਂ ਜਾ ਰਹੀਆਂ ਹਨ,ਜਿਨ੍ਹਾਂ ਦੇ ਰੂਪ ਸੈਕਸ, ਜੁਰਮ, ਹਿੰਸਾ ਤੇ ਸਿਆਸਤ 'ਚ ਸ਼ਾਮਲ ਹੋ ਚੁੱਕੇ ਹਨ, ਅਜੋਕੇ ਦੌਰ ਦੀ ਇਸ ਸਥਿਤੀ ਤੇ ਮਾਨਸਿਕ ਪੀੜ੍ਹਾ ਨੂੰ ਤੀਸਰੀ ਅੱਖਾਂ ਨਾਲ ਸਮਝਣ ਦੀ ਜ਼ਰੂਰਤ ਹੈ । ਸੰਵੇਦਨਸ਼ੀਲਤਾ ਨਾਲਇਸ ਲਿਖਤ 'ਚ ਦਰਸਾਉਣ ਦੀ ਸੁਹਿਰਦ ਕੋਸ਼ਿਸ਼ ਹੈ । – ਸੰਪਾਦਕ*

ਡਾ. ਕੁਲਦੀਪ ਕੌਰ

15 ਨਵੰਬਰ, 2022 ਨੂੰ ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਵਿੱਚ ਦਿਨ ਆਮ ਵਾਂਗ ਚੜ੍ਹਿਆ ਪਰ ਦੁਪਿਹਰ ਵੇਲੇ ਜਦੋਂ ਦਿੱਲੀ ਪੁਲਿਸ ਨੇ ਇੱਕ ਕਤਲ ਦੇ ਸਿਲਸਿਲੇ ਵਿੱਚ ਐੱਫ.ਆਈ.ਆਰ ਲਿਖੀ ਤਾਂ ਅਜਿਹੀ ਕਹਾਣੀ ਨਿਕਲਕੇ ਸਾਹਮਣੇ ਆਈ ਜਿਸ ਨੇ ਪੁਲਿਸ ਦੇ ਨਾਲ-ਨਾਲ ਮੌਜੂਦਾ ਮੰਨੋਰੰਜਨ ਇੰਡਸਟਰੀ, ਸਮਾਜਿਕ ਚੇਤਨਾ, ਸਰਕਾਰੀ ਇੰਤਜ਼ਾਮੀਆ ਅਤੇ ਮਾਨਵੀ ਸੰਵਦੇਨਾ ਤੇ ਵੱਡਾ ਸਵਾਲ ਖੜ੍ਹਾ ਕਰ ਦਿੱਤਾ। ਇਸ ਘਟਨਾ ਵਿੱਚ ਸ਼ਰਧਾ ਵਾਲਕਰ ਨਾਮ ਦੀ ਕੁੜੀ ਜਿਹੜੀ ਕਿ ਅਫਤਾਬ ਪੂਨੇਵਾਲਾ ਨਾਮ ਦ ਸ਼ਖ਼ਸ਼ ਨਾਲ ਲਿਵ-ਇੰਨ ਰਿਲਸ਼ਨਸ਼ਿਪ ਵਿੱਚ ਸੀ, ਨੂੰ ਆਫਤਾਬ ਨੇ ਮਾਰ ਦਿੱਤਾ ਤੇ ਫਿਰ ਕਤਲ ਦੇ ਸਬੂਤ ਮਿਟਾਉਣ ਲਈ ਉਸਦੀ ਲਾਸ਼ ਨੂੰ 37 ਟੁੱਕੜਿਆਂ ਵਿੱਚ ਕੱਟ ਕੇ ਕਾਲੇ ਰੰਗ ਦੇ ਲਿਫਾਫਿਆਂ ਵਿੱਚ ਪੈਕ ਕਰਕੇ ਫਰਿੱਜ ਵਿੱਚ ਲਗਾ ਦਿੱਤਾ। ਇਸ ਤੋਂ ਬਾਅਦ ਉਸਨੇ ਲਹੂ ਦੇ ਨਿਸ਼ਾਨ, ਕਤਲ ਦਾ ਹਥਿਆਰ ਆਦਿ ਖੁਰਦ-ਬੁਰਦ ਕੀਤਾ। ਇਸ ਕਤਲ ਦੀ ਇੰਨੀ ਤਫਸੀਲ ਲਿਖਣ ਦਾ ਮਕਸਦ ਇਹ ਦੱਸਣਾ ਹੈ ਕਿ ਉਸਨੇ ਇਹ ਸਾਰਾ ਕੁਝ ਆਪਣੇ ਪਸੰਦੀਦਾ ਕਿਰਦਾਰ 'ਡੈਕਸਟਰ' (ਅਮਰੀਕਣ ਕ੍ਰਾਈਮ ਸ਼ੀਰੀਜ਼) ਤੋਂ ਸਿੱਖ ਕੇ ਕੀਤਾ। ਜੇਕਰ ਅਖਬਾਰੀ ਕਤਰਨਾਂ ਤੇ ਨਿਗਾਹ ਮਾਰੀ ਜਾਵੇ ਤਾਂ ਅਜਿਹੇ ਅਨੇਕਾਂ ਹੈਰਾਨੀਜਨਕ ਜੁਰਮ ਅਤੇ ਕਤਲ ਦੇ ਮੁਕੱਦਮੇ ਸਾਹਮਣੇ ਆਉਂਦੇ ਹਨ ਜਿਹਨਾਂ ਵਿੱਚ ਕਾਤਲ ਨੇ ਕਤਲ ਕਰਨ ਦਾ ਢੰਗ, ਮ੍ਰਿਤਕ ਸਰੀਰ ਨੂੰ ਖੁਰਦ-ਬੁਰਦ ਕਰਨ ਦਾ ਤਰੀਕਾ ਅਤੇ ਜੁਰਮ ਦਾ ਨਾਮੋਂ-ਨਿਸ਼ਾਨ ਮਟਾਉਣ ਦਾ ਤਰੀਕਾ ਕਿਸੇ ਨਾ ਕਿਸੇ ਸੀਰੀਜ਼, ਫਿਲਮ ਜਾਂ ਟੀਵੀ ਸ਼ੋਅਜ਼ ਤੋਂ ਸਿੱਖਿਆ।



ਅਫਤਾਬ ਦੀ ਇਹ ਕਹਾਣੀ ਇੱਥੇ ਹੀ ਖਤਮ ਨਹੀਂ ਹੋਈ ਸਗੋਂ ਭਾਰਤ ਦੇ ਇੱਕ ਮਹਤੱਵਪੂਰਨ ਚੈਨਲ ਸੋਨੀ.ਟੀ.ਵੀ ਨੇ ਇਸ ਕਹਾਣੀ ਵਿੱਚ ਕਤਲ ਦੇ ਤਰੀਕਿਆਂ ਅਤੇ ਪੂਰੇ ਘਟਨਾਕ੍ਰਮ ਨੂੰ ਹੂ-ਬ-ਹੂ ਦਿਖਾਕੇ ਫਿਲਮਾਕੇ ਇਸ ਦਰਦਨਾਕ ਤਰਾਸਦੀ ਦਾ ਲਾਹਾ ਘੱਟਣ ਦੀ ਕੋਸ਼ਿਸ਼ ਕੀਤੀ ।ਕੁਝ ਦਰਸ਼ਕਾਂ ਦੁਆਰਾ ਤਿੱਖੇ ਵਿਰੋਧ ਤੋਂ ਬਾਅਦ ਮਜਬੂਰਨ ਉਹਨਾਂ ਨੂੰ ਇਸ ਦਾ ਪ੍ਰਸਾਰਣ ਬੰਦ ਕਰਨਾ ਪਿਆ।

ਭਾਰਤ ਵਿੱਚ ਪਿਛਲੇ ਦੋ ਦਹਾਕਿਆਂ ਵਿੱਚ ਅਨੇਕਾਂ ਅਜਿਹੀਆਂ 'ਰੇਅਰ ਆਫ ਦੀ ਰੈਅਰਿਸਟ' ਕਤਲ, ਬਲਾਤਕਾਰ ਤੇ ਸਮੂਹਿਕ ਹਿੰਸਾ ਦੀਆਂ ਘਟਨਾਵਾਂ ਵਾਪਰੀਆਂ ਹਨ ਜਿਹਨਾਂ ਨੇ ਮੁਲਕ ਦੀ ਸਮੂਹਿਕ ਚੇਤਨਾ ਨੂੰ ਤਾਂ ਝੰਜੋੜਿਆ ਹੈ ਪਰ ਮੰਨੋਰੰਜਨ ਜਗਤ ਦੀ ਮੁਨਾਫਾਖੋਰ ਪ੍ਰਵਿਰਤੀ ਅਤੇ ਜੁਰਮ/ਕਤਲ/ਸੈਕਸ ਆਧਾਰਿਤ ਫਾਰਮੂਲਿਆਂ ਦੇ ਰੁਝਾਣ ਨੂੰ ਠੱਲ ਪਾਉਣ ਵਿੱਚ ਨਾਕਾਮਯਾਬ ਸਾਬਿਤ ਹੋਏ ਹਨ।

ਇਸੇ ਸਾਲ 31 ਜੁਲਾਈ 2023 ਨੂੰ ਇੰਡੀਅਨ ਐਕਸਪ੍ਰੈਸ ਵਿੱਚ ਛਪੀ ਖਬਰ ਦੱਸਦੀ ਹੈ ਕਿ ਬੰਗਲੌਰ ਦੇ ਇੱਕ ਨੌਜਵਾਨ ਵਪਾਰੀ ਨੇ ਬੀਮਾ ਕੰਪਨੀ ਨੂੰ ਬੁੱਧੂ ਬਣਾਉਣ ਲਈ ਆਪਣੀ ਹੀ ਦੁਕਾਨ ਵਿੱਚ 2 ਕਰੋੜ ਦੀ ਚੋਰੀ ਕਰਵਾਈ ਜਿਸ ਦਾ ਸਾਰਾ ਪਲਾਨ ਉਸਨੇ ਇੱਕ ਵੈੱਬ ਸੀਰੀਜ਼ ਤੋਂ ਸਿੱਖਿਆ।

ਇਸੇ ਤਰ੍ਹਾਂ ਅਖਬਾਰ 'ਟਾਈਮਜ਼ ਆਫ ਇੰਡੀਆ' ਦੀ ਅਗੱਸਤ 2021 ਦੀ ਇੱਕ ਖਬਰ ਅਨੁਸਾਰ ਨੈਟਫਲਿੱਕਸ ਦੇ ਬਹੁ-ਚਰਚਿਤ ਸੀਰੀਜ਼ 'ਮਨੀ ਹੇਸਟ' ਤੋਂ ਪ੍ਰਭਾਵਿਤ ਹੋ ਕੇ ਲਖਨਊ ਦੇ ਗੋਮਤੀਨਗਰ ਵਿੱਚ ਚੋਰਾਂ ਨੇ ਡਕੈਤੀ ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ।

ਪਿਛਲੇ ਕੁਝ ਸਾਲਾਂ ਵਿੱਚ ਵੱਖ-ਵੱਖ ਉਟੀਟੀ ਪਲੇਟਫਾਰਮਾਂ ਜਿਵੇਂ ਐਮਾਜ਼ੋਨ ਪ੍ਰਾਈਮ, ਨੈੱਟਫਿਲਕਸ, ਜੀਉ ਸਿਨੇਮਾ, ਜ਼ੀ-5, ਮੂਬੀ ਅਤੇ ਯੂਟਿਊਬ ਪ੍ਰਾਈਮ ਆਦਿ ਨੇ ਦ੍ਰਿਸ਼-ਸੰਸਾਰ ਦੀ ਸੰਰਚਨਾ ਅਤੇ ਫਿਲਮ ਦੇਖਣ ਦੀ ਪ੍ਰੀਕ੍ਰਿਆ ਨੂੰ ਅਣਗਿਣਤ ਢੰਗਾਂ ਨਾਲ ਪੁਨਰ-ਪ੍ਰਭਾਸ਼ਿਤ ਕੀਤਾ ਹੈ ।ਨਵੀਂ ਤਰਾਂ ?ਹ ਦੇ ਤਕਨੀਕੀ ਹੁਨਰ ਨਾਲ ਭਰਪੂਰ ਫਿਲਮਸਾਜ਼ੀ, ਵੀਐੱਫਐਕਸ ਅਤੇ ਸਪੈਸ਼ਲ ਇਫੈਕਟ, ਕੰਪਿਊਟਰ ਦੁਆਰਾ ਨਿਰਮਿਤ ਤਸਵੀਰਾਂ ਤੇ ਦ੍ਰਿਸ਼ਾਂ ਦੀ ਖੁੱਲੀ ਵਰਤੋਂ, ਹਿੰਸਾ/ਸੈਕਸ/ਜ਼ੁਰਮਾਂ ਤੇ ਸਿਆਸਤ ਵਿੱਚ ਗੁੰਨੀਆਂ ਪਟਕਥਾਵਾਂ ਅਤੇ ਹਰੇ, ਨੀਲੇ ਤੇ ਭੂਰੇ-ਰੰਗੇ ਕੈਨਵਸਾਂ ਤੇ ਫਿਲਮਾਏ ਬਿਰਤਾਂਤ ਓਟੀਟੀ ਪਲੇਟਫਾਰਮਾਂ ਨੂੰ ਬਾਲੀਵੁੱਡ ਸਿਨੇਮਾ, ਭਾਰਤ ਦੇ ਪਬਲਿਕ ਬਰਾਂਡਕਾਸਟਿੰਗ ਸਿਸਟਮ ਅਤੇ ਸਟਾਰ-ਪਲੱਸ, ਸੋਨੀ, ਜ਼ੀ.ਟੀ.ਵੀ ਆਦਿ ਉੱਪਰ ਦਹਾਕਿਆਂ ਤੋਂ ਪ੍ਰਸਾਰਿਤ ਹੋ ਰਹੇ ਸੀਰੀਅਲਾਂ ਤੇ ਸ਼ੋਆਂ ਤੋਂ ਵੱਖਰਾ ਕਰਦਾ ਹੈ।

ਇਸ ਦੇ ਨਾਲ ਹੀ ਇਹ ਵੀ ਸ਼ਪੱਸ਼ਟ ਹੈ ਕਿ ਇਹਨਾਂ ਦਾ ਖਾਕਾ ਸਾਊਥ ਕੋਰੀਆ ਦੇ ਸਸਪੈਸ-ਥ੍ਰਿਲਰਜ਼, ਹਾਲੀਵੁੱਡ ਦੇ ਫਿਲਮ ਬਣਾਉਣ ਦੇ ਸਟਾਈਲ ਅਤੇ ਸਾਊਥ ਇੰਡੀਅਨ ਫਿਲਮਾਂ ਦੇ ਫਿਲਮਾਂਕਣ ਨਾਲ ਵੱਧ ਮਿਲਦਾ-ਜੁਲਦਾ ਹੈ। ਇਹਨਾਂ ਸੀਰੀਜ਼ ਦੀ ਗਿਣਤੀ ਹੁਣ ਹਜ਼ਾਰਾਂ ਵਿੱਚ ਹੈ ਅਤੇ ਇਸ ਪੇਪਰ ਲਈ ਤਿੰਨ ਮੁੱਖ ਉਟੀਟੀ ਪਲੇਟਫਾਰਮਾਂ ਨੈੱਟਫਲਿਕਸ, ਹੌਟ ਸਟਾਰ ਅਤੇ ਐਮਾਜ਼ੋਨ ਪ੍ਰਾਈਮ ਤੇ ਰਿਲੀਜ਼ ਹੋਈਆਂ ਨਿਮਨਲਿਖਤ ਸੀਰੀਜ਼ ਤੇ ਫਿਲਮਾਂ ਨੂੰ ਆਧਾਰ ਬਣਾਇਆ ਗਿਆ ਹੈ:

ਸੈਕਰਡ ਗੇਮਜ਼, ਦਿੱਲੀ ਕਰਾਈਮ, ਘ੍ਰਾਓਲ, ਚੂਨਾ, ਦੀ ਹੰਟ ਫਾਰ ਵੀਰੱਪਣ, ਕੈਟ, ਸ਼ੀ, ਕੋਟਾ ਫੇਕਟਰੀ, ਸਕੂਪ, ਮਿਸਮੈਚਿਡ, ਤਾਜ ਮਹੱਲ, ਕਲਾਸ, ਖਾਕੀ, ਲੈਲਾ, ਸ਼ੋਸ਼ਲ ਕਨੈਕਟ,ਟਰਾਇਲ ਵਾਏ ਫਾਇਰ, ਹਿੱਟ: ਦੀ ਫਸਟ ਕੇਸ ਅਤੇ ਕਲਾ।

ਓਟੀਟੀ ਪਲੇਟਫਾਰਮਾਂ ਤੇ ਪ੍ਰਸਾਰਿਤ ਇਹਨਾਂ ਸੀਰੀਜ਼ ਅਤੇ ਸ਼ੋਅਜ਼ ਦੇ ਨਿਰਮਾਣ ਤੇ ਨਿਰਦੇਸ਼ਨ ਦੀ ਸਿਆਸੀ-ਆਰਥਿਕਤਾ ਦੇ ਕਈ ਪਹਿਲੂ ਹਨ। ਇੱਥੇ ਗਲੋਬਲ ਪੱਧਰ ਤੇ ਮੰਨੋਰੰਜਨ ਜਗਤ ਵਿੱਚ ਨਿਵੇਸ਼ ਦੇ ਵਰਤਾਰੇ ਨੂੰ ਸਮਝਣਾ ਅਤੇ ਪੱਛਮੀ ਸੱਭਿਆਚਾਰਕ ਮਾਧਿਅਮਾਂ ਵੱਲੋਂ ਅਮਰੀਕਾ-ਰੂਸ ਦਰਮਿਆਨ ਚੱਲਦੀ ਰਹੀ ਠੰਢੀ ਜੰਗ ਦੌਰਾਨ ਸਿਰਜੇ ਬਿਰਤਾਤਾਂ ਦੀ ਲਗਾਤਾਰਤਾ ਬਣੀ ਰਹਿਣ ਦੇ ਮਹਤੱਵਪੂਰਣ ਨੁਕਤਿਆਂ ਤੇ ਚਰਚਾ ਕਰਨੀ ਜ਼ਰੂਰੀ ਹੈ ਕਿਉਂਕਿ ਇਹਨਾਂ ਦਾ ਝਲਕਾਰਾ ਲਗਾਤਾਰ ਉਟੀਟੀ ਪਲੇਟਫਾਰਮਾਂ ਦੁਆਰਾ ਤੀਜੀ ਦੁਨੀਆ ਦੇ ਦਰਸ਼ਕਾਂ ਅੱਗੇ ਪਰੋਸੀ ਮੰਨੋਰੰਜਕ ਸਮੱਗਰੀ ਵਿੱਚੋਂ ਵਾਰ-ਵਾਰ ਝਲਕਦਾ ਹੈ।

ਇਹਨਾਂ ਸੀਰੀਜ਼ ਅਤੇ ਸ਼ੋਅਜ਼ ਰਾਹੀ ਸਿਰਜਿਆ ਬਿਰਤਾਂਤ, ਇਸ ਸਬੰਧ ਵਿੱਚ ਘੜ੍ਹੀਆਂ ਗਈਆਂ ਸਿਆਸੀ ਤਹਿਰੀਰਾਂ, ਤੀਜੀ ਦੁਨੀਆਂ ਦੇ ਮੁਲਕਾਂ ਉੱਪਰ ਆਰਥਿਕ ਦਾਬੇ ਅਤੇ ਪਹਿਲੀ ਦੁਨੀਆ ਦੇ ਮੁਲਕਾਂ ਦੀ ਉੱਚ-ਸੱਭਿਅਤਾ ਦੀ ਮਿੱਥ ਨਾਲੋਂ ਕਿਸੇ ਤਰ੍ਹਾਂ ਵੀ ਵੱਖਰਾ ਨਹੀਂ। ਪ੍ਰਸਿੱਧ ਵਿੱਤੀ ਸੰਸਥਾ ਫੋਰਬਿਸ ਵੱਲੋਂ ਕੀਤੇ ਅਧਿਐਨਾਂ ਮੁਤਾਬਿਕ ਕਰੋਨਾ ਮਹਾਂਮਾਰੀ ਦੌਰਾਨ ਨਾ ਸਿਰਫ ਫਿਲਮ ਸਨਅਤ ਬਲਕਿ ਮਿਊਜ਼ਿਕ ਸ਼ੋਅ ਅਤੇ ਥੀਏਟਰ ਕਲਾ ਵੀ ਮਹਿਸੂਸ ਕਰਨ ਦੀ ਥਾਂ ਵਿਯੂਅਲ ਪੇਸ਼ਕਾਰੀ ਮਾਧਿਅਮਾਂ ਦਾ ਹਿੱਸਾ ਹੋ ਗਈ। ਅੱਜ ਦੇ ਦੌਰ ਵਿੱਚ ਇਹ ਹੋਰ ਵੀ ਗੁੰਝਲ ਦਾਰ ਮਸਲਾ ਬਣ ਚੁੱਕਿਆ ਹੈ ਜਦਕਿ ਆਰਟੀਫਿਸ਼ਲ ਇੰਟੈਲੀਜੈਂਸ, ਮੈਟਵਰਸ, ਸ਼ੋਸ਼ਲ ਮੀਡੀਆ 2:0, ਮੀਡੀਆ ਕਰੀਏਟਰਜ਼ ਇੰਡਸਟਰੀ ਅਤੇ ਆਨ ਡਿਮਾਂਡ ਮੀਡੀਆ ਦਾ ਯੁੱਗ ਆ ਚੁੱਕਾ ਹੈ ਅਤੇ ਮੀਡੀਆ-ਖੋਜ ਨਾਲ ਸਬੰਧਿਤ ਅਦਾਰੇ ਦਰਸ਼ਕਾਂ/ਵਿਊਅਰਜ਼ ਦਾ ਧਿਆਨ ਖਿੱਚਣ, ਉਹਨਾਂ ਨੂੰ ਵੱਧ ਤੋਂ ਵੱਧ ਸਮੇਂ ਤੱਕ ਮਾਧਿਅਮ ਨਾਲ ਜੋੜੀ ਰੱਖਣ ਅਤੇ ਨਿੱਜਤਾ ਦੀਆਂ ਬਾਰੀਕ ਤੋਂ ਬਾਰੀਕ ਤੈਹਾਂ ਨੂੰ ਫਰੋਲਣ ਨੂੰ ਆਪਣੀ ਰੈਵੀਨਿਊ ਜੈਨਰੇਸ਼ਨ ਪਾਲਿਸੀ ਦਾ ਮੁੱਖ ਧੁਰਾ ਮੰਨਦੇ ਹਨ।

ਇਸ ਤੋਂ ਇਲਾਵਾ ਜੀਉ-ਪਲਿਟੀਕਲ ਤਣਾਉ ਜਿਵੇਂ ਇਜ਼ਰਾਈਲ ਅਤੇ ਫਲਸਤੀਨ ਵਿਚਕਾਰ ਹੋ ਰਹੀ ਹਿੰਸਾ ਅਤੇ ਰੂਸ-ਯੂਕਰੇਨ ਜੰਗ ਨੇ ਇਹਨਾਂ ਮੁਲਕਾਂ ਦੀ ਮੀਡੀਆ ਸਨਅੱਤ ਅਤੇ ਉਟੀਟੀ ਪਲੇਟਫਾਰਮਾਂ ਦੀ ਸਮੱਗਰੀ ਨੂੰ ਵੱਡੇ ਪੱਧਰ ਤੇ ਪ੍ਰਭਾਵਿਤ ਕੀਤਾ ਹੈ। ਮੀਡੀਆ ਰੈਗੂਲੇਸ਼ਨ ਅਤੇ ਵੱਖ-ਵੱਖ ਮੁਲਕਾਂ ਦੁਆਰਾ ਪਾਬੰਦੀਆਂ ਨੇ ਵੀ ਆਨਲਾਈਨ ਪਲੇਟਫਾਰਮਾਂ ਅਤੇ ਸੇਵਾਵਾਂ ਦੁਆਰਾ ਨਿੱਜੀ ਡੇਟਾ ਕਿਵੇਂ ਇਕੱਤਰ, ਸਟੋਰ ਅਤੇ ਵਰਤਿਆ ਜਾਂਦਾ ਹੈ, ਨਾਲ ਸੰਬੰਧਿਤ ਸਮੱਗਰੀ ਛਾਂਟਣ ਅਤੇ ਵਿਅਕਤੀਗਤ ਸਮੱਗਰੀ ਦੇ ਨਾਲ ਖਪਤਕਾਰਾਂ ਨੂੰ ਨਿਸ਼ਾਨਾ ਬਣਾਉਣ ਅਤੇ ਉਹਨਾਂ ਨੂੰ 'ਦੇਖਣਯੋਗ' ਜਾਂ 'ਨਾ ਦੇਖਣਯੋਗ' ਸ਼੍ਰੇਣੀਆਂ ਵਿੱਚ ਵੰਡਣ ਦੀ ਯੋਗਤਾ ਆਦਿ ਨੂੰ ਪ੍ਰਭਾਵਿਤ ਕਰਦੀਆਂ ਸਖਤ ਪਾਬੰਦੀਆਂ ਲਾਗੂ ਕੀਤੀਆਂ ਹਨ। ਇਸ ਸਬੰਧ ਵਿੱਚ ਭਾਰਤ ਸਰਕਾਰ ਦੁਆਰਾ ਸੰਨ 2023 ਵਿੱਚ ਲਾਗੂ ਕੀਤੇ 'ਡਿਜ਼ੀਅਲ ਇੰਡੀਆ ਐਕਟ 2023' ਬੇਹੱਦ ਅਹਿਮ ਦਸਤਾਵੇਜ਼ ਹੈ।

ਵੱਖ-ਵੱਖ ਸਿਆਸੀ-ਸਮਾਜਿਕ ਅੰਦੋਲਨ ਅਤੇ ਸਿਆਸੀ ਸਰਗਰਮੀਆਂ ਵੀ ਗਲੋਬਲ ਮਨੋਰੰਜਨ ਰੁਝਾਨਾਂ ਨੂੰ ਪ੍ਰਭਾਵਿਤ ਕਰਦੀਆਂ ਹਨ ਕਿਉਂਕਿ ਇਹ ਇਹਨਾਂ ਨਾਲ ਜੁੜੇ ਦਰਸ਼ਕਾਂ ਅਤੇ ਹਿੱਸੇਦਾਰਾਂ ਦੀਆਂ ਕਦਰਾਂ-ਕੀਮਤਾਂ ਅਤੇ ਤਰਜੀਹਾਂ ਨੂੰ ਦਰਸਾਉਂਦੇ ਹਨ। ਉਦਾਹਰਨ ਲਈ 'ਬਲੈਕ ਲਾਈਵਜ਼ ਮੈਟਰ ਅੰਦੋਲਨ ਨੇ ਮਨੋਰੰਜਨ ਅਤੇ ਮੀਡੀਆ ਉਦਯੋਗ ਵਿੱਚ ਨਵੇਂ ਸਮੂਹਾਂ ਦੀ ਸ਼ਮੂਲੀਅਤ ਅਤੇ ਪਹਿਲਕਦਮੀਆਂ ਦੀ ਇੱਕ ਲਹਿਰ ਪੈਦਾ ਕੀਤੀ ਹੈ ਅਤੇ ਨਾਲ ਹੀ ਹਾਸ਼ੀਏ 'ਤੇ ਰਹਿ ਗਏ ਗਰੁੱਪਾਂ ਦੀ ਨੁਮਾਇੰਦਗੀ ਅਤੇ ਉਹਨਾਂ ਨੂੰ ਸਮਰੱਥ ਬਣਾਉਣ ਵਾਲੀ ਸਮੱਗਰੀ ਦੀ ਇੱਕ ਵੱਡੀ ਮਾਰਕਿਟ ਹੈ।

ਇਸ 'ਨਿਊ ਈਕੋ-ਸਿਸਟਮ ਆਫ ਇੰਟਰਟੇਨਮੈਂਟ' ਵਿੱਚ ਉਟੀਟੀ ਪਲੇਟਫਾਰਮ ਮੁੱਖ ਮੰਨੋਰੰਜਨ ਸਮੱਗਰੀ ਉਤਪਾਦਕ (ਮੀਡੀਆ ਕ੍ਰੀਏਟਰਜ਼) ਵੱਜੋਂ ਉਭਰਦੇ ਹਨ। ਕਿਸੇ ਵੀ ਤਰ੍ਹਾਂ ਦੇ ਮੀਡੀਆ ਦੇ ਦਰਸ਼ਕਾਂ ਅਤੇ ਪਾਠਕਾਂ ਤੇ ਇਹਨਾਂ ਸੀਰੀਜ਼ ਜਾਂ ਪ੍ਰੋਗਰਾਮਾਂ ਦੇ ਪ੍ਰਭਾਵਾਂ ਦਾ ਅਧਿਐਨ ਕਰਨ ਲਈ ਇਹਨਾਂ ਵਿੱਚ ਪਰੋਸੀ ਗਈ ਸਮੱਗਰੀ ਸਭ ਤੋਂ ਅਹਿਮ ਦਸਤਾਵੇਜ਼ ਹੁੰਦੀ ਹੈ। ਇਹਨਾਂ ਵਿੱਚੋਂ ਨੈੱਟਫਲਿਕਸ ਆਪਣੀ ਪਹੁੰਚ ਤੇ ਆਰਥਿਕਤਾ ਨਾਲ ਇੱਕ ਪ੍ਰਮੁੱਖ ਪਲੇਟਫਾਰਮ ਬਣ ਚੁੱਕਿਆ ਹੈ। ਇਸ ਨੇ ਆਪਣੀ ਸ਼ੁਰੂਆਤ ਸੰਨ 2018 ਵਿੱਚ ਅਨੁਰਾਗ ਕਸ਼ਿਅਪ ਅਤੇ ਵਿਕਰਮਦੱਤ

ਮੋਟਵਾਨੀ ਨਾਲ ਮਿਲਕੇ ਨਿਰਦੇਸ਼ਿਤ ਕੀਤੀ ਛੇ ਘੰਟਿਆਂ ਦੀ ਸੀਰੀਜ਼ 'ਸੈਕਰਡ ਗੇਮਜ਼' ਨਾਲ ਹੋਈ ਜੋ ਕਿ ਇਸੇ ਨਾਮ ਦੇ ਨਾਵਲ ਤੇ ਅਧਾਰਿਤ ਸੀ ਜਿਸ ਦੇ ਲੇਖਕ ਵਿਕਰਮ ਚੰਦਰਾ ਸਨ। ਇਹ ਤਿੰਨੇ ਬੰਬਈ ਦੇ ਬਣਨ ਦੇ ਗਵਾਹ ਹੋਣ ਦੇ ਨਾਲ-ਨਾਲ ਇਸ ਵਿੱਚ ਪੈਦਾ ਹੋਈ ਮਾਫੀਆ ਸੱਭਿਅਚਾਰ ਦੇ ਵੀ ਗਵਾਹ ਸਨ ਜਿਸ ਕਾਰਣ ਇਸ ਸੀਰੀਜ਼ ਦੇ ਰਿਲੀਜ਼ ਹੁੰਦਿਆ ਹੀ ਬੰਬਈ ਸ਼ਹਿਰ ਇੱਕਦਮ 199 ਮੁਲਕਾਂ ਦੀਆਂ ਸਕਰੀਨਾਂ ਤੇ ਚਰਚਾ ਵਿੱਚ ਆ ਗਿਆ। ਇਸ ਸੀਰੀਜ਼ ਨੇ ਅਚਾਨਕ ਹੀ 'ਭਾਬੀ ਜੀ ਘਰ ਪਰ ਹੈ', 'ਤਾਰਿਕ ਮਹਿਤਾ ਕਾ ਉਲਟਾ ਚਸ਼ਮਾ', 'ਕਹਾਣੀ ਘਰ-ਘਰ ਕੀ' ਵਰਗੇ ਚੁਟਕਲਿਆਂ ਤੇ ਸਸਤੀਆਂ ਘਰੇਲੂ ਪਟਕਥਾਵਾਂ ਤੋਂ ਕੈਮਰੇ ਦਾ ਫੋਕਸ ਬੰਬਈ ਦੇ ਅੰਡਰਵਰਲਡ ਦੀ ਸਿਆਸੀ ਪੁਸ਼ਤਪਨਾਹੀ, ਧਰਮ ਤੇ ਸੱਤਾ ਦੇ ਨਾਪਕਿ ਗਠਜੋੜ, ਬੰਬਈ ਦੀ 'ਸੁਪਨਿਆਂ ਦਾ ਸ਼ਹਿਰ' ਹੋਣ ਦੀ ਮਿੱਥ ਦੀ ਨਿਰਾਰਥਕਤਾ ਅਤੇ ਤਥਾਕਥਿਤ ਸਿਸਟਮ ਦੀਆਂ ਨੈਤਿਕ ਅਤੇ ਦਾਰਸ਼ਿਨਕ ਕਮਜ਼ੋਰੀਆਂ ਤੇ ਜਾ ਟਿਕਿਆ। ਇਸ ਤੋਂ ਵੀ ਕੁਝ ਕਦਮ ਅਗਾਂਹ ਜਾਂਦਿਆ ਇਸ ਸੀਰੀਜ਼ ਨੇ ਸ਼ਾਇਦ ਪਹਿਲੀ ਵਾਰ ਜੁਰਮ ਦੀ ਦੁਨੀਆਂ ਦਾ ਐਕਸਰੇ ਕਰਦਿਆ ਪੁਲਿਸ, ਸਟੇਟ ਏਜੰਸੀਆਂ, ਮਾਫੀਆ ਸਰਗਨੇ ਅਤੇ ਇਹਨਾਂ ਸਭ ਦੁਆਰਾ ਮਿਲ-ਜੁਲ ਕੇ ਪਬਲਿਕ ਨੂੰ ਉਲਝਾਉਣ ਦੀਆਂ ਬਾਰੀਕੀਆਂ ਵੱਲ ਦਰਸ਼ਕਾਂ ਦਾ ਧਿਆਨ ਖਿੱਚਿਆ। ਇਸ ਤੋਂ ਬਾਅਦ ਸਿਆਸਤ, ਧਰਮ, ਮਾਫੀਆ ਅਤੇ ਪੁਲਿਸ ਦਾ ਇਹ ਫਾਰਮੂਲਾ ਲੱਗਭੱਗ ਹਰ ਅਗਲੀ ਸੀਰੀਜ਼ ਵਿੱਚ ਦੁਹਰਾਇਆ ਗਿਆ।

ਜੇਕਰ ਫਾਰਮ ਦੇ ਪੱਧਰ ਤੇ ਦੇਖਿਆ ਜਾਵੇ ਤਾਂ ਇਹਨਾਂ ਸੀਰੀਜ਼ ਅਤੇ ਸ਼ੋਆਂ ਦਾ ਫਿਲਮਾਂਕਣ ਅਤੇ ਬਿਰਤਾਂਤ ਐਂਟੀ-ਸਿਨੇਮਾ ਹੈ ਕਿਉਂਕਿ ਇਹ ਦ੍ਰਿਸ਼ਾਂ ਦੀ ਦੇਖਣ-ਪ੍ਰੀਕ੍ਰਿਆ ਨੂੰ ਨਿੱਜ ਤੱਕ ਸੀਮਿਤ ਕਰਦੇ ਹਨ ਜਦਕਿ ਸਿਨੇਮਾ ਅਤੇ ਫਿਲਮ ਆਪਣੇ ਸੁਭਾਅ ਤੋਂ ਹੀ ਜਨ-ਸੰਚਾਰ ਮਾਧਿਅਮ ਵੱਜੋਂ ਪਬਲਿਕ ਮਾਧਿਅਮ ਅਤੇ ਸਮੂਹਿਕ ਗਤੀਵਿਧੀ ਹੈ।

ਇਹਨਾਂ ਸੀਰੀਜ਼ ਦੀ ਸਮੱਗਰੀ ਭਾਵੇਂ ਉਹ ਲਿੰਗਕ-ਵਿਤਕਰੇ ਜਾਂ ਲਿੰਗਕ-ਹਿੰਸਾ ਤੇ ਹੋਵੇ (ਉਦਾਹਰਣ ਵੱਜੋਂ ਕ੍ਰਾਈਮ ਪੈਟਰੋਲ) ਭਾਵੇ ਦਿਹਾਤੀਆਂ ਲਈ ਚੰਗਾ ਪ੍ਰਬੰਧਨ ਦੇਣ ਦੀ ਕਵਾਇਦ (ਪੰਚਾਇਤ) ਜਾਂ ਫਿਰ ਬਹੁਚਰਚਿਤ ਸਿਆਸੀ ਡਿਸਟੋਪੀਆ ਜਿਵੇਂ ਕਿ 'ਲੈਲਾ' ਹੋਵੇ ਇਸ ਵਿੱਚ ਫਿਲਮਾਂਕਣ ਦੀਆਂ ਘਟਨਾਵਾਂ ਦਾ ਮਰਮ ਸਿਆਸੀ ਹੈ, ਉਹਨਾਂ ਦੀ ਕਹਾਣੀ ਦਾ ਸੂਤਰਧਾਰ ਕਿਤੇ ਨਾ ਕਿਤੇ ਸੱਤਾ ਦੀਆਂ ਡਿਗਮਗਾਉਂਦੀਆਂ ਅਤੇ ਜ਼ਰਜ਼ਰ ਕੰਧਾਂ ਹਨ ਜਿਹੜੀਆਂ ਸਿਆਸੀ ਯਥਾਰਥ ਦੇ ਧਰਾਤਲ ਅਤੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੇ ਮੁੱਦਿਆਂ ਤੇ ਨਾਕਾਮ ਰਹੀਆਂ ਹਨ। ਨੈਟਪਲਿਕਸ ਸੀਰੀਜ਼ 'ਹਿੱਟ: ਦੀ ਫਸਟ ਕੇਸ', ਬਹੁਚਰਚਿਤ 'ਮਾਈ' ਅਤੇ ਹੁਣੇ-ਹੁਣੇ ਰਿਲੀਜ਼ ਹੋਈ ਫਿਲਮ 'ਜਾਨੇ ਜਾਨ' ਵਿੱਚ ਲਿੰਗਕ-ਅਧਾਰਿਤ ਹਿੰਸਾ ਨੂੰ ਅਧਾਰ ਬਣਾਇਆ ਗਿਆ ਹੈ ਅਤੇ ਇਸ ਤੋਂ ਪ੍ਰਭਾਵਿਤ ਮੁੱਖ ਕਿਰਦਾਰ ਦੁਆਰਾ ਕਾਨੂੰਨੀ ਅਤੇ ਸਮਾਜਿਕ ਹੱਦਾਂ ਤੇ ਘੇਰਾਬੰਦੀਆਂ ਤੋਂ ਬਾਹਰ ਜਾ ਕਤਲ ਕਰਨ, ਲਾਸ਼ਾਂ ਨੂੰ ਸਾੜਣ-ਫੂਕਣ ਅਤੇ ਪਬਲਿਕ ਸੰਪਤੀ ਜਾਂ ਅਦਾਰਿਆਂ ਨੂੰ ਵਿੱਤੀ/ਜਾਨੀ ਨੁਕਸਾਨ ਪਹੁੰਚਾਉਣ ਨੂੰ ਜ਼ਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਇਸ ਤੋਂ ਵੱਧਕੇ ਇਹ ਵੀ ਮਿੱਥ ਲਿਆ ਜਾਂਦਾ ਹੈ ਕਿ ਬਹੁਤੇ ਸਰਕਾਰੀ ਪ੍ਰਬੰਧਨ ਅਦਾਰੇ ਭ੍ਰਿਸ਼ਟਾਚਾਰ ਅਤੇ ਆਮ ਲੋਕਾਂ ਦੀ ਖੱਜਲ-ਖੁਆਰੀ ਦੀ ਜਗਹ ਬਣ ਚੁੱਕੇ ਹਨ।ਲੱਗਭੱਗ ਹਰ ਸੀਰੀਜ਼ ਵਿੱਚ ਖਲਨਾਇਕ/ਗੈਂਗਸਟਰ/ਕਾਤਿਲ/ ਗੁੰਡਾ ਦਾ ਕੱਦ ਇੰਨਾ ਵੱਡਾ ਹੈ ਕਿ ਉਸਦੀ ਪਹੁੰਚ ਮੁਲਕ ਦੀ ਸੱਤਾ ਦੇ ਸਰਵ-ਉੱਚ ਅਹੁਦਿਆਂ ਤੱਕ ਹੈ। ਇਹੀ ਨਹੀਂ ਸਗੋਂ ਬਹੁਤੀਆਂ ਸੀਰੀਜ਼ ਤਾਂ ਇਸ ਤੱਥ ਨੂੰ ਵੀ ਤਕਸੀਮ ਕਰਦੀਆਂ ਹਨ ਕਿ ਚੁਣੀਆਂ ਗਈਆਂ ਸਰਕਾਰਾਂ ਦੇ ਸਮਾਂਨਤਰ ਇਹ ਸਮਾਜ ਵਿਰੋਧੀ ਤੱਤ ਆਪਣੀਆਂ ਸਰਕਾਰਾਂ ਵੀ ਚਲਾ ਰਹੇ ਹਨ ਜਿੱਥੇ ਇਨਸਾਫ ਲਈ ਜੰਗਲ ਦੇ ਕਾਨੂੰਨ ਦੀ ਵਰਤੋਂ ਆਂਮ ਗੱਲ ਹੈ। ਇਹਨਾਂ ਸੀਰੀਜ਼ ਵਿੱਚ ਇੱਕ ਸਾਂਝੀ ਤੰਦ ਮਨੁੱਖੀ ਦੇਹ ਨਾਲ ਵਾਪਰਦਾ ਮਨੋਵਿਗਿਆਨਕ ਅਤੇ ਸਰੀਰਿਕ ਤਸ਼ਦੱਦ ਹੈ। ਪ੍ਰਸਿੱਧ ਫਿਲਾਸਫਰ ਮਿਸ਼ੇਲ ਫੂਕੋ ਆਪਣੀ ਕਿਤਾਬ 'ਡਿਸਪਲਿਨ ਐਂਡ ਪੁਨਿਸ਼' ਵਿੱਚ ਤਸ਼ਦੱਦ ਬਾਰੇ ਚਿੰਤਨ ਕਰਦਿਆ ਲਿਖਦਾ ਹੈ, 'ਤਸ਼ਦੱਦ ਪਬਲਿਕ ਸਪੇਸ ਤੇ ਹੋਣਾ ਚਾਹੀਦਾ ਹੈ: ਇਹ ਇੱਕ ਤਮਾਸ਼ੇ ਦੀ ਤਰ੍ਹਾਂ ਹੋਵੇ ਤਾਂ ਕਿ 'ਜੁਰਮ ਦੀ ਬੁਰਾਈ ਤੇ ਸਚਾਈ' ਨੂੰ ਕਿਸੇ ਜਣੇ ਦੀ ਦੇਹ ਤੇ ਤਸ਼ਦੱਦ ਕਰਕੇ ਸਮਾਜਿਕ ਦੇਹ ਤਸੱਲੀ ਮਹਿਸੂਸ ਕਰੇ ਤੇ ਇਸ ਨੂੰ ਜ਼ਾਇਜ਼ ਠਹਿਰਾ ਸਕੇ।' ਉਸ ਅਨੁਸਾਰ ਜਿਉਂ-ਜਿਉਂ ਕਿਸੇ ਸਮਾਜ ਜਾਂ ਮੁਲਕ ਵਿੱਚ ਮਨੁੱਖੀ ਅਧਿਕਾਰਾਂ ਅਤੇ ਜਮਹੂਰੀਅਤ ਗਲਨਾ ਸ਼ੁਰੂ ਹੁੰਦੀ ਹੈ, ਤਿਉਂ-ਤਿਉਂ ਤਸ਼ਦੱਦ ਇੱਕ ਤਿਉਹਾਰ ਜਾਂ ਰਸਮ ਵਿੱਚ ਵੱਟਦਾ ਚਲਾ ਜਾਂਦਾ ਹੈ। ਆਪਣੀ ਦਲੀਲ ਨੂੰ ਜ਼ਰਬ ਦਿੰਦਿਆ ਅੱਗੇ ਲਿਖਦਿਆ ਉਹ ਆਖਦਾ ਹੈ ਕਿ ਤਸ਼ਦੱਦ ਦੀਆਂ ਅੱਗੇ ਤਿੰਨ ਪੌੜੀਆਂ ਹਨ। ਪਹਿਲੀ ਸਰੀਰਕ ਅੰਗਾਂ ਨੂੰ ਭੰਗ ਕਰਨਾ, ਦੂਜੀ ਮੂੰਹ-ਮੱਥਾ ਵਿਗਾੜ ਦੇਣਾ ਤਾਂ ਕਿ ਸਰੀਰ ਬੇ-ਪਛਾਣ ਹੋ ਜਾਵੇ। ਇਹ ਇੱਕ ਤਰਾਂ ?ਹ ਨਾਲ ਮਨੁੱਖੀ ਦੇਹ (ਮਰੀ ਹੋਈ ਵੀ) ਦੀ ਹੋਂਦ ਨੂੰ ਰੱਦ ਕਰਨ ਦੀ ਕਾਰਵਾਈ ਹੈ, ਉਸ ਨਾਲ ਅੰਨ੍ਹੀ ਨਫਰਤ ਦਾ ਪ੍ਰਗਟਾਵਾ ਹੈ, ਤੀਜੀ ਇਸ ਸਾਰੀ ਪ੍ਰਕ੍ਰਿਆਂ ਨੂੰ ਅਤਿਅੰਤ 'ਗੁਪਤ' ਤਰੀਕੇ ਨਾਲ ਸਿਰੇ ਲਾਉਣਾ। ਇਸ ਨਾਲ ਦਰਸ਼ਕਾਂ ਅੱਗੇ ਇਸ ਨੂੰ 'ਇਨਸਾਫ ਪ੍ਰਾਪਤੀ' ਵੱਜੋਂ ਦਰਜ ਕੀਤਾ ਜਾਂਦਾ ਹੈ।ਆਮ ਹਾਲਤਾਂ ਵਿੱਚ ਸਟੇਟ ਜਾਂ ਅਥਾਰਿਟੀ ਇਸ ਨੂੰ 'ਅਤਿ ਜ਼ਰੂਰੀ' ਅਤੇ 'ਪਵਿੱਤਰ ਕਾਰਜ' ਵੱਜੋਂ ਪ੍ਰਚਾਰਿਤ ਕਰਦੀ ਹੈ।

ਸੀਰੀਜ਼ ਵਿੱਚ ਇਸ ਨੂੰ ਮੁਕੱਦਮੇ ਦੇ ਬੰਦ ਹੋਣ ਦਾ 'ਕੁਦਰਤੀ ਨੇਮ' ਬਣਾਕੇ ਦਿਖਾਇਆ ਜਾਂਦਾ ਹੈ। ਨੈਟਫਿ ?ਲਕਸ ਸ਼ੀਰੀਜ਼ 'ਕੋਹਰਾ' ਵਿੱਚ ਮ੍ਰਿਤਕ ਪਾਲ ਦਾ ਚਿਹਰਾ-ਮੋਹਰਾ ਵਿਗਾੜਨਾ, ਸੀਰੀਜ਼ 'ਮਾਈ' ਵਿੱਚ ਮੁੱਖ ਕਿਰਦਾਰ ਦਾ ਡਾਕਟਰ ਹੋਣ ਕਾਰਣ ਬਦਲੇ ਦੇ ਤੌਰ ਤੇ ਦੋਸ਼ੀ ਦੇ ਮੂੰਹ ਤੇ ਉਬਲਦਾ ਪਾਣੀ ਪਾਉਣ ਵਾਲਾ ਸੀਨ, ਸੀਰੀਜ਼ 'ਹਿੱਟ: ਦੀ ਫਸਟ ਕੇਸ' ਵਿੱਚ ਮ੍ਰਿਤਕ ਬੱਚੀ ਦੇ ਸਰੀਰ ਨੂੰ ਖੁਰਦ-ਬੁਰਦ ਕਰਨ ਲਈ ਖਾਸ ਕਿਸਮ ਦੀ ਵਰਮੀ-ਕੰਪੋਸਟ ਖਾਦ ਦੀ ਵਰਤੋਂ ਕਰਨਾ ਆਦਿ ਉਪਰੋਕਤ ਦਲੀਲਾਂ ਨੂੰ ਸਹੀ ਸਿੱਧ ਕਰਦੇ ਹਨ। ਲੰਬੇ ਸਮੇਂ ਤੱਕ ਅਜਿਹੇ ਦ੍ਰਿਸ਼ਾਂ ਨੂੰ ਮੰਨੋਰੰਜਨ ਦੇ ਤੌਰ ਤੇ ਖਪਤ ਕਰਨ ਦੀ ਪ੍ਰਕ੍ਰਿਆ ਅਤੇ ਪ੍ਰਭਾਵਾਂ ਸਬੰਧੀ ਹਾਲੇ ਗੰਭੀਰ ਅਧਿਐਨ ਦਰਕਾਰ ਹਨ। ਇਹਨਾਂ ਸੀਰੀਜ਼ ਵਿੱਚ ਜੁਰਮ ਕਿਉਂ ਹੋ ਰਿਹਾ ਜਾਂ ਕਿਉਂ ਵੱਧ ਰਿਹਾ ਦੀ ਥਾਂ ਕਿਵੇਂ ਹੋ ਰਿਹਾ ਜਾਂ ਕਿਵੇਂ ਕੀਤਾ ਜਾ ਸਕਦਾ ਤੇ ਵੱਧ ਫੋਕਸ ਹੁੰਦਾ ਹੈ। ਬਹੁਤੀ ਵਾਰ ਜੁਰਮ ਦਾ ਕੋਈ ਪਿਛੋਕੜ ਜਾਂ ਇਤਿਹਾਸ ਨਹੀਂ ਦਿਖਾਇਆ ਜਾਂਦਾ ਬਲਕਿ ਸੀਰੀਜ਼ ਸ਼ੁਰੂ ਤੋਂ ਹੀ ਕਤਲ ਦੇ ਬਦਲੇ ਦੁਆਲੇ ਘੁੰਮਦੀ ਹੈ ਜਿਸ ਵਿੱਚ ਵਾਰ-ਵਾਰ ਕਤਲ ਹੋਣ ਵਾਲਿਆਂ ਨਾਲ ਵਾਪਰੀਆਂ ਤਰਾਸਦੀਆਂ ਦੇ ਦ੍ਰਿਸ਼ਾਂ ਦਾ ਦੁਹਰਾਉ ਹੁੰਦਾ ਹੈ ਮਸਲਨ ਜੇਕਰ ਸੀਰੀਜ਼ ਬਲਾਤਕਾਰ ਦੀ ਕਿਸੇ ਘਟਨਾ ਤੇ ਅਧਾਰਿਤ ਹੈ ਤਾਂ ਉਸ ਖਾਸ ਦ੍ਰਿਸ ਦਾ ਬੇਲੋੜਾ ਦੁਹਰਾਉ ਦਰਸ਼ਕਾਂ ਨੂੰ ਵਾਰ-ਵਾਰ ਦੇਖਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਹ ਬਿਲਕੁੱਲ ਇੰਦਾਂ ਹੀ ਹੈ ਜਿਵੇਂ ਕੋਈ ਬੰਦਾ ਇੱਕ ਨੰਗੀ ਔਰਤ ਦੀ ਫੋਟੋ ਵਾਰ-ਵਾਰ ਦਿਖਾ ਕੇ ਇਹ ਕਹਿ ਰਿਹਾ ਹੋਵੇ ਕਿ ਇਸ ਤਰ੍ਹਾਂ ਦਾ ਨੰਗੇਜ਼ ਬੰਦ ਹੋਣਾ ਚਾਹੀਦਾ ਹੈ।

ਨੈੱਟਫਲਿਕਸ ਅਤੇ ਹੋਰ ਉਟੀਟੀ ਪਲੇਟਫਾਰਮ ਆਪਣੀ ਸ਼ੁਰੂਆਤ ਤੋਂ ਹੀ ਇਸ ਦੋਸ਼ ਦਾ ਸਾਹਮਣਾ ਕਰਦੇ ਆ ਰਹੇ ਹਨ ਕਿ ਉਹ ਸਿਧਾਂਤਕ ਅਤੇ ਵਿਚਾਰਧਾਰਕ ਪੱਧਰ ਤੇ ਪੱਛਮੀ ਸੱਭਿਅਤਾ ਅਤੇ ਯੂਰਪੀ ਸੱਭਿਅਤਾ ਦੀਆਂ ਕਦਰਾਂ-ਕੀਮਤਾਂ ਅਤੇ ਇਸ ਦੀ ਉੱਚਮਤਾ (cultural hegemony) ਤੇ ਪਹਿਰਾ ਦਿੰਦੇ ਹਨ।ਇਸ ਥਿਊਰੀ ਦੀ ਨੀਂਹ ਰੱਖਦਿਆਂ ਇਟਲੀ ਦਾ ਚਿੰਤਕ ਐਨਤੋਨੀਉ ਗ੍ਰਾਮਸ਼ਕੀ ਲਿਖਦਾ ਹੈ ਕਿ ਪੂੰਜੀ ਆਪਣੀ ਉੱਚਮਤਾ ਮੁੱਖ ਸੱਤਾ ਕਾਰਕਾਂ ਜਿਵੇਂ ਕਿ ਹਿੰਸਾ, ਕਾਨੂੰਨ ਅਤੇ ਆਰਥਿਕ ਸਾਧਨਾਂ ਰਾਹੀ ਹੀ ਨਹੀਂ ਬਲਕਿ ਸੱਭਿਆਚਾਰਕ ਤਰੀਕਿਆਂ ਨਾਲ ਬਰਕਰਾਰ ਰੱਖਦੀ ਹੈ। ਉਸ ਅਨੁਸਾਰ ਜਿਸ ਸਮੇਂ ਇਟਲੀ ਵਿੱਚ ਫਾਸ਼ੀਵਾਦ ਆਪਣੇ ਪੈਰ ਪਸਾਰ ਰਿਹਾ ਸੀ ਉਸ ਸਮੇਂ ਚਰਚ ਉਸ ਲਈ ਇੱਕ ਮੀਡੀਆ-ਸੰਸਥਾਨ ਦੀ ਤਰ੍ਹਾਂ ਕੰਮ ਕਰ ਰਿਹਾ ਸੀ। ਗ੍ਰਾਮਸ਼ਕੀ ਅਨੁਸਾਰ ਸੱਭਿਆਚਾਰ ਭਾਵੇਂ ਸੂਹਜ ਦੇ ਪੱਧਰ ਤੇ ਹੋਵੇ, ਭਾਵੇਂ ਭੂਗੋਲਿਕ ਪੱਧਰ ਤੇ ਮਨੁੱਖਾਂ ਲਈ ਚੰਗਾ-ਬੁਰਾ, ਸਹੀ-ਗਲਤ, ਅਸਲ-ਨਕਲ, ਗੰਦਾ-ਸੁਧਰਾ, ਖੂਬਸੂਰਤ-ਬਦਸੂਰਤ ਆਦਿ ਦੀ ਧਾਰਨਾ, ਵਿਸ਼ਵਾਸ਼ ਅਤੇ ਨੇਮ ਬਣਾਉਣ ਵਿੱਚ ਸਭ ਤੋਂ ਵੱਡਾ ਕਾਰਕ ਸਾਬਿਤ ਹੁੰਦਾ ਹੈ। ਉਹ ਲਿਖਦਾ ਹੈ, 'ਤੁਸੀਂ ਇੱਕ ਫੈਕਟਰੀ ਜਾਂ ਮਹੱਲ ਤੇ ਕਬਜ਼ਾ ਕਰ ਸਕਦੇ ਹੋ ਪਰ ਜਦੋਂ ਤੱਕ ਤੁਸੀਂ ਸੱਭਿਆਚਾਰਕ ਤੌਰ 'ਤੇ ਆਪਣੀ ਇਸ ਕਾਰਵਾਈ ਨੂੰ ਜ਼ਰੂਰੀ, ਚੰਗੀ, ਖੂਬਸੂਰਤ ਤੇ ਨਿਆਂਪੂਰਣ ਨਹੀਂ ਮੰਨ ਲੈਂਦੇ, ਤੁਸੀਂ ਬਹੁਤ ਜਲਦ ਇਸ ਨੂੰ ਵਾਪਸ ਕਰਨ ਲਈ ਮਜ਼ਬੂਰ ਹੋ ਜਾਵੋਗੇ। ਉਸ ਦੁਆਰਾ ਵਰਨਣ ਕੀਤਾ ਇਹ ਆਧੁਨਿਕਤਾ ਦਾ ਸੰਕਟ ਉਟੀਟੀ ਪਲੇਟਫਾਰਮਾਂ ਦੇ ਦੌਰ ਵਿੱਚ ਸੱਭਿਅਤਾ ਦਾ ਸੰਕਟ ਬਣਦਾ ਜਾ ਰਿਹਾ ਹੈ।

ਉਪਰੀ ਨਜ਼ਰੇ ਦੇਖਿਆ ਭਾਵੇ ਗਲੋਬਲ ਮੀਡੀਆ ਕੰਪਨੀਆਂ ਸਥਾਨਕ ਹੁਨਰ ਅਤੇ ਕਲਾ ਨੂੰ ਪ੍ਰਮੁੱਖਤਾ ਦੇਣ ਦਾ ਦਾਅਵਾ ਕਰਦੇ ਹਨ ਪਰ ਦਿਲਚਸਪ ਤੱਥ ਇਹ ਹੈ ਕਿ ਇਹਨਾਂ ਵਿੱਚੋਂ ਕਿਸੇ ਵੀ ਸੀਰੀਜ਼ ਦਾ ਮੁੱਖ ਧੁਰਾ ਭਾਰਤ ਦੀਆਂ ਮੂਲਭੂਤ ਸਮੱਸਿਆਵਾਂ ਜਿਵੈਂ ਕਿ ਵੱਡੀ ਪੱਧਰ ਤੇ ਗਰੀਬੀ ਤੇ ਬੇਰੁਜ਼ਗਾਰੀ ਦਾ ਵਰਤਾਰਾ, ਭੁੱਖਮਰੀ-ਕੁਪੋਸ਼ਣ, ਸਿਹਤ-ਸਿੱਖਿਆ ਵਿੱਚ ਅਸਮਾਨਤਾ ਅਤੇ ਦਿਹਾਤੀ-ਸ਼ਹਿਰੀ ਪਾੜ੍ਹਾ ਕਿਸਾਨਾਂ-ਮਜ਼ਦੂਰਾਂ ਦੀਆਂ ਖੁਦਕੁਸ਼ੀਆਂ, ਭਾਰਤ ਦੇ ਬਹੁਤੇ ਰਾਜਾਂ ਵਿੱਚ ਰਹਿਣ-ਸਹਿਣ ਦੇ ਢੰਗ-ਤਰੀਕਿਆਂ ਦੀ ਬਦਹਾਲੀ ਵਗੈਰਾ ਤੇ ਕੋਈ ਇੱਕ ਵੀ ਸ਼ੀਰੀਜ਼ ਨਹੀਂ ਮਿਲਦੀ ਕਿਉਂਕਿ ਇਸ ਨਾਲ ਮੰਨੋਰੰਜਕ ਇੰਡਸਟਰੀ ਨੂੰ ਸਿਆਸੀ ਰੰਜ਼ਿਸ ਜਾਂ ਪਾਬੰਦੀ ਦਾ ਸਾਹਮਣਾ ਕਰਣਾ ਪੈ ਸਕਦਾ ਹੈ।ਇਸ ਦਾ ਦੂਜਾ ਅਰਥ ਇਹ ਵੀ ਹੈ ਕਿ ਇਹਨਾਂ ਸੀਰੀਜ਼ ਅਤੇ ਸ਼ੋਅਜ਼ ਦੀ ਪਟਕਥਾ ਜਾਂ ਤਾਂ ਕਿਸੇ ਨਾ ਕਿਸੇ ਲੇਖਕ ਦੇ ਨਾਵਲ ਜਾਂ ਕਹਾਣੀ (ਜੋ ਕਿ ਸ਼ਪਸ਼ੱਟ ਹੈ ਕਿ ਬਹੁਤੀ ਵਾਰ ਕਲਪਨਾ ਹੀ ਹੁੰਦੀ ਹੈ) ਤੇ ਹੀ ਅਧਾਰਿਤ ਹੁੰਦਾ ਹੈ। ਇਹਨਾਂ ਵਿੱਚੋਂ ਵੀ ਅਜਿਹੀਆਂ ਘਟਨਾਵਾਂ ਜਾਂ ਖਾਸ ਮਾਨਵੀ ਤਰਾਸਦੀ ਨੂੰ ਚੁਣਿਆ ਜਾਂਦਾ ਹੈ ਜਿਸਦੀ ਦਰਸ਼ਕਾਂ ਨੂੰ ਇੱਕਦਮ ਹੈਰਾਨ ਕਰ ਦੇਣ, ਉਹਨਾਂ ਨੂੰ ਨਿੱਜ ਦੀ ਗੁੰਝਲਦਾਰਤਾ ਵਿੱਚ ਉਲਝਾ ਦੇਣ ਅਤੇ ਇੱਕਲਤਾ ਵਿੱਚ ਇਹਨਾਂ ਮਨੋਰੰਜਨ ਉਤਪਾਤਾਂ ਨੂੰ ਖਪਤ ਕਰਨ ਲਈ ਮਜ਼ਬੂਰ ਕਰ ਦੇਣ।

ਇਹਨਾਂ ਵਿੱਚੋਂ ਬਹੁਤੇ ਅਜਿਹੇ ਕੇਸ ਹਨ ਜਿਹਨਾਂ ਵਿੱਚ ਅਸਲ ਜ਼ਿੰਦਗੀ ਵਿੱਚ ਇਨਸਾਫ ਲਈ ਲੜਦਿਆਂ ਨੂੰ ਕਈ ਦਹਾਕੇ ਬੀਤ ਜਾਂਦੇ ਹਨ ਜਿਵੇਂ ਕਿ ਦਿੱਲੀ ਵਾਲਾ ਨਿਰਭੈ ਕੇਸ, ਕੋਟਾ ਫੈਕਟਰੀ ਵਿੱਚ ਪੜਾਈ ਦਾ ਅੰਨ੍ਹਾ ਦਬਾਉ, ਭਾਰਤ ਦੇ ਪ੍ਰਸਿੱਧ ਡਕੈਤ ਵਿਰੱਪਣ ਨੂੰ ਮਾਰਨ ਦੀ ਮੁਹਿੰਮ ਜਾਂ 'ਸਕੂਪ' ਸੀਰੀਜ਼ ਵਿੱਚ ਇੱਕ ਔਰਤ ਪੱਤਰਕਾਰ ਤੇ ਥੋਪਿਆ ਗਿਆ ਦਹਿਸ਼ਤਗਰਦੀ ਵਿਰੋਧੀ ਐਕਟ, ਇਹਨਾਂ ਸਾਰਿਆਂ ਵਿੱਚ ਪੂਰੇ ਬਿਰਤਾਂਤ ਨੂੰ ਸ਼ਨਸਨੀਖੇਜ਼ ਅਤੇ ਨਿੱਜੀ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਜਿਸ ਨਾਲ ਜਮਹੂਰੀ ਅਮਲਾਂ ਅਤੇ ਜਮਹੂਰੀ ਸੰਸਥਾਵਾਂ ਨੂੰ ਲੱਗਿਆ ਖੋਰਾ ਆਪਣੇ-ਆਪ ਹੀ ਛਿਪ ਜਾਂਦਾ ਹੈ। ਇਸ ਤੋਂ ਇਲਾਵਾ ਇਹਨਾਂ ਵਿਚਲੇ ਕਿਰਦਾਰਾਂ ਦੀ ਲੜਾਈ ਸਿਆਸਤ, ਸਮਾਜਿਕ-ਆਰਥਿਕ ਪ੍ਰਸਥਿਤੀਆਂ ਅਤੇ ਭਾਰਤ ਵਿੱਚ ਵੱਖ-ਵੱਖ ਫਿਰਕਿਆਂ ਵਿੱਚ ਟਕਰਾਉ ਦਾ ਕਾਰਣ ਬਣੇ ਕਤਲ ਕਰਨ, ਧੋਖਾਧੜ੍ਹੀ ਕਰਨ ਅਤੇ ਕਿਸੇ ਵੀ ਤਰ੍ਹਾਂ ਨਾਲ ਜਿੱਤਣ ਲਈ ਪ੍ਰੇਰਿਤ ਕਰਦੀ ਹੈ। ਇਹਨਾਂ ਸੀਰੀਜ਼ ਤੇ ਸ਼ੋਅਜ਼ ਲਈ ਇੱਕ ਖਾਸ ਸ਼ਬਦ ਵਰਤਿਆ ਜਾ ਸਕਦਾ ਹੈ 'ਈਵੈਂਟੋਕਰੇਜ਼ੀ' ਇਸ ਦਾ ਸਿੱਧਾ-ਸਿੱਧਾ ਅਰਥ ਇਹ ਬਣਦਾ ਹੈ ਕਿ ਕਿਸੇ ਦੁਰਘਟਨਾ ਜਾਂ ਤਰਾਸਦੀ ਦੇ ਵਾਪਰਣ ਦੇ ਪਿੱਛੇ ਕੰਮ ਕਰਦੇ ਗੰਭੀਰ ਵਰਤਾਰਿਆਂ ਨੂੰ ਸਮਝਣ ਅਤੇ ਉਹਨਾਂ ਦਾ ਹੱਲ ਤਲਾਸ਼ਣ ਦੀ ਥਾਂ ਇੱਕ ਮੌਤ ਜਾਂ ਘਟਨਾ ਦੇ ਅਧਾਰ ਤੇ ਸਾਰੇ ਵਰਤਾਰੇ ਦਾ ਸੱਚ ਐਲਾਨ ਦੇਣਾ ਤੇ ਭੌਤਿਕ ਪ੍ਰਸਥਿਤੀਆਂ ਦੀ ਗਤੀਸ਼ੀਲਤਾ ਅਤੇ ਉਹਨਾਂ ਦੇ ਵੱਖ-ਵੱਖ ਸੰਦਰਭਾਂ ਨੂੰ ਅਣਦੇਖਿਆ ਕਰ ਦੇਣਾ। ਇੱਥੇ ਇਹ ਤੱਥ ਬਹੁਤ ਮਹਤੱਵਪੂਰਨ ਹੈ ਕਿ ਅਜਿਹੀ ਹਾਲਤ ਵਿੱਚ ਦਰਸ਼ਕਾਂ ਦੇ ਮਨੋਵਿਗਿਆਨ ਵਿੱਚ ਜੁਰਮ ਅਤੇ ਨਿਆਂ ਬਾਰੇ ਕਿਸ ਤਰ੍ਹਾਂ ਦੀਆਂ ਮਿੱਥਾਂ ਸਿਰਜ ਸਕਦੀਆਂ ਹਨ ਜਾਂ ਉਹ ਕਿਰਦਾਰਾਂ ਵਰਗੀਆਂ ਸਥਿਤੀਆਂ ਵਿੱਚ ਕਿਸ ਤਰ੍ਹਾਂ ਦੇ ਫੈਸਲੇ ਕਰਦੇ ਹਨ।

ਇਹਨਾਂ ਸੀਰੀਜ਼ ਵਿੱਚ ਇੱਕ ਉਭਰਵਾਂ ਬਿਰਤਾਂਤ ਫੀਮੇਲ ਗੇਜ਼ ਬਾਰੇ ਹੈ। ਗੇਜ਼ ਯਾਨੀ ਕਿ ਦੂਸਰੇ ਮਨੁੱਖ ਬਾਰੇ ਤੁਹਾਡੀ ਤੱਕਣੀ ਦਾ ਅਰਥ ਕੀ ਹੈ? ਭਾਵੇਂ ਵਿਸ਼ਵ-ਸਿਨੇਮਾ ਬਾਰੇ ਇਹ ਸਥਾਪਿਤ ਤੱਥ ਹੈ ਕਿ ਜ਼ਿਆਦਾਤਰ ਫਿਲਮਾਂ ਮੇਲ ਗੇਜ਼ ਯਾਨੀਕਿ ਮਰਦ ਦੇ ਨਜ਼ਰੀਏ ਤੇ ਸੋਚ ਦੁਆਰਾ ਫਿਲਮਾਈਆਂ ਜਾਂਦੀਆਂ ਹਨ, ਉਟੀਟੀ ਵਿੱਚ ਸ਼ੋਸਲ ਗੇਜ਼ ਤੇ ਪਾਵਰ ਗੇਜ਼ ਦਾ ਚਿਤਰਣ ਬਹੁਤ ਵਿਸਥਾਰਤ ਵਰਤੋਂ ਦੇਖੀ ਜਾ ਸਕਦੀ ਹੈ ਜਿਹੜੀ ਕਿ 1975 ਵਿੱਚ ਦਿੱਤੇ ਲਾਰਾ ਮੌਲਵੀ ਦੇ 'ਮੇਲ ਗੇਜ਼' ਦਾ ਅਗਲਾ ਪੜਾਅ ਹੈ। ਇਹਨਾਂ ਸੀਰੀਜ਼ ਵਿੱਚ ਪਾਵਰ ਗੇਜ਼ ਦੇ ਲੈਨਜ਼ ਰਾਹੀ ਜ਼ਾਤ ਤੇ ਜਮਾਤ ਦੇ ਸਵਾਲਾਂ ਨੂੰ ਸੰਬੋਧਿਤ ਹੋਇਆ ਜਾਂਦਾ ਹੈ। ਉਹਾਹਰਣ ਵੱਜੋਂ ਜਿੰਨੀਆਂ ਸੀਰੀਜ਼ ਅਤੇ ਸ਼ੋਅ ਜ਼ਾਤੀ ਸਵਾਲਾਂ ਦੇ ਆਲੇ-ਦੁਆਲੇ ਬੁਣੇ ਗਏ ਹਨ ਉਹਨਾਂ ਵਿੱਚ ਜਾਤੀ-ਵਿਵਸਥਾ ਦੇ ਮੂਲ ਸਵਾਲਾਂ ਨੂੰ ਸੰਬੋਧਿਤ ਹੋਣ ਦੀ ਬਿਜਾਏ ਮੌਜੂਦਾ ਸਿਸਟਮ ਵਿੱਚ ਉਹਨਾਂ ਦੀਆਂ ਦੇਹਾਂ ਨਾਲ ਕੀ ਵਾਪਰਦਾ ਹੈ ਉਸ ਤੇ ਫੋਕਸ ਕੀਤਾ ਜਾਦਾ ਹੈ ਜੋ ਫਿਰ ਤੋਂ ਵਰਤਾਰੇ ਦੀ ਜੜ੍ਹ ਸਮਝਣ ਦੀ ਥਾਂ ਉਸ ਦੀ ਕ੍ਰਿਆ ਸਮਝਣ ਦਾ ਯਤਨ ਹੈ। ਹੌਟ ਸਟਾਰ ਅਤੇ ਨੈੱਟਫੈਲਿਕਸ ਤੇ ਉਪਲਬਧ ਫਿਲਮ 'ਜੈ ਭੀਮ' ਅਤੇ 'ਪਤਾਲ ਲੋਕ' ਵਿੱਚ ਇਹ ਨੈਰੇਟਿਵ ਬਹੁਤ ਸ਼ਪਸ਼ੱਟ ਹੈ। ਇੱਥੇ ਇਨਸਾਫ ਦੇਣ ਦਾ ਫਿਲਮਾਂਕਣ ਜ਼ਰੂਰ ਹੈ ਪਰ ਜਿਸ ਬੋਸੀਦਾ ਤੇ ਵੇਲਾ ਵਿਹਾ ਚੁੱਕੇ ਸਿਸਟਮ ਕਾਰਣ ਜ਼ਾਤੀ ਜਾਂ ਜਮਾਤੀ ਅਧਾਰ ਤੇ ਵਿਤਕਰਾ ਅਤੇ ਜ਼ੁਲਮ ਹੁੰਦਾ ਹੈ ਉਸ ਤੇ ਕੈਮਰਾ ਫੋਕਸ ਕਰਨ ਦੀ ਕੋਸ਼ਿਸ ਨਹੀਂ ਕੀਤੀ ਜਾਂਦੀ। ਸੀਰੀਜ਼ 'ਪਤਾਲ ਲੋਕ' ਵਿੱਚ ਤਾਂ ਅੰਤ ਹੀ ਇਸ ਤਰਕ ਤੇ ਹੁੰਦਾ ਹੈ ਕਿ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਨਹੀਂ ਜਾ ਸਕਦਾ ਸਿਰਫ ਇਹਨਾਂ ਵਿੱਚ ਸ਼ਾਮਿਲ ਵਿਅਕਤੀਆਂ ਨੂੰ ਬਣਦੀ ਸ਼ਜ਼ਾ ਦਿੱਤੀ ਜਾ ਸਕਦੀ ਹੈ। ਵਿਵਸਥਾ ਸਰਵਉੱਚ ਹੈ, ਸਿਸਟਮ ਦਾ ਕੋਈ ਬਦਲ ਨਹੀਂ।

ਇਸ ਤਰ੍ਹਾਂ ਉਟੀਟੀ ਪਲੇਟਫਾਰਮਾਂ ਦੀਆਂ ਜ਼ਿਆਦਾਤਰ ਸੀਰੀਜ਼ ਅਤੇ ਸ਼ੋਅਜ਼ ਯਥਾ-ਸਥਿਤੀ ਬਣਾਈ ਰੱਖਣ ਅਤੇ ਯਥਾਰਥਕ ਸਥਿਤੀਆਂ ਨੂੰ ਫਿਲਮਾਂਉਣ ਅਤੇ ਵੱਧ ਤੋਂ ਵੱਧ ਕਰੂਰਤਾ, ਭਿਆਨਕਤਾ ਅਤੇ ਨੰਗੇਪਣ ਨਾਲ ਫਿਲਮਾਉਣ ਦਾ ਜ਼ਰੀਆ ਹਨ। ਇਹਨਾਂ ਤੋਂ ਕਿਸੇ ਕਲਾ ਵੰਨਗੀ ਵਾਂਗ ਸਮਾਜਿਕ ਬਦਲਾਉ ਜਾਂ ਸਿਆਸੀ ਤਬਦੀਲੀ ਦੀ ਉਮੀਦ ਮਾਰੂਥਲ 'ਚ ਪਾਣੀ ਲੱਭਣ ਦੇ ਬਰਾਬਰ ਹੈ। ਪਬਲਿਕ ਬਰਾਂਡਕਾਸਟਿੰਗ ਅਤੇ ਪਬਲਿਕ ਜਾਣਕਾਰੀ ਦੇ ਅਦਾਰਿਆਂ ਅਤੇ ਵਸੀਲਿਆਂ ਦੇ ਲਗਾਤਾਰ ਰਸਾਲਤ ਵਿੱਚ ਜਾਣ ਦੇ ਇਸ ਦੌਰ ਵਿੱਚ ਮੰਨੋਰੰਜਨ ਦਰਸ਼ਕਾਂ ਨੂੰ ਨਾਗਰਿਕਾਂ ਵੱਜੋਂ ਨਹੀਂ ਬਲਕਿ ਖਪਤਕਾਰਾਂ ਵੱਜੋਂ ਪ੍ਰਭਾਸ਼ਿਤ ਕਰ ਰਿਹਾ ਹੈ।

# ਐਨ. ਸ਼ੰਕਰਾਇਆ, ਅੰਤ ਤੱਕ ਇਨਕਲਾਬੀ



15 ਨਵੰਬਰ 2023 ਨੂੰ ਆਜ਼ਾਦੀ ਘੁਲਾਟੀਏ ਨਰਸਿੰਹਾਲੂ ਸ਼ੰਕਰਾਇਆ ਦਾ ਦੇਹਾਂਤ ਹੋ ਗਿਆ। ਉਹਨਾਂ ਨੇ ਆਪਣੀ ਪੂਰੀ ਜ਼ਿੰਦਗੀ ਦੱਬੇ-ਕੁਚਲਿਆਂ, ਮਜ਼ਦੂਰ ਜਮਾਤ ਅਤੇ ਦੇਸ਼ ਦੇ ਕਿਸਾਨਾਂ ਲਈ ਅਣਥੱਕ ਲੜਾਈ ਵਿੱਚ ਲਾ ਦਿੱਤੀ

ਐੱਨ. ਸ਼ੰਕਰਾਇਆ ਨੇ 15 ਨਵੰਬਰ 2023 ਨੂੰ ਆਖਰੀ ਸਾਹ ਲਏ। ਉਹ 102 ਸਾਲ ਦੇ ਸਨ; ਉਹ ਆਪਣੇ ਪਿੱਛੇ ਆਪਣੇ ਬੇਟੇ ਚੰਦਰਸ਼ੇਖਰ ਅਤੇ ਨਰਸਿਮਹਾ, ਅਤੇ ਬੇਟੀ ਚਿਤਰਾ ਨੂੰ ਛੱਡ ਗਏ ਹਨ।

ਦਸੰਬਰ 2019 ਵਿੱਚ ਪੀ. ਸਾਈਨਾਥ ਅਤੇ PARI ਨਾਲ ਇੱਕ ਇੰਟਰਵਿਊ ਦੌਰਾਨ ਸ਼ੰਕਰਾਇਆ ਨੇ ਆਪਣੇ ਜੀਵਨ ਬਾਰੇ ਵਿਸਥਾਰ ਨਾਲ ਦੱਸਿਆ - ਜਿਸਦਾ ਵੱਡਾ ਹਿੱਸਾ ਪ੍ਰਦਰਸ਼ਨਾਂ ਵਿੱਚ ਬੀਤਿਆ ਸੀ। ਪੜ੍ਹੋ: ਸ਼ੰਕਰਾਇਆ: ਇਨਕਲਾਬੀ ਦੇ ਨੌਂ ਦਹਾਕੇ

ਇੰਟਰਵਿਊ ਦੇ ਸਮੇਂ ਉਹ 99 ਸਾਲ ਦੇ ਸਨ ਅਤੇ ਉਮਰ ਦਾ ਅਜੇ ਤੱਕ ਉਹਨਾਂ ਦੇ ਸਿਰੜ 'ਤੇ ਕੋਈ ਅਸਰ ਨਹੀਂ ਸੀ। ਉਹਨਾਂ ਦੀ ਆਵਾਜ਼ ਦ੍ਰਿੜ੍ਹ ਅਤੇ ਉਹਨਾਂ ਦੀ ਯਾਦਦਾਸ਼ਤ ਲਾਜਵਾਬ ਸੀ। ਉਹ ਬਹੁਤ ਹੀ ਜ਼ਿੰਦਾਦਿਲ ਸਨ। ਉਮੀਦ ਨਾਲ ਭਰਪੂਰ।

ਆਜ਼ਾਦੀ ਦੀ ਲੜਾਈ ਦੌਰਾਨ ਸ਼ੰਕਰਾਇਆ ਨੇ ਅੱਠ ਸਾਲ ਜੇਲ੍ਹ ਵਿੱਚ ਬਿਤਾਏ ਸਨ - ਇੱਕ ਵਾਰ 1941 ਵਿੱਚ, ਜਦ ਉਹ ਮਦੁਰਾਈ ਦੇ ਅਮਰੀਕਨ ਕਾਲਜ ਦੇ ਵਿਦਿਆਰਥੀ ਸਨ, ਅਤੇ ਬਾਅਦ ਵਿੱਚ 1946 ਵਿੱਚ, ਮਦੁਰਾਈ ਸਾਜ਼ਿਸ਼ ਕੇਸ ਦੇ ਇੱਕ ਮੁਲਜ਼ਮ ਵਜੋਂ। ਭਾਰਤ ਸਰਕਾਰ ਨੇ ਮਦੁਰਾਈ ਸਾਜਿਸ਼ ਕੇਸ ਨੂੰ ਆਜ਼ਾਦੀ ਦੀ ਲੜਾਈ ਦੇ ਹਿੱਸੇ ਵਜੋਂ ਮਾਨਤਾ ਦਿੱਤੀ ਹੈ।

ਭਾਵੇਂ ਕਿ ਉਹ ਇੱਕ ਚੰਗੇ ਵਿਦਿਆਰਥੀ ਸਨ, ਪਰ 1941 ਵਿੱਚ ਬੀਏ ਫਾਈਨਲ ਦੇ ਇਮਤਿਹਾਨਾਂ ਤੋਂ ਮਹਿਜ਼ 15 ਦਿਨ ਪਹਿਲਾਂ ਅੰਗਰੇਜ਼ ਸਾਮਰਾਜ ਦੇ ਵਿਰੋਧ ਵਿੱਚ ਪ੍ਰਦਰਸ਼ਨ ਕਰਦਿਆਂ ਹੋਈ ਉਹਨਾਂ ਦੀ ਗ੍ਰਿਫ਼ਤਾਰੀ ਕਾਰਨ ਸ਼ੰਕਰਾਇਆ ਆਪਣੀ ਡਿਗਰੀ ਪੂਰੀ ਨਾ ਕਰ ਸਕੇ।

ਉਹਨਾਂ ਨੂੰ ਆਜ਼ਾਦੀ ਤੋਂ ਇੱਕ ਦਿਨ ਪਹਿਲਾਂ - 14 ਅਗਸਤ 1947 ਨੂੰ - ਰਿਹਾਅ ਕੀਤਾ ਗਿਆ। 1948 ਵਿੱਚ ਕਮਿਊਨਿਸਟ ਪਾਰਟੀ ਦੇ ਬੈਨ ਹੋਣ ਤੋਂ ਬਾਅਦ ਸ਼ੰਕਰਾਇਆ ਤਿੰਨ ਸਾਲ ਅੰਡਰਗ੍ਰਾਊਂਡ ਰਹੇ। ਰਾਜਨੀਤਕ ਆਲੇ-ਦੁਆਲੇ ਵਿੱਚ ਵੱਡੇ ਹੁੰਦਿਆਂ - ਉਹਨਾਂ ਦੇ ਨਾਨਾ ਪੈਰੀਯਾਰਵਾਦੀ ਸਨ - ਸ਼ੰਕਰਾਇਆ ਆਪਣੇ ਕਾਲਜ ਦੇ ਦਿਨਾਂ ਵਿੱਚ ਖੱਬੇਪੱਖੀ ਵਿਚਾਰਧਾਰਾ ਤੋਂ ਜਾਣੂੰ ਹੋਏ। ਜੇਲ੍ਹ ਤੋਂ ਰਿਹਾਅ ਹੋਣ ਅਤੇ ਦੇਸ਼ ਦੀ ਆਜ਼ਾਦੀ ਤੋਂ ਬਾਅਦ, ਸ਼ੰਕਰਾਇਆ ਕਮਿਊਨਿਸਟ ਲਹਿਰ ਵਿੱਚ ਸਰਗਰਮ ਰਹੇ। ਉਹ ਤਮਿਲਨਾਡੂ ਵਿੱਚ ਕਿਸਾਨ ਲਹਿਰ ਖੜ੍ਹੀ ਕਰਨ ਵਿੱਚ ਸਹਾਈ ਰਹੇ ਅਤੇ ਹੋਰ ਬਹੁਤ ਸਾਰੇ ਸੰਘਰਸ਼ਾਂ ਦੀ ਅਗਵਾਈ ਕਰਦੇ ਰਹੇ।

ਆਜ਼ਾਦੀ ਦੀ ਲੜਾਈ ਵਿੱਚ ਸ਼ਾਮਲ ਹੁੰਦਿਆਂ ਹੋਇਆਂ ਵੀ, ਸ਼ੰਕਰਾਇਆ, ਬਹੁਤ ਸਾਰੇ ਹੋਰ ਕਮਿਊਨਿਸਟ ਆਗੂਆਂ ਦੀ ਤਰ੍ਹਾਂ, ਹੋਰਨਾਂ ਮੁੱਦਿਆਂ 'ਤੇ ਵੀ ਲੜੇ। "ਅਸੀਂ ਬਰਾਬਰ ਤਨਖਾਹ, ਛੂਤਛਾਤ ਦੇ ਮੁੱਦੇ ਅਤੇ ਮੰਦਰਾਂ ਵਿੱਚ ਦਾਖਲੇ ਲਈ ਲੜੇ," ਉਹਨਾਂ ਨੇ PARI ਨੂੰ ਇੰਟਰਵਿਊ ਦੌਰਾਨ ਕਿਹਾ। "ਜ਼ਿੰਮੀਦਾਰੀ ਪ੍ਰਥਾ ਨੂੰ ਖ਼ਤਮ ਕਰਨਾ ਇੱਕ ਅਹਿਮ ਕਦਮ ਸੀ। ਕਮਿਊਨਿਸਟਾਂ ਨੇ ਇਸਦੇ ਲਈ ਲੜਾਈ ਲੜੀ।

**ਤਰਜਮਾ: ਅਰਸ਼ਦੀਪ ਅਰਸ਼ੀ**

# ਆਓ ਇਤਿਹਾਸ ’ਤੇ ਮੁੜ ਨਜ਼ਰ ਮਾਰੀਏ

## ਸਿੱਖ ਫਲਸਫੇ ਦਾ ਰਾਜਨੀਤਕ ਏਜੰਡਾ ਤੇ ਪੰਜਾਬ ਕਮਿਊਨ ਦੇ ਹਵਾਲੇ ਨਾਲ

ਡਾ. ਕੁਲਦੀਪ ਸਿੰਘ
98151-15429

ਇਤਿਹਾਸ ਦੀ ਪੜਚਾਲ ਨਾਪਣਾ ਕੋਈ ਆਸਾਨ ਕੰਮ ਨਹੀਂ ਹੁੰਦਾ। ਇਤਿਹਾਸ ਦੀਆਂ ਵੱਖ ਵੱਖ ਘਟਨਾਵਾਂ ਅਤੇ ਵਰਤਾਰਿਆਂ ਨੂੰ ਸਮਝਣ ਲਈ ਦਹਾਕਿਆਂਬੱਧੀ ਸਾਧਨਾ ਕਰਨੀ ਪੈਂਦੀ ਹੈ। ਪੰਜਾਬ ਦੀ ਇਤਿਹਾਸਕਾਰੀ ਵਿਸ਼ੇਸ਼ ਕਰ ਕੇ ਸਿੱਖ ਫਲਸਫਾ, ਰਾਜਨੀਤੀ ਅਤੇ ਇਸ ਦੇ ਸਰੋਕਾਰਾਂ ਵਿਚਲੀਆਂ ਪਰਤਾਂ ਨੂੰ ਫਰੋਲਣ ਲਈ ਵੱਖ ਵੱਖ ਵਿਦਵਾਨਾਂ ਨੇ ਆਪਣੀ ਸੋਝੀ ਅਤੇ ਸਮਰੱਥਾ ਨਾਲ ਕਾਰਜ ਕੀਤਾ ਹੈ। ਇਸ ਇਤਿਹਾਸਕਾਰੀ ਵਿਚ ਅੱਜ ਵੀ ਕਈ ਥੱਪੇ ਹਨ ਜਿਹੜੇ ਵਾਰ ਵਾਰ ਸੋਝੀ ਅਤੇ ਸਮਠਣ ਦੀ ਪ੍ਰਕਿਰਿਆ ਲਈ ਸੋਚਣ ਨੂੰ ਮਜ਼ਬੂਰ ਕਰਦੇ ਹਨ ਜਿਸ ਸਮਰੱਥਾ ਅਤੇ ਤਾਕਤ ਨਾਲ ਸਿੱਖ ਫਲਸਫੇ ਦਾ ਆਗਾਜ਼ ਹੋਇਆ ਜਿਸ ਕਿਸਮ ਦੀ ਦਿਸ਼ਾ ਪ੍ਰਦਾਨ ਕਰਨ ਲਈ ਇਸ ਵਿਚੋਂ ਸਰੋਕਾਰ ਉਭਰੇ ਅਚੇਤ ਜਾਂ ਸੁਚੇਤ ਰੂਪ ਵਿਚ ਪੰਜਾਬੀ ਲੋਕਾਈ ਦੀ ਮਾਨਸਿਕਤਾ ਦਾ ਹਿੱਸਾ ਬਣ ਗਏ। ਇਸ ਵਿਚਲੇ ਰਾਜਨੀਤਕ ਏਜੰਡੇ ਰਾਹੀਂ ਬੰਦਾ ਸਿੰਘ ਬਹਾਦਰ ਨੇ ਪੰਜਾਬ ਕਮਿਊਨ ਦਾ ਪ੍ਰੋਜੈਕਟ ਹਕੀਕੀ ਰੂਪ ਵਿਚ ਉਸ ਸਮੇਂ ਲਾਗੂ ਕੀਤਾ ਜਦੋਂ ਇਕ ਪਾਸੇ ਜਾਬਰ ਸਰਕਾਰਾਂ ਦਾ ਬੋਲਬਾਲਾ ਸੀ ਅਤੇ ਦੂਜੇ ਪਾਸੇ ਪੰਜਾਬੀ ਸਮਾਜ ਜਾਤੀ ਅਤੇ ਜਗੀਰੂ ਜਕੜ ਨਾਲ ਬੰਨ੍ਹਿਆ ਪਿਆ ਸੀ। ਜ਼ਮੀਨ ਦੀ ਮਾਲਕੀ ਦਾ ਸਵਾਲ ਬੰਦਾ ਬਹਾਦਰ ਦੀ ਕ੍ਰਾਂਤੀ ਹੋ ਨਿਬੜਿਆ। ਇਸੇ ਤਰ੍ਹਾਂ ਜਿਸ ਕਿਸਮ ਦੀ ਸਮਾਜਿਕ ਸੰਰਚਨਾ, ਰਾਜਨੀਤਕ ਵਿਵਸਥਾ, ਵਿਦੇਸ਼ੀ ਧਾੜਵੀਆਂ ਤੇ ਸਥਾਨਕ ਹਾਕਮਾਂ ਰਾਹੀਂ ਲੋਕਾਈ ਉਪਰ ਗੁਜ਼ਰ ਰਹੀ ਸੀ। ਇਸ ਦੇ ਨਾਲ ਹੀ ਪੰਜਾਬ ਦੀ ਪੁਰਾਤਨ ਸੱਤਾ ਅਤੇ ਇਸ ਵਿਚਲੇ ਕਾਰਜਸ਼ੀਲ ਤੱਤ ਵਿਕਾਸ ਦੇ ਰਾਹ ਵਿਚ ਵੱਡਾ ਰੋੜਾ ਸਨ। ਕਈ ਪੱਖਾਂ ਤੋਂ ਉਤਰ-ਪੱਛਮੀ ਭਾਰਤ ਆਪਸੀ ਵਿਤਕਰਿਆਂ ਨਾਲ ਜੂਝ ਰਿਹਾ ਸੀ। ਇਸ ਸਭ ਕੁਝ ਨੂੰ ਵਿਸ਼ਲੇਸ਼ਣ ਕਰਨ ਦਾ ਕਾਰਜ ਪ੍ਰਸਿੱਧ ਲੇਖਕ ਸਤਨਾਮ ਚਾਨਾ ਨੇ ਆਪਣੀਪੁਸਤਕ ‘ਸਿੱਖ ਫਲਸਫੇ ਦਾ ਰਾਜਨੀਤਕ ਏਜੰਡਾ ਤੇ ਪੰਜਾਬ ਕਮਿਊਨ’ ਰਾਹੀਂ ਕੀਤਾ। ਲੇਖਕ ਦਾ ਖ਼ੁਦ ਮੰਨਣਾ ਹੈ ਕਿ ਦਹਾਕਿਆਂਬੱਧੀ ਉਸ ਨੂੰ ਇਕ ਮਾਨਸਿਕ ਦਬਾਅ ਇਸ ਕਰਕੇ ਝੱਲਣਾ ਪਿਆ ਕਿ ਅਜਿਹੇ ਕਿਹੜੇ ਕਾਰਨ ਹਨ ਜਿਹੜੇ ਵਰਤਮਾਨ ਦੀਆਂ ਉਲਝਣਾ ਨੂੰ ਹੱਲ ਕਰਨ ਲਈ ਭੂਤਕਾਲ ਵਿਚੋਂ ਦੇਖਦੇ ਹਨ ਅਤੇ ਭੂਤਕਾਲ ਦੀਆਂ ਉਲਝਣਾ ਕਿਸ ਤਰ੍ਹਾਂ ਵਰਤਮਾਨ ਸਮੱਸਿਆਵਾਂ ਨੂੰ ਜਨਮ ਦਿੰਦੀਆਂ ਹਨ। ਭਲਾਂ ਹੀ ਨਾਮੀ ਖੋਜਕਾਰਾਂ ਅਤੇ ਮੂਲ ਲੇਖਕਾਂ ਨੇ ਆਪੋ ਆਪਣੇ ਦ੍ਰਿਸ਼ਟੀਕੋਣ ਤੋਂ ਪੰਜਾਬ ਦੀ ਹੋਣੀ ਤੇ ਅਣਹੋਣੀ ਵਿਚ ਕਾਰਜਸ਼ੀਲ ਸਿੱਖ ਫਲਸਫੇ ਦਾ ਰਾਜਨੀਤਕ ਏਜੰਡਾ ਵਿਲਸ਼ੇਸ਼ਣ ਲਈ ਲੈ ਕੇ ਆਂਦਾ ਹੈ ਪ੍ਰੰਤੂ ਜੋ ਖੱਪੇ ਲੇਖਕ ਸਤਨਾਮ ਚਾਨਾ ਨੂੰ ਦਿਖਾਈ ਦਿੱਤੇ ਅਤੇ ਸਮਝ ’ਚ ਆਏ ਕਿ ਕਿਸ ਤਰ੍ਹਾਂ ਪੰਜਾਬ ਦੀਆਂ ਵੱਖ ਵੱਖ ਜਾਤੀਆਂ, ਧਰਮ ਅਤੇ ਧੰਦੇ ਤਬਦੀਲ ਵੀ ਹੋ ਰਹੇ ਹਨ ਅਤੇ ਜੜ੍ਹਤਾ ਵੀ ਬਣ ਰਹੇ ਹਨ। ਲੇਖਕ ਇਸ ਪੁਸਤਕ ਰਾਹੀਂ ਇਕ ਵੱਡੇ ਸਵਾਲ ਨੂੰ ਨਜਿੱਠਣ ਦੀ ਕੋਸ਼ਿਸ਼ ਕਰਦਾ ਹੈ, “ਜਿਵੇਂ ਜਿਵੇਂ ਆਰਥਿਕ ਤੇ ਸਮਾਜਿਕ ਤਬਦੀਲੀ ਜ਼ੋਰ ਫੜੇਗੀ, ਜਾਤੀਆਂ ਦੀ ਆਰਥਿਕ ਸ਼ਕਤੀ ਵਿਚ ਵਾਧਾ ਹੋਵੇਗਾ, ਭਿੰਨਤਾਵਾਂ, ਸ਼ਿੱਦਤ ਅਤੇ ਸ਼ਕਤੀ ਨਾਲ ਵਧਣਗੀਆਂ, ਆਪਸੀ ਰੂਪ ਅਤੇ ਤਵੱਕੋਂ ਤਬਦੀਲ ਹੋਵੇਗੀ।” ਹਕੀਕਤ ਵਿਚ ਅਜਿਹਾ ਹੀਕੁਝ ਵਾਪਰਿਆ ਤੇ ਜਿਸ ਕਿਸਮ ਨਾਲ ਜਾਤਾਂ, ਧਰਮਾਂ ਅਤੇ ਮਜ਼੍ਹਬਾਂ ਦੀ ਸ਼ਕਤੀ ਮੁੜ ਸਥਾਪਤ ਹੋਈ ਉਹ ਪੰਜਾਬ ਦੇ ਹਰ ਕੋਨੇ ਵਿਚ ਅੱਜ ਦਿਖਾਈ ਦੇ ਰਹੀ ਹੈ। ਲੇਖਕ ਨੇ ਖੋਜ ਕਰਦਿਆਂ ਦੇਖਿਆ ਕਿ ਜਿਸ ਕਿਸਮ ਦਾ ਸਾਂਝੀਵਾਲਤਾ ਦਾ ਵਿਚਾਰ ਗੁਰੂ ਨਾਨਕ ਦੇਵ ਦੀ ਵਿਦਰੋਹੀ ਪ੍ਰਵਿਰਤੀ ਵਿਚ ਸੀ ਜਿਸ ਵਿਚ ਅਧਿਆਤਮਕਤਾ ਦਾ ਸੰਕਲਪ ਵੀ ਸਮਾਜਿਕ ਸਮਾਨਤਾ ਵਾਲਾ ਸੀ। ਇਸ ਲੜੀ ਵਿਚ ਹੀ ਵੱਖ ਵੱਖ ਗੁਰੂ ਸਾਹਿਬਾਨ ਦੀ ਕ੍ਰਾਂਤੀ ਸ਼ਾਮਲ ਸੀ। ਇਥੋਂ ਤੱਕ ਗੁਰੂ ਗੋਬਿੰਦ ਸਿੰਘ ਦੀਆਂ ਲੜਾਈਆਂ, ਫਲਸਫਾ ਅਤੇ ਪਰਜਾਤੰਤਰ ਦਾ ਵਿਚਾਰ ਇਸ ਖਿੱਤੇ ਦੀ ਸਮੁੱਚੀ ਮਾਨਵਤਾ ਨੂੰ ਪ੍ਰਭਾਵਤ ਕਰ ਚੁੱਕਾ ਸੀ। ਜਿਸ ਦਾ ਨਤੀਜਾ ਹੀਬੰਦਾ ਸਿੰਘ ਬਹਾਦਰ ਰਾਹੀਂ ਪੰਜਾਬ ਕਮਿਊਨ ਦੇ ਵਿਚਾਰ ਨੂੰ ਅਮਲੀਜਾਮਾ ਪਹਿਚਾਉਣ ਵਿਚ ਕਾਮਯਾਬ ਹੋ ਸਕਿਆ।




ਇਸ ਪੁਸਤਕ ਦੀ ਵਾਰ-ਵਾਰ ਪੜ੍ਹਤ ਕਰਨ ਦੀ ਜ਼ਰੂਰਤ ਹੈ ਕਿਉਂਕਿ ਜਿਸ ਕਿਸਮ ਨਾਲ ਅਜੋਕੇ ਦੌਰ ਵਿਚ ਸਿੱਖ ਫਲਸਫੇ ਦਾ ਰਾਜਨੀਤਕ ਏਜੰਡਾ ਉਭਾਰਿਆ ਜਾ ਰਿਹਾ ਹੈ ਉਸ ਵਿਚ ਨਾ ਤਾਂ ਸਾਂਝੀਵਾਲਤਾ, ਸਮਾਜਿਕ ਬਰਾਬਰਤਾ ਅਤੇ ਜਨਸਮੂਹ ਦੇ ਸਰੋਕਾਰ ਸ਼ਾਮਲ ਹਨ। ਹਾਲਾਂਕਿ ਪੁਸਤਕ ਦੇ ਲੇਖਕ ਨੇ ਦਰਜ ਕੀਤਾ ਹੈ ਕਿ “ਬੰਦਾ ਬਹਾਦਰ ਤੋਂ ਬਾਅਦ ਦੀ ਸਿੱਖ ਇਤਿਹਾਸਕਾਰੀ ਸਮੇਤ ਪੰਜਾਬ ਦੀ ਤਬਦੀਲੀ ਵਿਚਲੇ ਕਾਰਜਸ਼ੀਲ ਤੱਤਾਂ ਨੂੰ ਮਾਪਣਾ, ਖੋਜਣਾ ਅਤੇ ਰਸਤਾ ਤਲਾਸ਼ਣਾ ਅਹਿਮ ਕਾਰਜ ਹੋਵੇਗਾ।” ਲੇਖਕ ਇਨ੍ਹਾਂ ਸਰੋਕਾਰਾਂ ਨਾਲ ਤਾਂ ਜੁੜਿਅ ਰਿਹਾ ਪਰ ਇਹ ਅਜੇ ਵੀ ਅਧੂਰਾ ਕਾਰਜ ਹੈ। ਲੇਖਕ ਦੀ ਇਹ ਵੀ ਵੱਡੀ ਖ਼ੂਬੀ ਹੈ ਕਿ ਉਸ ਨੇ ਪੰਜਾਬ ਦੇ ਡੇਢ ਸੌ ਤੋਂ ਵੱਧ ਪਿੰਡਾਂ ਦਾ ਅਧਿਐਨ ਇਸ ਪੱਧਰ ਤੱਕ ਕੀਤਾ ਕਿ ਕਿਸ ਕਿਸਮ ਨਾਲ ਜਾਤਾਂ, ਧਰਮਾਂ ਅਤੇ ਕਿੱਤਿਆਂ ਵਿਚ ਪਿੰਡ ਬੰਨ੍ਹੇ ਹੋਏ ਹਨ। ਕਈ ਪਿੰਡ ਤਾਂ ਇਤਿਹਾਸਕ ਵਿਰਾਸਤਾਂ ਵਾਲੇ ਹਨ ਅਤੇ ਕਈ ਨਵੇਂ ਉਭਰੇ ਅਤੇ ਵਿਕਸਤ ਹੋਏ। ਹਾਲਾਂਕਿ ਇਨ੍ਹਾਂ ਪਿੰਡਾਂ ਦੀ ਇਕਾਈ ਵਿਚ ਜੋ ਅਜੋਕੀ ਪੂੰਜੀ ਨੇ ਦਖ਼ਲ ਦਿੱਤਾ ਹੈ ਉਸ ਨੇ ਪਿੰਡ ਦੀ ਇਕਾਈ ਨੂੰ ਅੰਦਰੋਂ ਅੰਦਰੀ ਖੋਰ ਦਿੱਤਾ ਹੈ ਅਤੇ ਕਈ ਕਿਸਮ ਦੀਆਂ ਵਿਰੋਧਤਾਈਆਂ ਉਤਪੰਨ ਕਰ ਦਿੱਤੀਆਂ ਹਨ। ਲੇਖਕ ਦੀ ਸਮਰੱਥਾ ਹੈ ਜਿਥੇ ਉਹ ਸਿੱਖ ਫਲਸਫੇ ਦੇ ਸਰੋਕਾਰਾਂ ਪ੍ਰਤੀ ਸੋਝੀ ਰੱਖਦਾਹੈ ਉਥੇ ਪੰਜਾਬ ਸਮਾਜ ਦੀਆਂ ਅੰਦਰੂਨੀ ਵਿਰੋਧਤਾਈਆਂ ਅਤੇ ਉਨ੍ਹਾਂ ਵਿਚ ਉਤਪੰਨ ਹੋਏ ਨਵੇਂ ਸਵਾਲਾਂ ਅਤੇ ਸਰੋਕਾਰਾਂ ਨੂੰ ਨਜਿੱਠਣ ਦਾ ਕਾਰਜ ਕਰ ਸਕਦਾ ਹੈ। ਹਾਲਾਂਕਿ ਲੇਖਕ ਨੇ ਪੰਜਾਬ ਦੇ ਜਾਤੀ ਤਾਣੇ-ਬਾਣੇ ਨੂੰ ਸਮਝਣ ਲਈ ਡਾ. ਭੀਮ ਰਾਓ ਅੰਬੇਡਕਰ ਤੇ ਮੁੱਲਵਾਨ ਕਾਰਜ ਕਰਦਿਆਂ ਇਤਿਹਾਸਕ ਫਿਲਮ ‘ਜੈ ਭੀਮ’ ਬਣਾਈ ਹੈ। ਇਸੇ ਤਰ੍ਹਾਂ ਬੰਦਾ ਬਹਾਦਰ ਉਪਰ ਆਧਾਰਤ ਫਿਲਮ “ਗੁਰੂ ਦਾ ਬੰਦਾ” ਪੰਜਾਬੀ ਵਿਰਾਸਤ ਅਤੇ ਸਭਿਆਚਾਰ ਦੀ ਅਹਿਮ ਫਿਲਮ ਹੈ। ਲੇਖਕ ਦੀਆਂ ਸਮਰਥਾਵਾਂ ਉਸ ਦੀ ਨਵੀਂ ਪੁਸਤਕ ‘ਚਿੰਤਨ ਪ੍ਰਕਿਰਿਆ : ਦਲੀਲ ਬਾ ਦਲੀਲ” ਰਾਹੀਂ ਵੀ ਸਾਹਮਣੇ ਆਈਆਂ ਹਨ। ਜਿਸ ਪੁਸਕ ਵਿਚ ਉਸ ਨੇ ਪੰਜਾਬੀਅਤ ਦੇ ਵਿਚਾਰ ਪਿਛੇ ਕਾਰਜਸ਼ੀਲ ਤੱਤਾਂ ਦੀ ਪਰਖ ਪੜਚੋਲ ਕੀਤੀ ਹੈ। ਲੇਖਕ ਬਹੁਪਰਤੀ ਅਤੇ ਬਹੁਦਿਸ਼ਾਵੀ ਸ਼ਖਸੀਅਤ ਹੋਣ ਕਰਕੇ ਆਧੁਨਿਕ ਸਮਿਆਂ ਦੇ ਪੰਜਾਬੀ ਸਰੋਕਾਰਾਂ ਨੂੰ ਨਵੀਂ ਸੋਝੀ ਅਤੇ ਦਿਸ਼ਾ ਦੇਣ ਦੀ ਸਮਰੱਥਾ ਰੱਖਦਾ ਹੈ।

# ਕੈਨੇਡਾ ਵਿੱਚ ਵਧਦੀ ਬੇਘਰੀ ਦੀ ਸਮੱਸਿਆ

ਸਿਮਰਨ

ਅਕਸਰ ਹੀ ਜਦ ਵੀ ਗ਼ਰੀਬੀ, ਬੇਘਰੀ, ਅਤੇ ਭੁੱਖਮਰੀ ਵਰਗੀ ਸਮੱਸਿਆਵਾਂ ਦੀ ਗੱਲ ਕੀਤੀ ਜਾਂਦੀ ਹੈ ਤਾਂ ਸਾਰਾ ਦੋਸ਼ ਵੱਧ ਅਬਾਦੀ ਸਿਰ ਹੀ ਮੜ ਦਿੱਤਾ ਜਾਂਦਾ ਹੈ। ਕਿਤਾਬਾਂ, ਅਖਬਾਰਾਂ, ਖੋਜ-ਪੱਤਰਾਂ ਆਦਿ ਜਰੀਏ ਸਾਰੇ ਸੰਸਾਰ ਵਿੱਚ ਹੀ ਆਪਣੀ ਨਾਕਾਮੀ ਨੂੰ ਲੁਕਾਉਣ ਲਈ ਹਾਕਮ ਜਮਾਤ ਅਬਾਦੀ ਇੱਕ ਸੱਮਸਿਆ ਹੋਣ ਦਾ ਢਿੰਡੋਰਾ ਪਿੱਟਦੀ ਰਹਿੰਦੀ ਹੈ। ਪਰ ਸਮੇਂ ਸਮੇਂ ’ਤੇ ਆਉਂਦੇ ਅੰਕੜੇ ਇਨ੍ਹਾਂ ਦੇ ਝੂਠ ਦੇ ਪਰਖੱਚੇ ਉਡਾਉਂਦੇ ਰਹਿੰਦੇ ਹਨ ਅਤੇ ਸਾਨੂੰ ਇਸ ਝੂਠੇ ਪ੍ਰਚਾਰ ’ਤੇ ਸਵਾਲ ਉਠਾਉਣ ਲਈ ਮਜਬੂਰ ਕਰਦੇ ਹਨ।

ਹੁਣੇ ਹੁਣੇ ਆਈ ਇੱਕ ਅਜਿਹੀ ਹੀ ਰਿਪੋਰਟ ਕੈਨੇਡਾ ਵਰਗੇ ਵਿਕਸਤ ਦੇਸ਼ ਵਿੱਚ ਆਮ ਲੋਕਾਂ ਦੀ ਹਾਲਤ ਦਰਸਾਉਂਦੀ ਹੈ। ਇਸ ਰਿਪੋਰਟ ਵਿੱਚ ਕੈਨੇਡਾ ਦੇ ਬੇਘਰੇ ਲੋਕਾਂ ਦੀ ਗਿਣਤੀ ਸਾਹਮਣੇ ਆਈ ਜੋ ਕਿ ਹੈਰਾਨੀਜਨਕ ਹੈ। ਸਰਕਾਰੀ ਅੰਕੜਿਆਂ ਮੁਤਾਬਕ ਸਾਲ 2021 ਵਿੱਚ ਕੈਨੇਡਾ ਵਿੱਚ ਲੱਗਭੱਗ 2,35,000 ਲੋਕ ਬੇਘਰੇ ਸਨ ਅਤੇ ਸਰਕਾਰੀ ਸ਼ੈਲਟਰਾਂ ਵਿੱਚ ਰਹਿਣ ਲਈ ਮਜਬੂਰ ਸਨ। ਹਾਲੇ ਖੋਜਾਰਥੀਆਂ ਦਾ ਕਹਿਣਾ ਹੈ ਕਿ ਸਰਕਾਰੀ ਅੰਕੜੇ ਦੇਸ਼ ਭਰ ਵਿੱਚ ਬੇਘਰਿਆਂ ਦੀ ਗਿਣਤੀ ਨੂੰ ਬਹੁਤ ਘਟਾ ਕੇ ਪੇਸ਼ ਕਰ ਰਹੇ ਹਨ, ਕਿਉਂਕਿ ਇਸ ਸਮਾਜਿਕ ਬਿਮਾਰੀ ਸਦਕਾ ਵੱਡੇ ਸ਼ਹਿਰਾਂ ਤੋਂ ਲੈਕੇ ਛੋਟੇ ਕਸਬਿਆਂ ਤੱਕ ਲੱਖਾਂ ਹੀ ਲੋਕ ਗਲੀਆਂ ਅਤੇ ਸੜਕਾਂ ’ਤੇ ਰਹਿਣ ਲਈ ਮਜਬੂਰ ਹਨ। ਬਹੁਤ ਸਾਰੇ ਮਾਹਿਰਾਂ ਦਾ ਤਾਂ ਇੱਥੇ ਤੱਕ ਕਹਿਣਾ ਹੈ ਕਿ ਅਸਲ ਅੰਕੜੇ ਇਸ ਦੇ ਤਿੰਨ ਗੁਣਾ ਹਨ। ਇਹਨਾਂ ਬੇਘਰ ਲੋਕਾਂ ਨੂੰ ਆਮ ਤੌਰ ’ਤੇ ਬਿਮਾਰੀ, ਡਾਕਟਰੀ ਇਲਾਜ ਨਾ ਮਿਲਣਾ, ਭੁੱਖਮਰੀ ਅਤੇ ਠੰਡ ਨਾਲ ਮੌਤ ਜਿਹੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹਨਾਂ ਵਿੱਚੋਂ ਕੁੱਝ ਲੋਕ ਬੇਘਰ ਸੇਵਾ ਏਜੰਸੀਆਂ ਵਲੋਂ ਅਸਥਾਈ ਤੌਰ ’ਤੇ ਮੁਹੱਈਆ ਕਰਵਾਏ ਸ਼ੈਲਟਰਾਂ ਵਿੱਚ ਰਹਿੰਦੇ ਹਨ। ਪਰ ਇਹਨਾਂ ਸ਼ੈਲਟਰਾਂ ਨੂੰ ਹਾਸਲ ਕਰਨ ਲਈ ਲੋਕਾਂ ਦੀ ਕਤਾਰ ਦਿਨ-ਬ-ਦਿਨ ਵੱਡੀ ਹੁੰਦੀ ਜਾਂਦੀ ਹੈ।

ਅਮੀਰੀ ਦਾ ਇਹ ਟਾਪੂ ਜਿਹੜਾ ਲੱਖਾਂ ਪ੍ਰਵਾਸੀਆਂ ਲਈ “ਸਵਰਗ ਲੋਕ” ਬਣਿਆ ਬੈਠਾ ਹੈ, ਦੇ ਇਹ ਭਿਅੰਕਰ ਹਲਾਤਾਂ ਬਾਰੇ ਲੋਕ ਬਹੁਤ ਘੱਟ ਜਾਣਦੇ ਹਨ ਅਤੇ ਨਾ ਹੀ ਇਹਦੇ ਬਾਰੇ ਬਹੁਤੀ ਗੱਲ ਕੀਤੀ ਜਾਂਦੀ ਹੈ। ਕੜਕਦੀ ਠੰਡ ਵਿੱਚ ਸੜਕਾਂ ਅਤੇ ਟੈਂਟਾਂ ਵਿੱਚ ਰਹਿੰਦੇ ਇਹ ਲੁਕੀ ਹੋਈ ਦੁਨੀਆ ਦੇ ਉਹ ਬਦਕਿਸਮਤ ਲੋਕ ਹਨ ਜਿਹੜੇ ਗਰੀਬੀ ਦੀ ਦਲਦਲ ਵਿੱਚ ਫਸੇ ਹੋਏ ਹਨ ਜਿੱਥੇ ਲੱਖਾਂ ਹੀ ਲੋਕਾਂ ਲਈ ਸਿਰਫ ਜਿਊਂਦੇ ਰਹਿਣਾ ਵੀ ਇੱਕ ਚੁਣੌਤੀ ਬਣੀ ਬੈਠੀ ਹੈ।



ਸਿਰਫ਼ ਇਹ ਹੀ ਨਹੀਂ ਕੈਨੇਡਾ ਵਿੱਚ ਪਿਛਲੇ ਲੰਬੇ ਸਮੇਂ ਤੋਂ ਘਰਾਂ ਦੀਆਂ ਕੀਮਤਾਂ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ। ਕੈਨੇਡਾ ਦੇ ਨੀਤੀ ਵਿਕਲਪ ਕੇਂਦਰ ਦੀ ਇੱਕ ਤਾਜਾ ਰਿਪੋਰਟ ਅਨੁਸਾਰ ਕੈਨੇਡਾ ਵਿੱਚ ਘੱਟੋ-ਘੱਟ ਉਜਰਤ ਕਮਾਉਣ ਵਾਲਾ ਕੋਈ ਵੀ ਵਿਅਕਤੀ ਰਿਹਾਇਸ਼ ’ਤੇ ਆਪਣੀ ਆਮਦਨ ਦੇ ਇੱਕ ਤਿਹਾਈ ਤੋਂ ਵੱਧ ਖਰਚ ਕੀਤੇ ਬਿਨਾਂ ਪਿਛਲੇ ਸਾਲ ਇੱਕ ਔਸਤ ਅਪਾਰਟਮੈਂਟ ਕਿਰਾਏ ’ਤੇ ਲੈਣ ਦੇ ਯੋਗ ਨਹੀਂ ਸੀ। 2017 ਵਿੱਚ, ਇੱਕ ਔਸਤ ਕੈਨੇਡੀਅਨ ਘਰ ਦੇ ਕਿਰਾਏ ਵਜੋਂ 1172 ਅਮਰੀਕੀ ਡਾਲਰ ਪ੍ਰਤੀ ਮਹੀਨਾ ਅਦਾ ਕਰਨੇ ਪੈਂਦੇ ਸਨ, ਜੋ ਕਿ 2023 ਵਿੱਚ 2289 ਅਮਰੀਕੀ ਡਾਲਰ ਹੋ ਗਿਆ ਹੈ। ਮਤਲਬ ਕਿ ਜੋ ਲੋਕ ਘਰਾਂ ਵਿੱਚ ਰਹਿ ਵੀ ਰਹੇ ਹਨ ਉਹਨਾਂ ਲਈ ਸੜਕ ’ਤੇ ਆਉਣ ਦਾ ਖਤਰਾ ਲਗਾਤਾਰ ਬਣਿਆ ਰਹਿੰਦਾ ਹੈ। ਘੱਟ ਆਮਦਨ ਵਾਲੇ ਲੋਕਾਂ ਲਈ ਕਿਫਾਇਤੀ ਰਿਹਾਇਸ਼ ਇੱਕ ਬਹੁਤ ਵੱਡਾ ਮਸਲਾ ਹੈ।

ਇਹ ਗੱਲ ਇਨ੍ਹਾਂ ਤੱਥਾਂ ਨਾਲ ਹੋਰ ਸਪੱਸ਼ਟ ਹੋ ਜਾਂਦੀ ਹੈ ਕਿ ਘਰੇਲੂ ਕਰਜੇ ਦੇ ਮਾਮਲੇ ਵਿੱਚ ਵੀ ਜੀ-7 ਦੇ ਦੇਸ਼ਾਂ ਵਿੱਚ ਕੈਨੇਡਾ ਦੇ ਘਰੇਲੂ ਕਰਜੇ ਦੀ ਦਰ ਸਭ ਤੋਂ ਉੱਚੀ ਹੈ, ਜਿਸ ਕਾਰਨ ਦੇਸ਼ ਦੀ ਹਾਊਸਿੰਗ ਏਜੰਸੀ ਮੁਤਾਬਕ ਇਸਦੇ ਅਰਥਚਾਰੇ ਨੂੰ ਆਉਣ ਵਾਲੇ ਸਮੇਂ ਵਿੱਚ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮੌਰਟਗੇਜ (ਗਿਰਵੀ ਰੱਖ ਕੇ ਲਿੱਤਾ ਕਰਜਾ) ਕੈਨੇਡਾ ਦੇ ਘਰੇਲੂ ਕਰਜੇ ਦਾ ਤਿੰਨ-ਚੌਥਾਈ ਹਿੱਸਾ ਬਣਾਉਂਦੇ ਹਨ। ਜਿੱਥੇ ਕਿ 2008 ਦੀ ਮੰਦੀ ਦੌਰਾਨ ਘਰੇਲੂ ਕਰਜਾ ਸਮੁੱਚੇ ਕੈਨੇਡੀਅਨ ਅਰਥਚਾਰੇ ਦੇ ਅਕਾਰ ਦਾ 80 ਫੀਸਦੀ ਸੀ, ਇਹ 2010 ਵਿੱਚ ਵਧ ਕੇ 95 ਫੀਸਦੀ ਹੋ ਗਿਆ ਅਤੇ 2021 ਵਿੱਚ ਇਸ ਤੋਂ ਵੀ ਅੱਗੇ ਟੱਪ ਗਿਆ। ਉੱਤੋਂ ਵਿਆਜ ਦਰਾਂ ਵਿੱਚ ਲਗਾਤਾਰ ਵਾਧੇ ਕਾਰਨ ਨਵੇਂ ਘਰਾਂ ਦੀ ਸੱਨਅਤ ਵਿੱਚ ਨਿਵੇਸ਼ ਬਹੁਤ ਘਟ ਗਿਆ ਹੈ ਜਿਸ ਕਾਰਨ ਪਿਛਲੇ 7 ਸਾਲਾਂ ਵਿੱਚ ਕਿਰਾਏ ਵਿੱਚ 122% ਦਾ ਵਾਧਾ ਦਰਜ ਕੀਤਾ ਗਿਆ ਹੈ।

ਘਰਾਂ ਦੇ ਵਧਦੇ ਕਿਰਾਇਆਂ ਦਾ ਸੇਕ ਸਭ ਤੋਂ ਵੱਧ ਪ੍ਰਵਾਸੀ ਵਿਦਿਆਰਥੀਆਂ ਨੂੰ ਸਹਿਣਾ ਪੈ ਰਿਹਾ ਹੈ। ਓਨਟਾਰੀਓ ਦੇ ਕਿਚਨਰ ਇਲਾਕੇ ਵਿੱਚ ਤਾਂ ਹਾਲ ਇਹ ਹਨ ਕਿ ਵਿਦਿਆਰਥੀ ਰਿਹਾਇਸ਼ੀ ਇਲਾਕਿਆਂ ਵਿੱਚ ਕਿਰਾਏ ’ਤੇ ਲੈਣ ਲਈ ਕੋਈ ਥਾਂ ਦੀ ਭਾਲ ਵਿੱਚ ਆਪਣੇ ਸਮਾਨ ਨਾਲ ਘਰ-ਘਰ ਘੁੰਮਦੇ ਫਿਰਦੇ ਹਨ। ਕਿੰਨੇ ਹੀ ਵਿਦਿਆਰਥੀ ਘਰਾਂ ਦੇ ਬੇਸਮੈਂਟ ਵਿੱਚ ਇੱਕ ਸਟੋਰ ਰੂਮ ਸਾਂਝਾ ਕਰਦੇ ਹਨ ਜਿਸ ਲਈ ਵੀ ਉਨ੍ਹਾਂ ਨੂੰ 600-650 ਅਮਰੀਕੀ ਡਾਲਰ ਪ੍ਰਤੀ ਮਹੀਨਾ ਦਾ ਕਿਰਾਇਆ ਅਦਾ ਕਰਨਾ ਪੈਂਦਾ ਹੈ। ਸਰਕਾਰੀ ਅੰਕੜਿਆਂ ਅਨੁਸਾਰ ਕੈਨੇਡਾ ਭਰ ਵਿੱਚ ਘੱਟੋ-ਘੱਟ 3,45,000 ਹਾਊਸਿੰਗ ਇਕਾਈਆਂ ਦੀ ਘਾਟ ਹੈ।

ਯਾਦ ਰੱਖਿਆ ਜਾਵੇ ਕਿ ਇਹ ਉਸ ਦੇਸ਼ ਦੇ ਹਲਾਤ ਨੇ ਜਿਹੜਾ ਭੂਗੋਲਿਕ ਤੌਰ ’ਤੇ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਦੇਸ਼ ਹੈ ਅਤੇ ਜਿਸ ਦੀ ਅਬਾਦੀ ਸਿਰਫ 3.87 ਕਰੋੜ ਹੈ। ਇਸਦੀ ਅਬਾਦੀ ਘਣਤਾ ਸਿਰਫ਼ 4 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਫਿਰ ਸਾਡੇ ਸਾਹਮਣੇ ਇਹ ਸਵਾਲ ਉੱਠਦਾ ਹੈ ਕਿ ਸਾਧਨਾ ਦੀ ਕੋਈ ਘਾਟ ਨਾ ਹੋਣ ਦੇ ਬਾਵਜੂਦ ਇੰਨੇ ਲੋਕਾਂ ਦਾ ਅਜਿਹੀਆਂ ਭੈੜੀਆਂ ਹਾਲਤਾਂ ਵਿੱਚ ਰਹਿਣਾ ਅਤੇ 21ਵੀਂ ਸਦੀ ਵਿੱਚ ਵੀ ਆਪਣੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਕਰਨ ਤੋਂ ਅਸਮਰਥ ਰਹਿਣ ਦਾ ਕੀ ਕਾਰਨ ਹੈ?

ਫੈਡਰਲ ਸਰਕਾਰ ਕੋਲ? ਦੇਸ਼ ਭਰ ਦੇ ਸ਼ਹਿਰਾਂ ਵਿੱਚ ਹੋਰ ਕਿਫਾਇਤੀ ਰਿਹਾਇਸ਼ੀ ਇਕਾਈਆਂ ਬਣਾਉਣ ਲਈ ਸਰੋਤ, ਜਮੀਨ ਅਤੇ ਤਾਕਤ ਹੈ ਪਰ ਅਸਲ ਵਿੱਚ ਉਨ੍ਹਾਂ ਕੋਲ? ਅਜਿਹਾ ਕਰਨ ਦੀ ਇੱਛਾ ਨਹੀਂ ਹੈ। ਅਸਲ ਸਮੱਸਿਆ ਇਸ ਸਮਾਜਿਕ ਢਾਂਚੇ ਵਿੱਚ ਹੈ ਜਿੱਥੇ ਪੈਦਾਵਾਰ ਮੁਨਾਫ਼ੇ ਲਈ ਕੀਤੀ ਜਾਂਦੀ ਹੈ ਨਾ ਕਿ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ। ਇੱਥੇ ਘਰਾਂ ਦੀ ਉਸਾਰੀ ਬਹੁਤ ਘੱਟ ਹੈ ਜਿਸ ਨੇ ਇਸ ਸੁਵਿਧਾ ਨੂੰ ਆਮ ਕੈਨੇਡੀਅਨਾਂ ਅਤੇ ਨਵੇਂ ਪ੍ਰਵਾਸੀਆਂ ਦੀ ਪਹੁੰਚ ਤੋਂ ਬਾਹਰ ਕਰ ਦਿੱਤਾ ਹੈ। ਪਿਛਲੇ ਲੰਬੇ ਸਮੇਂ ਤੋਂ ਖਾਸਕਰ 1980 ਵਿਆਂ ਦੇ ਬਾਅਦ ਸਰਕਾਰ ਨੇ ਸਮਾਜਿਕ ਅਤੇ ਕਿਫਾਇਤੀ ਰਿਹਾਇਸ਼ ਲਈ ਫੰਡਿੰਗ ਪ੍ਰੋਜੈਕਟਾਂ ਤੋਂ ਹੱਥ ਪਿੱਛੇ ਹਟਾਏ ਹਨ ਜਿਸ ਦੇ ਨਤੀਜੇ ਵਜੋਂ ਘਰਾਂ ਦੀ ਪੂਰਤੀ ਵਿੱਚ ਕਾਫੀ ਗਿਰਾਵਟ ਆਈ ਹੈ। ਕੈਨੇਡਾ ਦੀ ਸਰਕਾਰ ਵੱਲੋਂ 1972 ਦੇ ਮੁਕਾਬਲੇ 2022 ਵਿੱਚ ਬਹੁਤ ਘੱਟ ਘਰਾਂ ਦੀ ਉਸਾਰੀ ਕੀਤੀ ਗਈ ਹੈ । 2023 ਵਿੱਚ, ਕੈਨੇਡਾ ਵਿੱਚ ਮਕਾਨ ਉਸਾਰੀ ਵਿੱਚ 32 ਫੀਸਦੀ ਹੋਰ ਗਿਰਾਵਟ ਆਉਣ ਦੀ ਉਮੀਦ ਹੈ।

ਹੋਰ ਤਾਂ ਹੋਰ ਪਿਛਲੇ ਕੁੱਝ ਸਮੇਂ ਤੋਂ ਕੈਨੇਡਾ ਦੀ ਸਰਕਾਰ ਵਲੋਂ ਲੋਕਾਂ ਨੂੰ ਦਿੱਤੇ ਜਾਂਦੇ ਸਹਾਇਤਾ ਫੰਡ ਵਿੱਚ ਵੀ ਭਾਰੀ ਕਟੌਤੀ ਕੀਤੀ ਗਈ ਹੈ। ਇਸ ਸਮੱਸਿਆ ਨੂੰ ਲੈਕੇ ਸਰਕਾਰ ਦਾ ਰਵੱਈਆ ਕੈਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਦਿੱਤੇ ਗਏ ਬਿਆਨ ਤੋਂ ਚੰਗੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ ਜਿਸ ’ਚ ਉਹ ਕਹਿੰਦਾ ਹੈ ਕਿ ਇਹ ਕੋਈ ਫੈਡਰਲ ਸਮੱਸਿਆ ਨਹੀਂ ਹੈ ਇਹ ਤਾਂ ਅੱਜ ਕੱਲ੍ਹ ਹਰ ਕਿਸੇ ਦੀ ਸਮੱਸਿਆ ਹੈ। ਇੱਥੋਂ ਬਹੁਤ ਹੱਦ ਤੱਕ ਸਪੱਸ਼ਟ ਹੋ ਜਾਂਦਾ ਹੈ ਕਿ ਕੈਨੇਡਾ ਸਰਕਾਰ ਦੀਆਂ ਨੀਤੀਆਂ ਕਿੰਨੀਆਂ ਲੋਕ ਵਿਰੋਧੀ ਹਨ ਅਤੇ ਸਰਕਾਰ ਲਗਾਤਾਰ ਆਪਣੀਆਂ ਜਿੰਮੇਵਾਰੀਆਂ ਤੋਂ ਪਿੱਛੇ ਹਟਦੀ ਜਾ ਰਹੀ ਹੈ ਤਾਂ ਜੋ ਆਰਥਿਕ ਧੀਮੇਪਣ ਦੇ ਇਸ ਦੌਰ ਵਿੱਚ ਲੋਕਾਂ ਨੂੰ ਜਿਉਣ ਦੇ ਬੁਨਿਆਦੀ ਹੱਕਾਂ ਤੋਂ ਵੀ ਵਾਂਝੇ ਕਰਕੇ ਸਰਮਾਏਦਾਰਾਂ ਦੇ ਮੁਨਾਫੇ ਦੇ ਭੰਡਾਰ ਨੂੰ ਵੱਡਾ ਕਰ ਸਕੇ।

ਸਰਮਾਏਦਾਰਾ ਆਰਥਿਕ ਢਾਂਚੇ ਅੰਦਰ ਵਿਸ਼ਾਲ ਬਹੁਗਿਣਤੀ ਅਬਾਦੀ ਦੀ ਹੋਂਦ ਸਿਰਫ ਕੁੱਝ ਮੁੱਠੀਭਰ ਅਮੀਰਾਂ ਲਈ ਧਨ-ਦੌਲਤ ਤੇ ਅੱਯਾਸ਼ੀ ਦੇ ਸਾਧਨ ਪੈਦਾ ਕਰਨ ਵਾਲ ?ਿਆਂ ਹੱਡਮਾਸ ਦੀਆਂ ਮਸ਼ੀਨਾਂ ਬਣਕੇ ਰਹਿ ਜਾਂਦੀ ਹੈ। ਅੱਜ ਬਹੁਗਿਣਤੀ ਲੋਕਾਂ ਦਾ ਭਲਾ ਇਸ ਮਨੁੱਖਦੋਖੀ ਪ੍ਰਬੰਧ ਨੂੰ ਬਦਲ ਕੇ ਇੱਕ ਲੁੱਟ ਤੇ ਜਬਰ ਰਹਿਤ ਸਮਾਜ ਸਿਰਜ ਕੇ ਹੀ ਕੀਤਾ ਜਾ ਸਕਦਾ ਹੈ ਜਿੱਥੇ ਸਾਰੇ ਲੋਕ ਇੱਕ ਸਨਮਾਨਯੋਗ ਜਿੰਦਗੀ ਜਿਓਂ ਸਕਣਗੇ ਅਤੇ ਸਿਰਫ ਆਪਣੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਦੀ ਜੱਦੋ-ਜਹਿਦ ਤੋਂ ਉੱਤੇ ਉੱਠ ਕੇ ਸਾਰੇ ਲੋਕ ਹੀ ਕੁਦਰਤ, ਸੰਗੀਤ, ਕਲਾ ਦਾ ਅਨੰਦ ਮਾਣ ਸਕਣਗੇ, ਸਾਰੇ ਲੋਕ ਹੀ ਵਿਗਿਆਨਕ ਤਕਨੀਕ ਤੋਂ ਲਾਭ ਲੈਣਗੇ ਆਦਿ। ਨਹੀਂ ਤਾਂ ਪਤਾ ਨਹੀਂ ਕਿੰਨਾ ਸਮਾਂ ਹੋਰ ਮਨੁੱਖਤਾ ਹਨੇਰੇ ਖੂੰਜਿਆਂ ’ਚ ਹੱਥ ਮਾਰਦੀ ਫਿਰੇਗੀ ਅਤੇ ਸੰਸਾਰ ਧਨਪਸ਼ੂ ਅਮੀਰੀ ਦੇ ਨਵੇਂ-ਨਵੇਂ “ਰਿਕਾਰਡ”ਬਣਾਉਂਦੇ ਰਹਿਣਗੇ।

ਲਲਕਾਰ ’ਚੋਂ ਧੰਨਵਾਦ ਸਹਿਤ

# Ontario hospital privatization, a threat to public health care

(Andrew Longhurst, B.A. (Hons), M.A., is a political economist, health policy researcher, in the Department of Geography at Simon Fraser University. The author analysed and presented a detail research paper on this health privatization by Ontario government. Here is the summary of this research paper.)



Andrew Longhurst, B.A. (Hons), M.A.



In August 2022, the Ontario government announced that it would increase the number of publicly funded surgeries and diagnostic procedures performed in for-profit facilities.1 Then, in January 2023, the government introduced new legislation to encourage the growth of this for-profit sector through a phased expansion of the volumes and types of surgical and diagnostic procedures allowed to be performed outside of hospitals. The government's stated objective was to increase provincial capacity and reduce wait times. However, Ontario's for-profit surgical and diagnostic sector-and the government's proposed reforms-have undergone little scrutiny. This research report seeks to address this gap by analyzing the government's policy direction, the existing for-profit surgical and diagnostic industry, and the implications of expanding for-profit involvement in Canada's largest province. Drawing on Freedom of Information requests, financial and statistical analysis, and a review of the research literature and policy experience, this report finds that the Ontario government's policy direction is unlikely to increase surgical and diagnostic capacity over the long term and risks entrenching a for-profit hospital sector at the expense of the public health care system. This report recommends that the provincial government rethink its plans for the significant expansion of for-profit surgical and diagnostic delivery and, instead, refocus efforts on public system improvement based on the research evidence and policy experience in Canada and internationally. Effective, evidence-based policy strategies include single-entry and At What Cost? 9 team-based referral models, improving and maximizing public operating room capacity, increasing access to seniors' home and community care3 to alleviate hospital overcrowding, and reducing the overuse of diagnostic tests and surgeries. As well, public health interventions to reduce the spread of COVID-19 would help reduce strain on hospitals, and in turn, help prevent cancelled surgeries, backlogs, and longer wait times.

In January 2023, the government announced a three-part, phased approach to increasing for-profit delivery:

- First, the province established new contracts with for-profit facilities in Windsor, Kitchener-Waterloo, and Ottawa to perform 14,000 additional cataract surgeries each year.4 The government planned to spend an additional $18 million at existing for-profit facilities for "more than 49,000 hours of MRI and CT scans, 4,800 cataract surgeries, 900 other ophthalmic surgeries, 1,000 minimally invasive gynecological surgeries, and 2,845 plastic surgeries such as hand soft tissue repair." When announced in January 2023, the government aimed to have surgical wait lists back to pre-pandemic levels by March 2023.

- Second, the provincial government planned to expand the types of procedures performed in for-profit facilities with a "continued focus on cataracts, as well as MRI and CT imaging and colonoscopy and endoscopy procedures."5

- Third, the government introduced new legislation and regulation in February and June 2023 to support an expansion in the types and volume of surgical and diagnostic procedures performed in for-profit facilities, including hip and knee replacements.

On February 21, 2023, the Ontario government introduced Bill 60 (Your Health Act), an omnibus bill intended to support the government's policy direction. Bill 60 received Royal Assent on May 18, 2023.7 Upon review of Bill 60 and analysis by other organizations,8 the key aspects of the legislation include the following:

- Bill 60 replaces the Independent Health Facilities Act (IHFA), which has regulated "independent health facilities" since 1990. The new Integrated Community Health Services Centres Act (ICHSCA) provides a new legislative framework that expands the types of procedures performed in independent health facilities (now called "integrated community health services centres") and entrenches these facilities as part of the publicly funded health care delivery system, alongside public hospitals. The government's new term, "integrated community health services centres," is likely to confuse the public with existing "community health centres," which are Ministry-funded, non-profit integrated primary care and social service organizations. For simplicity, this report will refer to "integrated community health services centres" as "for-profit facilities." (The Auditor General of Ontario noted that 98 per cent of independent health facilities are for-profit.

Drawing on Freedom of Information requests, financial and statistical analysis, and a review of the research literature and policy experience, we can evaluate the government's policy direction. The government's stated rationale for increasing the use of for-profit care is to increase capacity and reduce wait times. However, expanding the for-profit sector is unlikely to do either: capacity depends on the availability of qualified staff, which is unchanged by the addition of profit. Further, the current system is working well by Canadian standards. Ontario has already achieved the best wait-time performance for priority procedures among the provinces. The province has consistently performed better than the Canadian average for hip and knee replacements since 2010 and, in recent years, has maintained the shortest wait times for MRI and CT scan wait times. Improving the public system, not undermining it, is the sensible approach. Since the 1990s, for-profit surgical and diagnostic medical imaging facilities have largely been regulated and funded as independent health facilities (IHFs).

Analysis of Freedom of Information requests and Ministry of Health data shows the following:

- Ontario has 902 IHFs, with diagnostic imaging representing 81 per cent of total services provided in IHFs. Ten IHFs provide publicly funded surgical services.

- In addition to the IHFs, Ontario has three publicly funded private hospitals. Only two perform any surgeries at all.

- Between 2012-13 and 2021-22, the share of surgical procedures performed in IHFs increased from one per cent to 1.3 per cent of the total surgeries performed in Ontario. In 2021-22, 98.7 per cent of surgical procedures were performed in public hospitals.

- In 2021-22, public operating room (OR) surgical volumes were below pre-pandemic levels (down 13 per cent from 2017-18), suggesting that provincial underfunding and staffing shortages, not a shortage of for-profit options, remain the biggest obstacles to improvement.

- In 2021-22, for-profit surgical and medical imaging was a half-billion-dollar industry in Ontario (out of a nearly $76 billion health budget). In 2021-22, the Ontario government underreported payments to for-profit facilities by 720 per cent.

A review of the research literature and policy experience with for-profit delivery in Canada shows the following:

- Private delivery worsens public sector staffing shortages and destabilizes public hospitals.

- Increased for-profit delivery risks expanding two-tier health care in Canada through unlawful extra-billing, contrary to Ontario legislation and the Canada Health Act.

- Increased outsourcing risks entrenching for-profit hospitals in Canada since Ontario is the largest market with potential interest from domestic and U.S. institutional investors.

- For-profit delivery costs more.

- For-profit facility ownership introduces financial conflict of interest in medical decision-making, which can lead to upselling, self-referrals, and clinically unnecessary procedures.

ਤੈਨੂੰ ਪਤਾ ਹੈ ਮੈਂ ਕੀ ਆਖਣਾ ਹੈ।

ਮੱਖਣ ਮਾਨ

## ਅਸੀਂ ਸੱਚੀਆਂ ਕਹਿ ਕੇ ਖੇਡਦੇ ਰਹੇ ਝੂਠੀਆਂ ਖੇਡਾਂ

ਬਾਬਾ
ਅਸੀਂ ਸੱਚੀਆਂ ਕਹਿ ਕੇ
ਖੇਡਦੇ ਰਹੇ ਝੂਠੀਆਂ ਖੇਡਾਂ
ਅੱਜ ਜਾਤ ਅਖੌਤੀ ਸ਼ੇਰਾਂ ਦੀ
ਬਣ ਬੈਠੇ ਭੇਡਾਂ
ਅਸੀਂ ਰੋਲਿਆ ਸੱਚ ਨੂੰ ਰੱਜ ਕੇ
ਅਤੇ ਪੂਜੇ ਭੇਖੀ
ਅਸੀਂ ਹੱਥੀਂ ਰੋਜ਼ ਉਜਾੜਦੇ
ਬਾਬਾ ਤੇਰੀ ਖੇਤੀ
ਅਸੀਂ ਕੂੜ ਕਰੇ ਪ੍ਰਧਾਨ ਫਿਰ
ਲਾਲੋ ਬਹਿ ਪਿੱਟਣ
ਅਸੀਂ ਹੁਣ ਵੀ ਕਾਰਾਂ ਕੱਢਦੇ
ਸਾਨੂੰ ਸੂਦਰ ਭਿੱਟਣ
ਅਸੀਂ ਪਾਏ ਭੇਖ ਕੁਝ ਹੋਰ ਹੁਣ
ਛੱਡ ਤਿਲਕ ਤੇ ਜੰਝੂ
ਅਸੀਂ ਥਾਂ ਥਾਂ ਬੈਠੇ ਗੱਡ ਕੇ
ਪਾਖੰਡ ਦੇ ਤੰਬੂ
ਸਾਡੇ ਰਾਜੇ ਹੁਣ ਵੀ ਸ਼ੀਹ ਨੇ
ਤੇ ਮੁਕੱਦਮ ਕੁੱਤੇ
ਤੂੰ ਵੰਗਾਰੇ ਬਾਬਰ ਤੇ ਜਾਬਰ
ਤੇ ਅਸੀਂ ਅਕਲੋਂ ਸੁੱਤੇ

ਅਸੀਂ ਪੂਜਣ ਜੋਗੇ ਰਹਿ ਗਏ
ਮੰਨਣ ਤੋਂ ਡਰਦੇ
ਜੋ ਭੰਡੇ ਛੱਡੇ ਕੰਮ ਤੂੰ
ਅਸੀਂ ਅੱਜ ਵੀ ਕਰਦੇ
ਕਰ ਕਿਰਤਾਂ ਵੰਡ ਕੇ ਛਕ ਲੈਣਾ
ਅਸੀਂ ਅਸਲੋਂ ਭੁੱਲੇ
ਅਸੀਂ ਵਡੱਡੀ ਲੈਕੇ ਹੱਕ ਗਵਾਉਣ
ਦੇ ਰਾਹ ਤੇ ਤੁੱਲੇ
ਤੂੰ ਤੇਰਾਂ ਤੇਰਾਂ ਤੋਲਿਆ
ਸਾਡੇ ਤੋਲ ਅਧੂਰੇ
ਅਸੀਂ ਮਰਦਿਆਂ ਮੂੰਹੋਂ ਕੱਢ ਕੇ
ਘਰ ਕਰਦੇ ਪੂਰੇ
ਅਸੀਂ ਬਾਬਾ ਤੈਨੂੰ ਪੂਜਿਆ
ਤੇਰੀ ਇੱਕ ਨਾ ਮੰਨੀ
ਅਸੀਂ ਹੁਣ ਨਹੀਂ ਭਾਣੇ ਮੰਨਦੇ
ਖਾ ਖੰਨੀ ਖੰਨੀ
ਅਸੀਂ ਸੱਜਣ ਕੰਡੇ ਤੱਕਕੇ
ਤੈਨੂੰ ਮਾਰੀਏ ਵਾਜਾਂ
ਤੇਰਾ ਰਾਹ ਸੀ ਨਾਨਕ ਹੋਣ ਦਾ
ਲੱਗੇ ਔਖਾ ਬਾਬਾ

ਪਵਨਪ੍ਰੀਤ ਕੌਰ

## ਨਾਨਕ

ਮਾਫ਼ ਕਰਨਾ
ਸਾਡੇ ਲਈ ਬਹੁਤ ਮੁਸ਼ਕਿਲ ਹੈ
ਨਾਨਕ ਦੀ ਅਸਲੀ ਤਸਵੀਰ ਦਾ ਧਿਆਨ ਧਰਨਾ
ਪੈਂਡੇ ਦੀ ਧੂੜ ਨਾਲ ਲੱਥ ਪੱਥ ਪਿੰਜਣੀਆਂ
ਤਿੜਕੀਆਂ ਅੱਡੀਆਂ
ਨ੍ਹੇਰੀ ਨਾਲ ਉਲਝੀ ਖ਼ੁਸ਼ਕ ਦਾਹੜੀ
ਲੂਆਂ ਬਰਫ਼ਾਂ ਦੀ ਝੰਬੀ ਪਕਰੋੜ ਚਮੜੀ
ਗੱਲ੍ਹਾਂ ਦਾ ਚਿਪਕਿਆ ਮਾਸ
ਤੇ ਚਿਹਰੇ ਦੀਆਂ ਉਭਰੀਆਂ ਹੱਡੀਆਂ ਦੇ ਡੂੰਘ 'ਚ
ਦਗਦੀਆਂ ਮਘਦੀਆਂ ਤੇਜ਼ ਅੱਖਾਂ

ਅੱਖਾਂ ਜੋ –
ਪਰਿਵਾਰ ਨੂੰ
ਸਰਕਾਰ ਨੂੰ
ਤੇ ਹਰ ਸੰਸਕਾਰ ਨੂੰ
ਟਿੱਚ ਜਾਣਦੀਆਂ
ਬਹੁਤ ਖਤਰਨਾਕ ਸਿੱਧ ਹੋ ਸਕਦੈ
ਸਾਡੇ ਲਈ ਅਸਲੀ ਨਾਨਕ
ਅਜਿਹੇ ਨਾਨਕ ਦਾ ਅਸੀਂ
ਧਿਆਨ ਨਹੀਂ ਧਰ ਸਕਦੇ
ਜੋ ਘਰਾਂ ਨੂੰ ਉਜਾੜ ਸਕਦਾ
ਨਿਆਣੇ ਵਿਗਾੜ ਸਕਦਾ
ਕਿਸੇ ਕਾਅਬੇ ਵੱਲ ਪੈਰ ਕਰਕੇ
ਪ੍ਰਕਰਮਾ ਵਿਚ ਲੇਟਣ ਲਈ ਉਕਸਾ ਸਕਦਾ ਲਿਹਾਜ਼ਾ
ਲੱਤਾਂ ਤੁੜਵਾ ਜਾਂ ਲੱਤਾਂ ਵਢਵਾ ਸਕਦਾ
ਤੇ ਹੋਰ ਵੀ ਬੜਾ ਕੁਝ ਗਲਤ ਕਰਵਾ ਸਕਦਾ ਮਸਲਨ
ਅਸੀਂ ਮਜ਼ਬੀ ਚਿੰਨਾਂ ਦੇ ਥੋਥੇਪਨ ਨੂੰ ਨਾਪ ਸਕਦੇ ਹਾਂ
ਵਹਿਣਾਂ ਨੂੰ ਮੋੜਨ ਦਾ
ਮਰਿਆਦਾ ਨੂੰ ਤੋੜਨ ਦਾ
ਐਲਾਨਨਾਮਾ ਛਾਪ ਸਕਦੇ ਹਾਂ

ਅਜਿਹੇ ਖਤਰਨਾਕ ਨਾਨਕ ਤੋਂ ਬਹੁਤ ਚਾਲੂ ਹਾਂ ਅਸੀਂ
ਸਾਨੂੰ ਤਾਂ ਚਾਹੀਦੀ ਏ
ਖ਼ੈਰ
ਸੁੱਖ
ਸ਼ਾਂਤੀ
ਸਾਨੂੰ ਤਾਂ ਚਾਹੀਦੀਆ ਨੇ ਮਿੱਠੀਆਂ ਦਾਤਾਂ
ਵਧਦੀਆਂ ਵੇਲਾਂ
ਤੇ ਵੇਲਾਂ ਨੂੰ ਲਗਦੇ ਰੁਪਈਏ
ਸਾਨੂੰ ਤਾਂ ਸੋਭਾ ਸਿੰਘੀ ਮੂਰਤਾਂ ਵਾਲਾ
ਨਾਨਕ ਹੀ ਸੂਟ ਕਰਦਾ ਹੈ
ਸ਼ਾਂਤ
ਲੀਨ
ਲਕਸ਼ਮੀ ਦੇਵੀ ਵਾਂਗ ਉਠਾਇਆ ਹੱਥ
ਹੱਥ 'ਚੋਂ ਫੁਟਦੀ ਮਿਹਰ
ਤੇ ਅੱਖਾਂ 'ਚੋਂ ਡੁੱਲ ਡੁੱਲ ਪੈਂਦੀ ਕੋਮਲਤਾ
ਸਨ ਸਿਲਕੀ ਸ਼ਫਾਫ ਦਾਹ?ੜੀ
ਗੋਲ ਮਟੋਲ ਗੋਰੀਆਂ ਗੁਲਾਬੀ ਗੱਲ੍ਹਾਂ
ਫੇਅਰ ਐਂਡ ਲਵਲੀ
ਸੁਰਖ ਟਿਪਸੀ ਹੋਠ
ਮੁਲਾਇਮ ਜੈਮਿਨੀ ਪੈਰ
ਕੂਲੇ ਬਾਰਬੀ ਹੱਥ
ਪੈਂਗੰਬਰੀ ਵਸਤਰਾਂ ਦਾ ਏਰੀਅਲੀ ਨਿਖਾਰ

ਸਾਡੇ ਇਨ੍ਹਾਂ ਘਰਾਂ ਦੀਆਂ ਕੰਧਾਂ ਤੇ
ਨਾਨਕ ਦੇ ਸੋਭਾ ਸਿੰਘੀ ਚਿੱਤਰ ਹੀ ਟਿਕ ਸਕਦੇ
ਰਾਹਾਂ ਨੂੰ ਰੱਦ ਕਰਨ ਵਾਲੇ
ਖਤਰਨਾਕ ਨਾਨਕ ਦੀ ਅਸਲੀ ਤਸਵੀਰ ਦਾ ਭਾਰ
ਸਾਡੀ ਕੋਈ ਕੰਧ ਨਹੀਂ ਝੱਲ ਸਕਦੀ
ਮਾਫ਼ ਕਰਨਾ ਅਸੀਂ ਮਰ ਮਰ ਕੇ ਬਣਾਏ
ਘਰ ਨਹੀਂ ਢੁਆਉਣੇ
ਮਸਾਂ ਮਸਾਂ ਰੱਬ ਤੋਂ ਲਾਏ ਨਿਆਣੇ
ਹੱਥੋਂ ਨਹੀਂ ਗੁਆਉਣੇ
ਅਸੀਂ ਅਸਲੀ ਨਾਨਕ ਦੀ ਤਸਵੀਰ ਦਾ
ਧਿਆਨ ਨਹੀਂ ਧਰ ਸਕਦੇ ਮਾਫ਼ ਕਰਨਾ



- ਜਸਵੰਤ ਜ਼ਫ਼ਰ

## ਡਾਰ ਚਿਰਾਗ਼ਾਂ ਦੀ

ਰੌਸ਼ਨੀਆਂ ਦੇ ਸ਼ਹਿਰ 'ਚ ਡਿੱਠਾ
ਗਿਆਨ ਦਾ ਘੁੱਪ ਹਨੇਰਾ
ਸਰਘੀ ਵੇਲੇ ਸੂਰਜ ਡੁੱਬਾ
ਉੱਤੋਂ ਕਹਿਣ ਸਵੇਰਾ

ਨਾਲ ਬਰੋਟੇ ਫਾਹੇ ਲਾਇਆ
ਸੂਰਜ ਫਿਰ ਨਾ ਮੋਇਆ
ਜੋ ਮਾਰਨ ਦੀ ਸ਼ੇਖੀ ਮਾਰੇ
ਉਹ ਪਿਆ ਏ ਮੋਇਆ

ਓਸ ਬਰੋਟੇ ਦੀ ਹਰ ਟਹਿਣੀ
ਬਣ ਗਈ ਰੌਸ਼ਨ ਲੜੀਆਂ
ਤਾਹੀਓਂ ਬਾਬਲ ਤੇਰੀਆਂ ਫ਼ੌਜਾਂ
ਆ ਦਿੱਲੀ ਤੇ ਚੜ੍ਹੀਆਂ

ਦੀਪ ਜਗਾਇਆ ਕਿਸ ਕੰਮ ਆਇਆ
ਜੇ ਨਾ ਮਨ ਰੁਸ਼ਨਾਇਆ
ਕੋਠੇ ਕੋਠੇ ਦੀਵੇ ਧਰੀਏ
ਮਨ ਵਿੱਚ ਨ੍ਹੇਰ ਵਸਾਇਆ

ਕਬਰਾਂ ਬਣ ਗਏ ਹੱਸਦੇ ਵੱਸਦੇ
ਜਿੱਥੇ ਰੈਣ ਬਸੇਰੇ
ਇੱਕ ਦੀਵੇ ਨਾਲ? ਨਹੀਂਓਂ ਭੱਜਣੇ
ਆਦਮਖੋਰ ਹਨੇਰੇ

ਕਿੰਝ ਮਨੀਪੁਰ ਕੁੜੀਆਂ ਬਲੀਆਂ
ਬਿਨ ਤੇਲ, ਬਿਨ ਬੱਤੀਆਂ
ਦੀਵੇ ਧਰ ਦੀਏ ਕੁੜੀਏ ਦੱਸ ਖਾਂ
ਤੂੰ ਤੱਕੀਆਂ ਕਿ ਨਾ ਤੱਕੀਆਂ

ਮਨਫ਼ੀ ਹੋ ਗਏ ਜੇ ਚੇਤੇ 'ਚੋਂ
ਇਹ ਇਤਿਹਾਸ ਦੇ ਵਰਕੇ
ਆਪਣੇ ਘਰ ਵੀ ਅੱਗ ਆ ਵੜਨੀ
ਅੱਜ ਨਹੀਂ ਤਾਂ ਭਲਕੇ

ਜਿੱਥੇ ਬਾਲ ਪਟਾਕਿਆਂ ਵਾਂਗੂੰ
ਹਰ ਪਲ ਜਾਣ ਚਲਾਏ
ਉਹ ਪਿੰਡ ਤੇਰਾ ਮੇਰਾ ਸੱਜਣਾ
ਫ਼ਲਸਤੀਨ ਅਖਵਾਏ

ਜਿਹੜੇ ਦੀਵੇ ਚਾਨਣ ਸਿਰਜਣ
ਉਹ ਨੇ ਜੇਲ੍ਹੀਂ ਪਾਏ
ਕਲਮ, ਨਗਾਰਾ, ਦਾਤੀ 'ਥੋੜ੍ਹਾ
ਗੀਤ ਉਹਨਾਂ ਦੇ ਗਾਏ

ਇਹ ਜੱਗ ਤੇਰਾ ਕਿਰਤੀ ਬੱਲਿਆ
ਤੂੰ ਏਂ ਸਿਰਜਣਹਾਰਾ
ਬਣ ਜਾ ਡਾਰ ਚਿਰਾਗ਼ਾਂ ਵਾਲੀ
ਇਹ ਤੇਰਾ ਸੰਸਾਰਾ।

- ਅਮੋਲਕ ਸਿੰਘ

ਇਨਕਲਾਬੀ, ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ, ਤਰਕਸ਼ੀਲ, ਵਿਗਿਆਨਕ, ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈਗ 204-488-6960

# ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼-ਪੁਰਬ ਨੂੰ ਸਮਰਪਿਤ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦਾ ਕਵੀ-ਦਰਬਾਰ ਯਾਦਗਾਰੀ ਹੋ ਨਿਬੜਿਆ

## ਓਕਵਿਲ ਵਿਚ ਕੈਨੇਡੀਅਨ ਪੰਜਾਬੀ ਕੌਂਸਲ ਬਰਲਿੰਗਟਨ ਦੇ ਸਹਿਯੋਗ ਨਾਲ ਹੋਏ ਇਸ ਸਮਾਗਮ ਵਿਚ 174 ਕਵੀਆਂ ਤੇ ਸਰੋਤਿਆਂ ਨੇ ਕੀਤੀ ਸ਼ਿਰਕਤ



ਬਰੈਂਪਟਨ, (ਡਾ. ਝੰਡ) : ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦਾ ਮਹੀਨਾਵਾਰ ਸਮਾਗਮ ਇਸ ਵਾਰ ਲੰਘੇ ਸ਼ਨੀਵਾਰ 18 ਨਵੰਬਰ ਨੂੰ ਕੈਨੇਡੀਅਨ ਪੰਜਾਬੀ ਕੌਂਸਲ ਬਰਲਿੰਗਟਨ ਦੇ ਸਹਿਯੋਗ ਨਾਲ ਓਕਵਿਲ ਸ਼ਹਿਰ ਵਿਖੇ ਕਵੀ-ਦਰਬਾਰ ਦੇ ਰੂਪ ਵਿਚ ਕਰਵਾਇਆ ਗਿਆ ਅਤੇ ਇਹ ਕਵੀ-ਦਰਬਾਰ ਬ੍ਰਹਿਮੰਡੀ-ਸ਼ਾਇਰ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼-ਪੁਰਬ ਨੂੰ ਸਮਰਪਿਤ ਕੀਤਾ ਗਿਆ। ਕਵੀ-ਦਰਬਾਰ ਵਿਚ ਕਵੀਆਂ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਫ਼ਲਸਫ਼ੇ ਅਤੇ ਹੋਰ ਕਈ ਵਿਸ਼ਿਆਂ ਨਾਲ ਸਬੰਧਿਤ ਕਾਵਿ-ਰਚਨਾਵਾਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਮਾਂਟਰੀਅਲ ਤੋਂ ਆਏ ਪ੍ਰਸਿੱਧ ਕਵੀ ਹਰਜਿੰਦਰ ਪੱਤੜ, ਬਰੈਂਪਟਨ ਦੀ ਜਾਣੀ-ਪਛਾਣੀ ਸ਼ਖ਼ਸੀਅਤ ਪ੍ਰਿਤਪਾਲ ਸਿੰਘ ਚੱਗਰ, ਵਿਸ਼ਵ ਪੰਜਾਬੀ ਸਾਹਿਤ ਸਭਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ, ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਚੇਅਰਮੈਨ ਕਰਨ ਅਜਾਇਬ ਸਿੰਘ ਸੰਘਾ ਅਤੇ ਕੈਨੇਡੀਅਨ ਪੰਜਾਬੀ ਕੌਂਸਲ ਬਰਲਿੰਗਟਨ ਦੇ ਪ੍ਰਧਾਨ ਡਾ. ਪਰਗਟ ਸਿੰਘ ਬੱਗਾ ਸ਼ਾਮਲ ਸਨ।

ਆਏ ਮਹਿਮਾਨਾਂ ਤੇ ਸਰੋਤਿਆਂ ਦੇ ਸਨਮਾਨ ਵਿਚ ਡਾ. ਪ੍ਰਗਟ ਸਿੰਘ ਬੱਗਾ ਵੱਲੋਂ ਕਹੇ ਗਏ ਸੁਆਗਤੀ- ਸ਼ਬਦਾਂ ਤੋਂ ਬਾਅਦ ਸਮਾਗਮ ਦੀ ਸ਼ੁਰੂਆਤ ਮੰਚ-ਸੰਚਾਲਕ ਤਲਵਿੰਦਰ ਮੰਡ ਨੇ ਇਕਬਾਲ ਬਰਾੜ ਵੱਲੋਂ ਗਾਏ ਗਏ ਗੁਰੂ ਨਾਨਕ ਦੇਵ ਜੀ ਰਚਿਤ ਕਰਾਂਤੀਕਾਰੀ ਸ਼ਬਦ "ਤੈਂ ਕੀ ਦਰਦ ਨਾ ਆਇਆ" ਨਾਲ ਕੀਤੀ। ਗੁਰੂ ਸਾਹਿਬ ਦੀ ਬਾਣੀ ਤੇ ਸਿੱਖਿਆਵਾਂ ਨੂੰ ਅਜੋਕੇ ਸੰਦਰਭ 'ਚ ਦਰਸਾਉਂਦੀ ਹੋਈ ਡਾ. ਬੱਗਾ ਦੀ ਭਾਵਪੂਰਤ ਸ਼ਬਦਾਵਲੀ ਦੀ ਡਾ. ਬਲਵਿੰਦਰ ਧਾਲੀਵਾਲ ਦੀ ਆਵਾਜ਼ ਵਿਚ ਕੀਤੀ ਗਈ ਰਿਕਾਰਡਿੰਗ ਨੂੰ ਸਰੋਤਿਆਂ ਨੇ ਸਾਹ ਰੋਕ ਕੇ ਸੁਣਿਆ। ਰਿੰਟੂ ਭਾਟੀਆ ਵੱਲੋਂ ਆਪਣੀ ਸੁਰੀਲੀ ਆਵਾਜ਼ ਵਿਚ ਗੁਰੂ ਸਾਹਿਬ ਵੱਲੋਂ ਰਚੀ ਗਈ 'ਬ੍ਰਹਿਮੰਡੀ ਆਰਤੀ' ਪੇਸ਼ ਕੀਤੀ ਗਈ।

ਉਪਰੰਤ, ਉਪਕਾਰ ਸਿੰਘ ਵੱਲੋਂ ਸੁਰਜੀਤ ਪਾਤਰ ਦੀ ਗੁਰੂ ਨਾਨਕ ਬਾਰੇ ਮਸ਼ਹੂਰ ਕਵਿਤਾ 'ਸਬਜ਼ ਮੰਦਰ' ਤੇ ਪਰਮਜੀਤ ਸਿੰਘ ਗਿੱਲ ਵੱਲੋਂ ਧਾਰਮਿਕ ਗੀਤ 'ਬਣ ਜਾਏ ਜ਼ਿੰਦਗੀ ਦਾ ਇਹ ਦਸਤੂਰ ਨਾਨਕ' ਪੇਸ਼ ਕੀਤੇ ਗਏ ਅਤੇ ਫਿਰ ਵਾਰੋ-ਵਾਰੀ ਭੁਪਿੰਦਰ ਦੁਲੇ, ਉਜ਼ਮਾ ਮਹਿਮੂਦ, ਕੁਲਜੀਤ ਜੰਜੂਆ, ਅਰਜਨ ਦਾਸ, ਅਜੀਤ ਹਿਰਖ਼ੀ, ਮਿਕਲੇਸ਼ਵਰ, ਰੌਸ਼ਨ ਪਾਠਕ, ਮਲੂਕ ਸਿੰਘ ਕਾਹਲੋਂ, ਜਰਨੈਲ ਮੱਲ੍ਹੀ, ਹਰਚੰਦ ਬਾਸੀ, ਗੁਰਮੇਲ ਸੱਗੂ, ਹੀਰਾ ਸਿੰਘ ਹੰਸਪਾਲ, ਸੱਤਪਾਲ ਸਿੰਘ ਕੋਮਲ, ਮਹਿੰਦਰ ਪ੍ਰਤਾਪ, ਮਕਸੂਦ ਚੌਧਰੀ, ਰਾਸ਼ਿਦ ਨਦੀਮ, ਪ੍ਰੀਤਮ ਧੰਜਲ, ਨਿਰਵੈਰ ਸਿੰਘ ਅਰੋੜਾ, ਸੁਖਦੇਵ ਸਿੰਘ ਝੰਡ, ਜੱਸੀ ਭੁੱਲਰ, ਪਰਮਜੀਤ ਢਿੱਲੋਂ, ਸੁੰਦਰਪਾਲ ਰਾਜਾਸਾਂਸੀ, ਹਰਜਿੰਦਰ ਸਿੰਘ ਭਸੀਨ, ਹਰਦਿਆਲ ਝੀਤਾ, ਅਮਰਜੀਤ ਪੰਛੀ ਅਤੇ ਕਈ ਹੋਰਨਾਂ ਵੱਲੋਂ ਮੰਚ 'ਤੇ ਆ ਕੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਇਨ੍ਹਾਂ ਵਿਚੋਂ ਬਹੁਤੀਆਂ ਕਵਿਤਾਵਾਂ ਗੁਰੂ ਨਾਨਕ ਦੇਵ ਜੀ ਨਾਲ ਅਤੇ ਕਈ ਕਵਿਤਾਵਾਂ ਹੋਰ ਵਿਸ਼ਿਆਂ ਨਾਲ ਵੀ ਸਬੰਧਿਤ ਸਨ।

ਪ੍ਰਧਾਨਗੀ-ਮੰਡਲ ਵਿੱਚ ਸ਼ਾਮਲ ਡਾ. ਦਲਬੀਰ ਸਿੰਘ ਕਥੂਰੀਆ ਨੇ ਆਪਣੇ ਸੰਬੋਧਨ ਵਿੱਚ ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਤੇ ਭਗਤਾਂ ਦੀ ਬਾਣੀ ਨੂੰ ਸਮਝਣ ਲਈ ਨਵੀਂ ਪੀੜ੍ਹੀ ਨੂੰ ਪੰਜਾਬੀ ਮਾਂ-ਬੋਲੀ ਪੜ੍ਹਾਉਣ ਤੇ ਸਿਖਾਉਣ 'ਤੇ ਜ਼ੋਰ ਦਿੱਤਾ। ਪ੍ਰਿਤਪਾਲ ਸਿੰਘ ਚੱਗਰ ਨੇ ਹਾਜ਼ਰੀਨ ਨੂੰ ਗੁਰੂ ਨਾਨਕ ਦੀਆਂ ਸਿੱਖਿਆਵਾਂ ਨੂੰ ਜੀਵਨ ਵਿਚ ਅਮਲੀ ਰੂਪ ਵਿਚ ਅਪਨਾਉਣ ਲਈ ਕਿਹਾ। ਮਾਂਟਰੀਅਲ ਤੋਂ ਪਧਾਰੇ ਹਰਜਿੰਦਰ ਸਿੰਘ ਪੱਤੜ ਦਾ ਕਹਿਣਾ ਸੀ ਕਿ ਕਵੀ ਬਣਨ ਤੋਂ ਪਹਿਲਾਂ ਸਾਨੂੰ ਚੰਗੇ ਸਰੋਤੇ ਬਣਨ ਦੀ ਲੋੜ ਹੈ ਪਰ ਬੜੇ ਦੁੱਖ ਤੇ ਅਫ਼ਸੋਸ ਦੀ ਗੱਲ ਹੈ ਕਿ ਸਾਡੇ ਕਈ ਕਵੀ ਆਪਣੀਆਂ ਕਵਿਤਾਵਾਂ ਸੁਣਾ ਕੇ ਜਲਦੀ ਹੀ ਕਵੀ-ਦਰਬਾਰ ਵਿੱਚੋਂ ਉੱਠ ਕੇ ਚਲੇ ਜਾਂਦੇ ਹਨ ਜੋ ਠੀਕ ਨਹੀਂ ਹੈ। ਇਸ ਨਾਲ ਕਵੀ-ਦਰਬਾਰ ਦੀ ਮਰਿਆਦਾ ਭੰਗ ਹੁੰਦੀ ਹੈ ਅਤੇ ਇਸ ਦਾ ਮਾਹੌਲ ਵੀ ਖ਼ਰਾਬ ਹੁੰਦਾ ਹੈ। ਇਸ ਦੌਰਾਨ ਉਨ੍ਹਾਂ ਆਪਣੀ ਇਕ ਖ਼ੂਬਸੂਰਤ ਕਵਿਤਾ ਵੀ ਸਰੋਤਿਆਂ ਨਾਲ ਸਾਂਝੀ ਕੀਤੀ। ਕਰਨ ਅਜਾਇਬ ਸਿੰਘ ਸੰਘਾ ਵੱਲੋਂ ਭਾਵਪੂਰਤ ਸ਼ਬਦਾਂ ਵਿਚ ਆਏ ਮਹਿਮਾਨਾਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ।

ਸਮਾਗਮ ਦੇ ਅਖ਼ੀਰ ਵਿਚ ਕੈਨੇਡੀਅਨ ਪੰਜਾਬੀ ਕੌਂਸਲ ਵੱਲੋਂ ਹਰਜਿੰਦਰ ਸਿੰਘ ਪੱਤੜ ਨੂੰ ਸ਼ਾਨਦਾਰ ਪਲੇਕ ਅਤੇ ਲੋਈ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਰਲਿੰਗਟਨ ਯੂਥ ਕਲੱਬ ਦੀਆਂ ਸਰਗ਼ਰਮੀਆਂ ਅਤੇ ਇਸਦੇ ਵੱਲੋਂ ਸਮਾਜ ਪ੍ਰਤੀ ਕੀਤੀ ਜਾ ਰਹੀਆਂ ਸਾਰਥਿਕ ਸੇਵਾਵਾਂ ਬਾਰੇ ਜਾਣਕਾਰੀ ਇਸ ਦੇ ਬੁਲਾਰੇ ਮਿਕਲੇਸ਼ਵਰ ਵੱਲੋਂ ਸਾਂਝੀ ਕੀਤੀ ਗਈ ਜਿਨ੍ਹਾਂ ਵਿਚ ਲੋੜਵੰਦਾਂ ਦੀ ਸਹਾਇਤਾ ਕਰਨਾ, ਖ਼ੂਨ-ਦਾਨ ਤੇ ਅੰਗ-ਦਾਨ ਕਰਨ ਵਰਗੀਆਂ ਸੇਵਾਵਾਂ ਵੀ ਸ਼ਾਮਲ ਹਨ। ਇਸ ਦੇ ਨਾਲ ਹੀ ਕਲੱਬ ਦੇ ਮੈਂਬਰਾਂ ਨੂੰ ਹਰਜਿੰਦਰ ਪੱਤੜ ਤੇ ਹੋਰ ਪਤਵੰਤਿਆਂ ਵੱਲੋਂ ਯਾਦਗਾਰੀ-ਚਿੰਨ੍ਹ ਅਤੇ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਸਮਾਗਮ ਵਿਚ ਬਰੈਂਪਟਨ ਤੋਂ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਰਪ੍ਰਸਤ ਬਲਰਾਜ ਚੀਮਾ, ਡਾ. ਸੋਹਣ ਸਿੰਘ ਪਰਮਾਰ, ਦਲਜੀਤ ਸਿੰਘ ਗੈਦੂ, ਜਰਨੈਲ ਸਿੰਘ ਮਠਾੜੂ, ਕਰਨੈਲ ਸਿੰਘ ਨਾਮਧਾਰੀ ਤੇ ਸੰਗਤ, ਜਸਪਾਲ ਦਸੂਵੀ, ਪਰਮਜੀਤ ਦਿਓਲ, ਮੇਜਰ ਸਿੰਘ ਨਾਗਰਾ, ਗੁਰਮਿੰਦਰ ਆਹਲੂਵਾਲੀਆ, ਅਵਤਾਰ ਸਿੰਘ ਸੰਧੂ, ਹਰਜਸਪ੍ਰੀਤ ਗਿੱਲ ਤੇ ਕਈ ਹੋਰਨਾਂ ਨੇ ਉਚੇਚੇ ਤੌਰ 'ਤੇ ਇਸ ਕਵੀ-ਦਰਬਾਰ ਦੇ ਸਮਾਗਮ ਵਿਚ ਸ਼ਿਰਕਤ ਕੀਤੀ।

ਇਸ ਮੌਕੇ ਸਮਾਗਮ ਦੀਆਂ ਤਸਵੀਰਾਂ ਲੈਣ ਦੀ ਸੇਵਾ 'ਕਰਾਊਨ ਇੰਮੀਗ੍ਰੇਸ਼ਨ ਬਰੈਂਪਟਨ' ਦੇ ਮਾਲਕ ਤੇ ਸੰਚਾਲਕ ਰਾਜਪਾਲ ਹੋਠੀ ਵੱਲੋਂ ਬਾਖ਼ੂਬੀ ਨਿਭਾਈ ਗਈ। ਪਾਠਕ ਜਾਣਦੇ ਹਨ ਕਿ ਉਨ੍ਹਾਂ ਦਾ ਇਹ ਸ਼ੌਕ ਜਨੂੰਨ ਦੀ ਹੱਦ ਤੀਕ ਹੈ। ਸਮਾਗਮ ਦੌਰਾਨ ਪ੍ਰਬੰਧਕਾਂ ਵੱਲੋਂ ਚਾਹ-ਪਾਣੀ ਅਤੇ ਖਾਣੇ ਦਾ ਵਧੀਆ ਪ੍ਰਬੰਧ ਕੀਤਾ ਗਿਆ।

# ਕਾਮਰੇਡ ਸ਼ਮਸ਼ੇਰ ਸੇਰੀ ਦੀ18ਵੀ ਬਰਸੀ ਖੋਖਰ ਕਲਾਂ ਮਨਾਈ

ਸੁਰਜੀਤ ਸਿੰਘ ਫੂਲ ਨੇ ਉਸਦੀ ਯਾਦਗਰ ਤੇ ਝੰਡਾ ਚੜਾਇਆ। ਤਾਰਾ ਸਿੰਘ ਛਾਜਲੀ ਨੇ ਸ਼ਰਧਾਂਜਲੀ ਗੀਤ ਲਾਇਆ। ਲੋਕ ਸੰਗਰਾਮ ਮੋਰਚਾ ਦੇ ਜਨਰਲ ਸਕੱਤਰ ਸੁਖਮੰਦਰ ਸਿੰਘ, ਕਰਾਂਤੀਕਾਰੀ ਪੇਂਡੂ ਮਜਦੂਰ ਯੂਨੀਅਨ ਦੇ ਪਰਗਟ ਕਾਲਾਝਾੜ, ਬੀ ਕੇ ਯੂ ਕਰਾਂਤੀਕਾਰੀ ਦੀ ਆਗੂ ਸੁੱਖਵਿੰਦਰ ਕੌਰ, ਐਡਵੋਕੇਟ ਸੰਪੂਰਨ ਸਿੰਘ ਛਾਜਲੀ, ਅਜੈਬ ਟਿਵਾਣਾ, ਕ੍ਰਾਂਤੀਕਾਰੀ ਪੇਂਡੂ ਮਜਦੂਰ ਯੂਨੀਅਨ ਦੇ ਜਨਰਲ ਸਕੱਤਰ ਧਰਮਪਾਲ ਅਤੇ ਟੈਕਨੀਕਲ ਸਰਵਿਸ ਯੂਨੀਅਨ ਦੇ ਸਰਕਲ ਪ੍ਰਧਾਨ ਅਤੇ ਨਾਮਦੇਵ ਭੂਟਾਲ ਨੇ ਸੰਬੋਧਨ ਕੀਤਾ। ਗੁਰਮੇਲ ਭੂਟਾਲ ਦੀਆਂ ਕਾਮਰੇਡ ਸ਼ਮਸ਼ੇਰ ਸੇਰੀ ਨਾਲ ਸਬੰਧਤ ਛੇ ਕਵਿਤਾਵਾਂ ਦਾ ਪੈਂਫਲੈਟ ਤਾਰਾ ਸਿੰਘ ਮੋਗਾ ਨੇ ਜਾਰੀ ਕੀਤਾ। ਜਗਜੀਤ ਭੂਟਾਲ ਨੇ ਸ਼ਾਮਲ ਸੰਗਤ ਦਾ ਧੰਨਵਾਦ ਕੀਤਾ। ਦੇਸ ਰਾਜ ਛਾਜਲੀ ਅਤੇ ਗੁਰਪਿਆਰ ਸਿੰਘ ਕਾਲਵਨਜਾਰਾ ਨੇ ਇਨਕਲਾਬੀ ਗੀਤ ਗਾਏ। ਯਾਦਗਰ ਨੂੰ ਸੋਹਣਾ ਬਨਾਉਣ ਲਈ ਬਹੁਤ ਸਾਰੇ ਸਾਥੀਆਂ ਨੇ ਚੰਗਾ ਹੁੰਗਾਰਾ ਭਰਿਆ। ਪਟਿਆਲਾ ਜਿਲ੍ਹੇ ਦੇ ਸਾਥੀਆਂ ਨੇ ਤੀਹ ਹਜ਼ਾਰ ਸਟੇਜ ਤੇ ਦਿੱਤੇ। ਡਾਕਟਰ ਅਜੀਤ ਪਾਲ ਨੇ 4500 ਯਾਦਗਰ ਦੇ ਸੁੰਦਰੀਕਰਨ ਲਈ ਦਿੱਤੇ। ਲਿਸਟ ਲੰਬੀ ਹੈ। ਬਾਦ ਵਿੱਚ ਜਾਰੀ ਕਰਾਂਗੇ। ਜਥੇਬੰਦੀਆਂ ਦੇ ਆਗੂਆਂ ਨੇ ਕਾਮਰੇਡ ਸ਼ੇਰੀ ਦੇ ਅਧੂਰੇ ਕਾਰਜਾਂ ਨੂੰ ਪੂਰਾ ਕਰਨ ਲਈ ਸੰਘਰਸ਼ ਜਾਰੀ ਰੱਖਣ ਦਾ ਹੋਕਾ ਦਿੱਤਾ।












# ਮਾਂ ਬਲਜੀਤ ਕੌਰ ਸਿੱਧੂ ਨੂੰ ਅੰਤਿਮ ਵਿਦਾਇਗੀ ਮੌਕੇ ਦੇਸ਼ ਭਗਤ ਯਾਦਗਾਰ ਹਾਲ 'ਚ ਭਾਵ-ਭਿੰਨੀ ਸ਼ਰਧਾਂਜਲੀ





ਜਲੰਧਰ, (ਬਲਜਿੰਦਰ ਸਿੰਘ ਪਟਿਆਲਾ) : ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਈ ਮਾਂ ਬਲਜੀਤ ਕੌਰ ਸਿੱਧੂ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਉਸ ਸਮੇਂ ਖੜ੍ਹੇ ਹੋ ਕੇ ਨਿੱਘੀ ਯਾਦ ਨਾਲ ਭਿੱਜੀ ਭਾਵ ਭਿੰਨੀ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਕਮੇਟੀ ਦੇ ਸੀਨੀਅਰ ਟਰਸਟੀ ਸੁਰਿੰਦਰ ਕੁਮਾਰੀ ਕੋਛੜ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਡਾ. ਸੈਲੇਸ਼, ਡਾ. ਮੇਘਾ ਸਿੰਘ, ਪੁਸ਼ਕਰ ਰਾਜ, ਗੁਰਪ੍ਰੀਤ ਸਿੰਘ ਗੰਡੀਵਿੰਡ ਅਤੇ ਸਮੇਤ ਦਰਜਨਾਂ ਸਾਥੀਆਂ ਨੇ ਮਾਂ ਬਲਜੀਤ ਕੌਰ ਸਿੱਧੂ ਦੀ ਤਸਵੀਰ ਨੂੰ ਫ਼ੁੱਲਾਂ ਸੰਗ ਸਿਜਦਾ ਕੀਤਾ।

ਇਸ ਮੌਕੇ ਅਮੋਲਕ ਸਿੰਘ ਨੇ ਕਿਹਾ ਕਿ ਅਨੇਕਾਂ ਧੀਆਂ ਪੁੱਤਾਂ ਦੀ ਮਾਂ ਬਲਜੀਤ ਕੌਰ ਸਿੱਧੂ ਮਲਸੀਆਂ ਦਾ ਸਦੀਵੀ ਵਿਛੋੜਾ ਸਿਰਫ਼ ਜਿਸਮਾਨੀ ਵਿਛੋੜਾ ਹੈ। ਉਹ ਸਦਾ ਸਾਡੇ ਅੰਗ ਸੰਗ ਰਹਿਣਗੇ। ਪੰਜ ਦਹਾਕਿਆਂ ਤੋਂ ਉਹਨਾਂ ਦੇ ਮੋਹ ਪਿਆਰ ਦੀ ਦੌਲਤ ਦਾ ਸਾਡੇ ਕੋਲ ਅਜਿਹਾ ਅਮੁੱਕ ਖਜ਼ਾਨਾ ਹੈ ਅਸੀਂ ਜਿੰਨੀ ਇਸਦੀ ਸੁਚੱਜੀ ਵਰਤੋਂ ਕਰਾਂਗੇ ਇਹ ਹੋਰ ਵੀ ਦੂਣ ਸਵਾਇਆ ਹੁੰਦਾ ਜਾਏਗਾ।

ਪੰਜਾਬ ਦੀ ਧਰਤੀ ਨੇ ਅਨੇਕਾਂ ਤੱਤੇ ਠੰਡੇ ਦੌਰ ਦੇਖੇ ਹਨ। ਮੇਰੇ ਵਰਗਿਆਂ ਨੂੰ ਇਸ ਮਾਂ ਨੇ ਆਪਣੇ ਪੁੱਤਰਾਂ ਤੋਂ ਵੀ ਵੱਧ ਪਿਆਰ ਨਾਲ ਨਿਹਾਰਿਆ। ਉਹਨਾਂ ਤੱਤੀਆਂ ਹਵਾਵਾਂ ਦੇ ਦੌਰ ਵਿੱਚ ਸੰਭਾਲ ਕੇ ਰੱਖਿਆ। ਜਦੋ ਪੰਜਾਬ ਅੰਦਰ ਤਿੱਖੜ ਦੁਪਹਿਰੇ ਡਰਾਉਣੀਆਂ ਰਾਤਾਂ ਛਾ ਜਾਂਦੀਆਂ ਸਨ, ਉਹਨਾਂ ਦਿਨਾਂ 'ਚ ਸਾਡੇ ਵਡੇਰੇ ਪਰਿਵਾਰ ਦੀ ਇਸ ਸਤਿਕਾਰਤ ਮਾਂ ਨੇ ਆਪਣੇ ਮਨ ਅਤੇ ਘਰ ਦਾ ਦਰਵਾਜ਼ਾ ਖੁੱਲ੍ਹਾ ਰੱਖਿਆ।

ਪਾਸ਼ ਦੇ ਪਿੰਡ ਤਲਵੰਡੀ ਸਲੇਮ, ਮਾਂ ਦੀਆਂ ਪੈੜਾਂ ਗਵਾਹ ਹਨ ਕਿ ਉਹ ਆਪਣੇ ਪਾਸ਼ ਪੁੱਤ ਨੂੰ ਸ਼ਰਧਾਂਜਲੀ ਸਮਾਗਮ ਮੌਕੇ ਸਲਾਮ ਕਰਕੇ ਆਉਂਦੇ ਰਹੇ। ਹੇ ਮਾਂ! ਅਸੀਂ ਤੇਰੇ ਅਜੇਹੇ ਵਫ਼ਾਦਾਰ ਪੁੱਤ ਬਣੇ ਰਹਿਣ ਦਾ ਯਤਨ ਕਰਾਂਗੇ ਜਿਹੜੇ ਸਦਾ ਸਲਾਮਤ ਰੱਖਣਗੇ।

ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਕਮੇਟੀ ਮੈਂਬਰ ਹਰਮੇਸ਼ ਮਾਲੜੀ, ਡਾ. ਪਰਮਿੰਦਰ ਸਿੰਘ, ਵਿਜੈ ਬੰਬੇਲੀ, ਪ੍ਰੋ. ਤੇਜਿੰਦਰ ਵਿਰਲੀ, ਪ੍ਰੋ. ਵਰਿਆਮ ਸਿੰਘ ਸੰਧੂ ਕਨੇਡਾ, ਬਲਦੇਵ ਰਹਿਪਾ ਕਨੇਡਾ, ਕੁਲਬੀਰ ਸਿੰਘ ਸੰਘੇੜਾ, ਭਗਵੰਤ ਇੰਗਲੈਂਡ, ਮਾਸਟਰ ਭਜਨ ਗਿੱਲ ਕੈਲਗਰੀ, ਗਗਨਦੀਪ ਅਤੇ ਪਰਮਜੀਤ ਕੌਰ ਨੇ ਸ਼ੋਕ ਸੁਨੇਹੇ ਸਾਂਝੇ ਕੀਤੇ।

ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ), ਪੰਜਾਬ ਖੇਤ ਮਜ਼ਦੂਰ ਯੂਨੀਅਨ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਤਰਕਸ਼ੀਲ ਸੁਸਾਇਟੀ ਪੰਜਾਬ, ਜਮਹੂਰੀ ਅਧਿਕਾਰ ਸਭਾ ਪੰਜਾਬ, ਟੈਕਨੀਕਲ ਸਰਵਿਸਿਜ਼ ਯੂਨੀਅਨ ਪੰਜਾਬ, ਲੋਕ ਮੋਰਚਾ ਪੰਜਾਬ, ਇਨਕਲਾਬੀ ਕੇਂਦਰ ਪੰਜਾਬ, ਪਾਸ਼ ਯਾਦਗਾਰੀ ਕੌਮਾਂਤਰੀ ਟਰਸਟ ਪਾਸ਼ ਦਾ ਸਮੁੱਚਾ ਪਰਿਵਾਰ, ਗੁਰਸ਼ਰਨ ਸਿੰਘ ਲੋਕ ਕਲਾ ਸਲਾਮ ਕਾਫ਼ਲਾ, ਪਾਸ਼ ਹੰਸ ਰਾਜ ਯਾਦਗਾਰੀ ਕਮੇਟੀ ਪੰਜਾਬ

ਟਰੰਟੋ ਤੋਂ ਸਰੋਕਾਰਾਂ ਦੀ ਆਵਾਜ਼ ਦਾ ਸਮੁੱਚਾ ਪਰਿਵਾਰ, ਤਰਕਸ਼ੀਲ ਰੈਸ਼ਨਲਿਸਟ ਸੁਸਾਇਟੀ ਕਨੇਡਾ (ਅਵਤਾਰ ਬਾਈ ਅਤੇ ਬਲਦੇਵ ਰਹਿਪਾ) ਸੰਸਥਾਵਾਂ ਨੇ ਵੀ ਅੱਜ ਮਾਂ ਦੀ ਅੰਤਿਮ ਵਿਦਾਇਗੀ ਮੌਕੇ ਸਿੱਧੂ ਪਰਿਵਾਰ, ਸਾਕ ਸਬੰਧੀਆਂ ਅਤੇ ਸੰਗੀ ਸਾਥੀਆਂ ਨਾਲ ਦੁੱਖ ਸਾਂਝਾ ਕੀਤਾ।















# ਬਰਿੰਪਟਨ 'ਚ ਸ਼ਹੀਦ ਸਰਾਭਾ ਦਾ ਸ਼ਹੀਦੀ ਦਿਵਸ : ਪੰਜਾਬੀ ਭਾਈਚਾਰੇ ਵੱਲੋਂ ਇਨਕਲਾਬੀ ਸ਼ਰਧਾਂਜਲੀਆਂ ਭੇਂਟ

ਬਰਿੰਪਟਨ (ਡਾ. ਪ੍ਰਦੀਪ ਜੋਧਾਂ) ਅਜ਼ਾਦੀ ਦੇ ਪਰਵਾਨੇ ਗਦਰ ਲਹਿਰ ਦੇ ਹੀਰੋ ਬਾਲਾ ਜਰਨੈਲ ਅਮਰ ਸ਼ਹੀਦ ਕਰਤਾਰ ਸਿੰਘ ਸਰਾਭਾ ਜਿਸਨੂੰ ਕਿ ਸ਼ਹੀਦ ਭਗਤ ਸਿੰਘ ਆਪਣਾ ਗੁਰੂ ਮੰਨਦੇ ਸਨ ਇਸ ਮਹਾਨ ਇਨਕਲਾਬੀ ਯੋਧੇ ਦਾ ਸ਼ਹੀਦੀ ਦਿਵਸ ਕੈਨੇਡਾ ਦੇ ਸ਼ਹਿਰ ਜਿਸਨੂੰ ਕਿ ਪੰਜਾਬੀਆਂ ਦਾ ਗੜ੍ਹ ਮੰਨਿਆ ਜਾਂਦਾ ਹੈ ਦੀ ਹੋਮ ਸਟਿੱਡ ਪਾਰਕ ਵਿਖੇ ਪੰਜਾਬੀ ਭਾਈਚਾਰੇ ਵੱਲੋਂ ਸਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ। ਹੋਮ ਸਟਿੱਡ ਕਲੱਬ ਦੇ ਪ੍ਰਧਾਨ ਸ. ਖਜਾਨ ਸਿੰਘ ਮਾਂਗਟ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੇ ਗਏ ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਕੈਨੇਡਾ ਦੇ ਦੌਰੇ ਤੇ ਆਏ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਉੱਘੇ ਆਗੂ ਡਾ. ਅਜੀਤ ਰਾਮ ਸ਼ਰਮਾ ਝਾਂਡੇ ਨੇ ਸ਼ਹੀਦ ਸਰਾਭਾ ਨੂੰ ਸਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਗਦਰ ਲਹਿਰ ਦਾ ਇਤਿਹਾਸ ਜਿਹੜਾ ਸਾਡੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨਾਲ ਰੰਗਿਆ ਹੋਇਆ ਹੈ ਇਸ ਗਦਰ ਲਹਿਰ ਦੇ ਝੰਡੇ ਨੂੰ ਗਦਰੀ ਬਾਬਿਆਂ ਭਗਤ ਸਰਾਭਿਆਂ ਨੇ ਅਜ਼ਾਦੀ ਦੇ ਸੰਗਰਾਮ ਦੌਰਾਨ ਹਮੇਸ਼ਾ ਉੱਚਾ ਰੱਖਿਆ ਤੇ ਇਹ ਝੰਡਾ ਗੋਰੀ ਹਕੂਮਤ ਦੇ ਪੱਤਣ ਦਾ ਕਾਰਨ ਬਣਿਆ। ਉਨ੍ਹਾਂ ਕਿਹਾ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਹੋਰ ਗਦਰੀ ਸੂਰਬੀਰਾਂ ਨੇ ਗੋਰੇ ਅੰਗਰੇਜਾਂ ਨੂੰ ਦੇਸ਼ ਦੀਆਂ ਬਰੂਹਾਂ ਤੋਂ ਬਾਹਰ ਕੱਢਣ ਲਈ ਤਾਂ ਆਪਣਾ ਫ਼ਰਜ਼ ਨਿਭਾ ਦਿੱਤਾ ਹੁਣ ਸਾਡੀ ਜ਼ਿਮੇਵਾਰੀ ਬਣਦੀ ਹੈ ਕਿ ਅੰਗਰੇਜ਼ ਸਾਮਰਾਜ ਦੇ ਦਿਸ਼ਾ ਨਿਰਦੇਸ਼ਾਂ ਲੋਕ ਵਿਰੋਧੀ ਨੀਤੀਆਂ ਲਾਗੂ ਕਰਨ ਵਾਲੇ ਸਮੇਂ ਦੇ ਹਾਕਮਾਂ ਕਾਲੇ ਅੰਗਰੇਜ਼ਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾਵੇ।

ਇਸ ਮੌਕੇ 'ਤੇ ਬੋਲਦਿਆਂ ਅੰਤਰਰਾਸ਼ਟਰੀ ਇਨਕਲਾਬੀ ਮੰਚ ਦੇ ਜ. ਸਕੱਤਰ ਸਾਥੀ ਸੁਖਦੇਵ ਸਿੰਘ ਕੈਨੇਡਾ ਨੇ ਕਿਹਾ ਕਿ ਦੇਸ਼ ਦੇ ਮਾੜੇ ਰਾਜ ਪ੍ਰਬੰਧ ਕਾਰਨ ਸਾਡੀ ਦੇਸ਼ ਦੀ ਜਵਾਨੀ ਵਿਦੇਸ਼ਾਂ ਵਿੱਚ ਧੱਕੇ ਖਾ ਰਹੀ ਹੈ ਉਨ੍ਹਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਜੀਵਨੀ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਸ਼ਹੀਦ ਸਰਾਭਾ ਨੇ ਬਹੁਤ ਹੀ ਛੋਟੀ ਉਮਰੇ ਦੇਸ਼ ਲਈ ਜਿਹੜੀ ਬਹੁਤ ਵੱਡੀ ਕੁਰਬਾਨੀ ਕੀਤੀ ਉਹ ਦੇਸ਼ ਦੇ ਨੌਜਵਾਨਾਂ ਲਈ ਪ੍ਰੇਣਾ ਸਰੋਤ ਹੈ। ਸ਼ਹੀਦ ਸਰਾਭਾ ਦੀ ਸੋਚ ਸਮਾਜ ਬਣਾਉਣ ਲਈ ਸਰਾਭੇ ਵਰਗੇ ਸੂਰਬੀਰਾਂ ਨੂੰ ਇੱਕ ਹੋਰ ਆਜ਼ਾਦੀ ਦੀ ਲੜਾਈ ਲੜਨੀ ਪਵੇਗੀ। ਸ਼ਹੀਦ ਸਰਾਭਾ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਬਲਵਿੰਦਰ ਸਿੰਘ ਜੇ.ਈ ਕਿਹਾ ਕਿ ਸ਼ਹੀਦਾਂ ਦੇ ਪਾਏ ਪੂਰਨਿਆਂ ਤੇ ਹੀ ਚੱਲ ਕੇ ਉਨ੍ਹਾਂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕੀਤਾ ਜਾ ਸਕਦਾ ਹੈ। ਹੋਮ ਸਟਿੱਡ ਕਲੱਬ ਦੇ ਪ੍ਰਧਾਨ ਸ. ਖ਼ਜਾਨ ਸਿੰਘ ਮਾਂਗਟ ਨੇ ਕਲੱਬ ਦੇ ਹੋਰ ਅਹੁਦੇਦਾਰਾਂ ਕੁਲਵੰਤ ਸਿੰਘ ਮੀਤ ਪ੍ਰਧਾਨ, ਦਰਸ਼ਨ ਸਿੰਘ ਸੈਕਟਰੀ, ਕੁਲਵਿੰਦਰ ਸਿੰਘ ਢਿੱਲੋਂ ਪ੍ਰੈੱਸ ਸਕੱਤਰ, ਨਛੱਤਰ ਸਿੰਘ ਖ਼ਜ਼ਾਨਚੀ ਆਦਿ ਵੱਲੋਂ ਧੰਨਵਾਦ ਕਰਦਿਆਂ ਅਜਿਹੇ ਹੋਰ ਪ੍ਰੋਗਰਾਮ ਕਰਨ ਦੀ ਗੱਲ ਆਖੀ। ਸਟੇਜ ਸਕੱਤਰ ਦਾ ਫ਼ਰਜ਼ ਡਾ. ਪ੍ਰਦੀਪ ਜੋਧਾਂ ਨੇ ਨਿਭਾਇਆ।



ਇਸ ਸਮਾਗਮ ਵਿੱਚ ਬੁਟਾ ਸਿੰਘ ਗਰੇਵਾਲ ਪੰਚ ਮਨਸੂਰਾਂ ਲੁਧਿਆਣਾ, ਇੰਸਪੈਕਟਰ ਹਰ -ਨਰਾਇਣ ਸਿੰਘ ਸੰਗਰੂਰ, ਥਾਣੇਦਾਰ ਬਿਕਰਮ ਸਿੰਘ ਪਟਿਆਲਾ, ਜਗਤਾਰ ਸਿੰਘ ਕੁਲਾਲਾਂ ਮਹਿਲ ਕਲਾਂ ਸ਼ੈਂਕੀ ਜੋਧਾਂ, ਜਸਪਾਲ ਸਿੰਘ, ਲਾਲਾ ਜੀਵਨ ਕੁਮਾਰ, ਲੱਖਾ ਸਿੰਘ ਘੱਲ ਕਲਾਂ, ਗੁਰਤਿੰਦਰ ਸਿੰਘ ਵਾਲੀਆ, ਸੁਰਜੀਤ ਸਿੰਘ ਸੋਹੀ, ਗੁਰਦੇਵ ਸਿੰਘ, ਪ੍ਰਗਟ ਸਿੰਘ, ਮੇਜਰ ਸਿੰਘ, ਦੇਵਜੀਤ ਸਿੰਘ, ਤਰਸੇਮ ਕੁਮਾਰ, ਹਰਨਰੈਣ ਸਿੰਘ, ਰਣਜੀਤ ਸਿੰਘ ਕੁਲਾਰ, ਸੁਖਦੇਵ ਸਿੰਘ ਰੁੜਕਾ, ਕਸ਼ਮੀਰ ਸਿੰਘ, ਗੁਰਨਾਮ ਸਿੰਘ ਬੁੱਟਰ, ਗੁਰਦੇਵ ਸਿੰਘ ਬੁੱਟਰ, ਗੁਰਵਿੰਦਰ ਸਿੰਘ, ਬਲਵਿੰਦਰ ਸਿੰਘ ਔਜਲਾ, ਤੇਜਾ ਸਿੰਘ ਮਾਣੂਕੇ, ਸੁਖਦੇਵ ਸਿੰਘ ਦਿੱਲੀ, ਲਛਮਣ ਸਿੰਘ ਆਦਿ ਹਾਜ਼ਰ ਸਨ।



THE HARP GREWAL ਹਰਪ ਗਰੇਵਾਲ REAL ESTATE TEAM
416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca
HOMELIFE SILVERCITY REALTY INC. BROKERAGE
HIGHER STANDARDS

Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange Decoration Party Rentals
Customer satisfaction is our pride!
VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.
403-835-2762 or 29 DREAM(37326)
Special Packages Available For All Occasions in Calgary


Punjabi Rang Radio
CHLO AM530 (TORONTO) 11PM-12AM (SATURDAY)
Producer/Host
Chamkaur Singh Phulewala
Email punjabirang13@hotmail.com
Cell : 416 662 1313

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com

202-895 Lawrence Ave E, North York, ON M3C 3L2

Hiring Drivers/Owners/Operators
GALAXY Frightline inc.
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive. Professional Attitude
For:
* GTA
* ON-QC
* ON-MB-AB-BC
* USA
Balraj Singh Manager
647-701-6991
FAX: 416-644-8882
EMAIL: dispatch@galaxyfreightline.com
www.galaxyfreightline.com
* 1580 Britannia Road East * Mississauga * ON * L4W 1J2

# ਪੰਜਾਬ ਚੈਰਿਟੀ ਵੱਲੋਂ ਕਰਵਾਏ ਗਏ ਪੰਜਾਬੀ ਲਿਖਾਈ ਮੁਕਾਬਲਿਆਂ 'ਚ 200 ਦੇ ਕਰੀਬ ਲਿਖਾਰੀਆਂ ਨੇ ਲਿਆ ਹਿੱਸਾ



ਪੰਜਾਬ ਚੈਰਿਟੀ ਵੱਲੋਂ ਕਰਵਾਏ ਗਏ ਪੰਜਾਬੀ ਲਿਖਾਈ ਮੁਕਾਬਲਿਆਂ 'ਚ 200 ਦੇ ਕਰੀਬ ਲਿਖਾਰੀਆਂ ਨੇ ਹਿੱਸਾ ਲਿਆ। ਲਿਖਾਰੀਆਂ ਵਿਚ ਬਹੁਤ ਉਤਸ਼ਾਹ ਦੇਖਿਆ ਗਿਆ। ਅਧਿਆਪਕਾਂ ਨੇ ਨੰਬਰ ਲਗਾਏ। ਪ੍ਰਬੰਧਕਾਂ ਨੇ ਬੱਚਿਆਂ ਲਈ ਪੀਜ਼ੇ ਦਾ ਪ੍ਰਬੰਧ ਕੀਤਾ। ਸਾਰੇ ਬੱਚਿਆਂ ਨੂੰ ਹਿੱਸਾ ਲੈਣ ਲਈ ਸਰਟੀਫ਼ਕੇਟ ਤੇ ਜੇਤੂ ਨੂੰ ਟਰਾਫੀਆਂ ਦਿੱਤੀਆਂ ਗਈਆਂ। ਪ੍ਰਬੰਧਕਾਂ ਨੇ ਤੇ ਡਾ. ਗੁਰਨਾਮ ਸਿੰਘ ਢਿਲੋਂ, ਸਤਪਾਲ ਜੌਹਲ ਜਨਰਲਲਿਸਟ ਤੇ ਸਕੂਲ ਟਰਸਟੀ ਮੈਂਬਰ, ਸੁਖਦੇਵ ਸਿੰਘ ਢਿਲੋਂ ਮੀਡੀਆ ਦੇ ਤੇ ਹਰਬੰਸ ਸਿੰਘ ਸਰੋਕਾਰਾਂ ਦੀ ਆਵਾਜ਼ ਦੇ ਐਡੀਟਰ ਨੇ ਬੱਚਿਆਂ ਦਾ ਆਤਮ ਵਿਸ਼ਵਾਸ ਪੈਦਾ ਕਰਨਾ, ਬੱਚਿਆਂ ਦੀ ਹੌਸਲਾ ਅਫਸਾਈ ਕਰਨ ਸਬੰਧੀ ਵਿਚਾਰ ਪ੍ਰਗਟ ਕੀਤੇ, ਸਭ ਮਾਪਿਆਂ ਦਾ, ਅਧਿਆਪਕਾਂ ਦਾ, ਮੀਡੀਆ ਦਾ ਅਤੇ ਬਰੈਮਲੀ ਸਕੂਲ ਦੇ ਸਟਾਫ਼ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

ਫੋਟੋਆਂ : ਮਿ: ਮਾਂਗਟ



















# ਦੁਨੀਆ ਦੇ 1% ਸੁਪਰ-ਅਮੀਰ ਆਲਮੀ ਤਪਸ਼ ਲਈ ਜ਼ਿੰਮੇਵਾਰ

**-ਸੁਖਵੰਤ ਹੁੰਦਲ-**

ਔਕਸਫੈਮ ਇੰਟਰਨੈਸ਼ਨਲ ਨੇ 20 ਨਵੰਬਰ 2023 ਨੂੰ ਜਾਰੀ ਕੀਤੀ ਆਪਣੀ ਰਿਪੋਰਟ ਵਿੱਚ ਆਲਮੀ ਤਪਸ਼ (ਗਲੋਬਲ ਵਾਰਮਿੰਗ) ਅਤੇ ਵਿਸ਼ਵ ਪੱਧਰ 'ਤੇ ਆਰਥਿਕ ਨਾਬਰਾਬਰੀ ਬਾਰੇ ਗੱਲ ਕੀਤੀ ਹੈ। ਉਹਨਾਂ ਨੇ ਆਲਮੀ ਤਪਸ਼ ਲਈ ਦੁਨੀਆ ਦੇ 1% ਸੁਪਰ-ਅਮੀਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਸ ਦੇ ਨਾਲ ਉਹਨਾਂ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਵਿਸ਼ਵ ਪੱਧਰ 'ਤੇ ਆਰਥਿਕ ਨਾਬਰਾਬਰੀ ਕਾਰਨ ਆਲਮੀ ਤਪਸ਼ ਅਤੇ ਜਲਵਾਯੂ ਵਿੱਚ ਤਬਦੀਲੀ ਕਾਰਨ ਪੈਦਾ ਹੋਣ ਵਾਲੇ ਸੰਕਟਾਂ (ਅਤਿ ਦੀ ਗਰਮੀ, ਹੜ੍ਹਾਂ, ਸੋਕਿਆਂ ਆਦਿ) ਦੀ ਮਾਰ ਝੱਲਣ ਵਾਲੇ ਬਹੁਗਿਣਤੀ ਲੋਕ ਗਰੀਬ ਹਨ। ਇਸ ਲਈ ਸਾਨੂੰ ਇਹਨਾਂ ਦੋਹਾਂ ਸਮੱਸਿਆਵਾਂ ਨੂੰ ਇਕ ਦੂਸਰੇ ਨਾਲ ਜੋੜ ਕੇ ਦੇਖਣ ਅਤੇ ਇਹਨਾਂ ਦੋਹਾਂ ਦੇ ਹੱਲ ਲੱਭਣ ਦੀ ਲੋੜ ਹੈ।

**ਇਸ ਰਿਪੋਰਟ ਅਨੁਸਾਰ:**

- ਸੰਨ 2019 ਵਿੱਚ ਦੁਨੀਆ ਦੇ ਸੁਪਰ (ਸਭ ਤੋਂ) ਅਮੀਰ 1% (7 ਕ੍ਰੋੜ 70 ਲੱਖ) ਲੋਕ ਵਿਸ਼ਵ ਪੱਧਰ 'ਤੇ ਪੈਦਾ ਹੋਣ ਵਾਲੇ ਕੁੱਲ ਕਾਰਬਨ ਦੇ ਪ੍ਰਦੂਸ਼ਣ (ਕਾਰਬਨ ਨਾਲ ਸੰਬੰਧਿਤ ਗੈਸਾਂ) ਦਾ 16% ਹਿੱਸਾ ਪੈਦਾ ਕਰਨ ਲਈ ਜ਼ਿੰਮੇਵਾਰ ਸਨ। ਇਹ ਮਾਤਰਾ ਦੁਨੀਆ ਦੇ 66% ਗਰੀਬ ਲੋਕਾਂ (5 ਅਰਬ ਲੋਕਾਂ) ਵਲੋਂ ਪੈਦਾ ਕੀਤੇ ਜਾਂਦੇ ਕਾਰਬਨ ਦੇ ਪ੍ਰਦੂਸ਼ਨ ਦੇ ਬਰਾਬਰ ਹੈ ਅਤੇ ਇਹ ਕਾਰਾਂ ਅਤੇ ਆਵਾਜਾਈ ਦੇ ਸਾਧਨਾਂ ਕਾਰਨ ਪੈਦਾ ਹੋਣ ਵਾਲੇ ਕੁੱਲ ਪ੍ਰਦੂਸ਼ਣ ਤੋਂ ਜ਼ਿਆਦਾ ਹੈ। ਦੁਨੀਆ ਦੇ ਸਭ ਤੋ ਅਮੀਰ 10% ਲੋਕ ਵਿਸ਼ਵ ਵਿੱਚ ਪੈਦਾ ਹੋਣ ਵਾਲੇ ਕਾਰਬਨ ਦੇ ਕੁੱਲ ਪ੍ਰਦੂਸ਼ਣ ਦੇ 50% ਹਿੱਸੇ ਲਈ ਜਿ਼ੰਮੇਵਾਰ ਸਨ।
- ਇਹਨਾਂ ਸੁਪਰ-ਅਮੀਰਾਂ ਕਾਰਨ ਪੈਦਾ ਹੋਇਆ ਕਾਰਬਨ ਦਾ ਇਹ ਪ੍ਰਦੂਸ਼ਨ ਗਰਮੀ ਕਾਰਨ 13 ਲੱਖ ਵਾਧੂ ਮੌਤਾਂ ਦਾ ਕਾਰਨ ਬਣਨ ਲਈ ਕਾਫੀ ਹੈ। ਇਹਨਾਂ ਵਿੱਚੋਂ ਬਹੁਤੀਆਂ ਮੌਤਾਂ 2020 – 2030 ਵਿੱਚਕਾਰ ਹੋਣਗੀਆਂ।
- ਜਿੰਨੀ ਕਾਰਬਨ ਸਭ ਤੋਂ ਅਮੀਰ ਅਰਬਾਂਪਤੀ (ਬਿਲੀਅਨੇਅਰ) ਇਕ ਸਾਲ ਵਿੱਚ ਪੈਦਾ ਕਰਦੇ ਹਨ, ਹੇਠਲੇ 99% ਫੀਸਦੀ ਲੋਕਾਂ ਵਿੱਚ ਕਿਸੇ ਇਕ ਵਿਅਕਤੀ ਵੱਲੋਂ ਇੰਨੀ ਕਾਰਬਨ ਪੈਦਾ ਕਰਨ ਲਈ 15,00 ਸਾਲ ਚਾਹੀਦੇ ਹਨ।

ਇਸ ਰਿਪੋਰਟ ਅਨੁਸਾਰ ਵਿਸ਼ਵ ਦੇ ਇਹ 1% ਸੁਪਰ-ਅਮੀਰ ਆਲਮੀ ਤਪਸ਼ (ਗਲੋਬਲ ਵਾਰਮਿੰਗ) ਅਤੇ ਜਲਵਾਯੂ ਦੀ ਤਬਦੀਲੀ ਨੂੰ ਹੇਠ ਲਿਖੇ ਤਿੰਨ ਢੰਗਾਂ ਨਾਲ ਪ੍ਰਭਾਵਿਤ ਕਰਦੇ ਹਨ:

1. ਆਪਣੀਆਂ ਰੋਜ਼ਾਨਾ ਜ਼ਿੰਦਗੀਆਂ ਵਿੱਚ ਸ਼ਾਹ-ਖਰਚ ਅਤੇ ਅਤਿ ਦੇ ਖਪਤਵਾਦੀ ਰਹਿਣ-ਸਹਿਣ ਕਰਕੇ ਇਹ ਸੁਪਰ-ਅਮੀਰ ਬਹੁਤ ਜ਼ਿਆਦਾ ਕਾਰਬਨ ਡਾਇਕਔਕਸਾਈਡ ਪੈਦਾ ਕਰਦੇ ਹਨ। ਇਹਨਾਂ ਦੇ ਅਤਿ ਦੇ ਖਪਤਵਾਦੀ ਰਹਿਣ-ਸਹਿਣ ਵਿੱਚ ਨਿੱਜੀ ਹਵਾਈ ਜਹਾਜ਼ਾਂ ਵਿੱਚ ਸਫਰ, ਨਿੱਜੀ ਯਾਟਾਂ (ਛੋਟੇ ਸਮੁੰਦਰੀ ਜਹਾਜ਼ਾਂ) ਵਿੱਚ ਸੈਰ-ਸਪਾਟਾ ਅਤੇ ਪਾਰਟੀਆਂ ਅਤੇ ਮਹਿਲਾਂ ਵਰਗੀਆਂ ਵੱਡੀਆਂ ਵੱਡੀਆਂ ਹਵੇਲੀਆਂ ਵਿੱਚ ਰਿਹਾਇਸ਼ ਸ਼ਾਮਲ ਹੈ। ਰਿਪੋਰਟ ਵਿੱਚ 20 ਅਰਬਾਂਪਤੀਆਂ ਦੇ ਖਪਤਵਾਦੀ ਰਹਿਣ-ਸਹਿਣ ਬਾਰੇ ਕੀਤੇ ਇਕ ਅਧਿਐਨ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਇਹਨਾਂ 20 ਅਰਬਪਤੀਆਂ ਨੇ ਇਕ ਸਾਲ ਵਿੱਚ ਔਸਤਨ 8000 ਟਨ ਤੋਂ ਵੱਧ ਕਾਰਬਨ ਡਾਇਕਔਕਸਾਈਡ ਪੈਦਾ ਕੀਤੀ ਸੀ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਇਕ ਭਾਰਤੀ ਇਕ ਸਾਲ ਵਿੱਚ ਔਸਤਨ 1.91 ਟਨ ਕਾਰਬਨ – ਡਾਇਕਔਕਸਾਈਡ ਪੈਦਾ ਕਰਦਾ ਹੈ।
2. ਇਹ ਸੁਪਰ-ਅਮੀਰ ਆਪਣੀ ਦੌਲਤ ਕਮਾਉਣ ਲਈ ਪ੍ਰਦੂਸ਼ਣ ਪੈਦਾ ਕਰਨ ਵਾਲੀਆਂ ਇੰਡਸਟਰੀਆਂ ਵਿੱਚ ਪੂੰਜੀ ਨਿਵੇਸ਼ ਕਰਕੇ ਵੱਡੀ ਮਾਤਰਾ ਵਿੱਚ ਆਲਮੀ ਤਪਸ਼ ਅਤੇ ਜਲਵਾਯੂ ਵਿੱਚ ਤਬਦੀਲੀ ਦਾ ਕਾਰਨ ਬਣਨ ਵਾਲਾ ਪ੍ਰਦੂਸ਼ਣ ਪੈਦਾ ਕਰਦੇ ਹਨ। ਇਸ ਸੰਬੰਧ ਵਿੱਚ ਔਕਸਫੈਮ ਨੇ ਸੰਨ 2022 ਵਿੱਚ 125 ਅਰਬਾਂਪਤੀਆਂ ਬਾਰੇ ਇਕ ਵਿਸ਼ਲੇਸ਼ਣ ਕੀਤਾ ਸੀ। ਇਸ ਵਿਸ਼ਲੇਸ਼ਣ ਵਿੱਚ ਉਹਨਾਂ ਨੂੰ ਪਤਾ ਲੱਗਾ ਕਿ ਇਹਨਾਂ 125 ਅਰਬਾਂਪਤੀਆਂ ਵਿੱਚੋਂ ਹਰ ਇਕ ਨੇ ਆਪਣੇ ਪੂੰਜੀ ਨਿਵੇਸ਼ਾਂ (ਇਨਵੈਸਟਮੈਂਟਸ) ਰਾਹੀਂ ਇਕ ਸਾਲ ਵਿੱਚ ਔਸਤਨ 30 ਲੱਖ ਟਨ ਕਾਰਬਨ ਡਾਇਕਔਕਸਾਈਡ ਪੈਦਾ ਕੀਤੀ ਸੀ।
3. ਆਪਣੀ ਦੌਲਤ ਕਰਕੇ ਇਹ ਸੁਪਰ-ਅਮੀਰ ਮੀਡੀਏ, ਆਰਥਿਕਤਾ ਅਤੇ ਸਿਆਸਤ ਵਿੱਚ ਬਹੁਤ ਜ਼ਿਆਦਾ ਪ੍ਰਭਾਵ ਰੱਖਦੇ ਹਨ। ਇਸ ਪ੍ਰਭਾਵ ਕਰਕੇ ਉਹ ਅਜਿਹੀ ਜਾਣਕਾਰੀ, ਨੀਤੀਆਂ, ਕਾਨੂੰਨਾਂ, ਸੰਧੀਆ ਆਦਿ ਦਾ ਸਮਰਥਨ ਕਰਦੇ ਹਨ, ਜੋ ਉਹਨਾਂ ਦੇ ਹਿਤਾਂ ਦੀ ਰਾਖੀ ਕਰਦੀਆਂ ਹਨ, ਬੇਸ਼ੱਕ ਉਹ ਧਰਤੀ ਦੇ ਵਾਤਾਵਰਣ ਲਈ ਹਾਨੀਕਾਰਕ ਹੀ ਹੋਣ। ਔਕਸਫੈਮ ਵਲੋਂ ਕੀਤੇ ਇਕ ਵਿਸ਼ਲੇਸ਼ਣ ਅਨੁਸਾਰ ਅਮਰੀਕਾ ਦੇ ਨਾਂ 'ਤੇ ਵਿਸ਼ਵ ਪੱਧਰ ਦੀਆਂ ਜਲਵਾਯੂ ਨਾਲ ਸੰਬੰਧਿਤ ਸੰਧੀਆ ਨੂੰ ਪ੍ਰਵਾਨਗੀ ਦੇਣ ਵਾਲੇ ਅਮਰੀਕਾ ਦੇ ਸੈਨੇਟਰਾਂ ਦੀਆਂ ਤਨਖਾਹ ਇੰਨੀਆਂ ਹਨ ਕਿ ਉਹ ਦੁਨੀਆ ਦੇ ਉਪਰਲੇ 1% ਲੋਕਾਂ ਵਿੱਚ ਆਉਂਦੇ ਹਨ। ਯੂਰਪੀਅਨ ਯੂਨੀਅਨ ਦੇ ਕਮਿਸ਼ਨਰ ਅਤੇ ਅਸਟੇਲੀਆ ਦੀ ਪਾਰਲੀਮੈਂਟ ਦੇ ਮੈਂਬਰ ਵੀ ਇਸ ਸ਼੍ਰੇਣੀ ਵਿੱਚ ਆਉਂਦੇ ਹਨ। ਆਪਣੀਆਂ ਵੱਡੀਆਂ ਤਨਖਾਹਾਂ ਦੇ ਨਾਲ ਨਾਲ ਬਹੁਤ ਸਾਰੇ ਕਾਨੂੰਨ-ਘਾੜੇ ਫੌਸਿਲ ਫਿਊਲ (ਤੇਲ, ਪੈਟਰੌਲ, ਕੋਲਾ ਆਦਿ) ਦੀ ਸਨਅਤ ਵਿੱਚ ਪੂੰਜੀ ਨਿਵੇਸ਼ ਕਰਦੇ ਹਨ। ਇਸ ਸਨਅਤ ਦਾ ਧਰਤੀ ਦੇ ਵਾਤਾਵਰਨ ਨੂੰ ਪ੍ਰਦੂਸ਼ਤ ਕਰਨ ਵਾਲੀਆਂ ਗੈਸਾਂ ਪੈਦਾ ਕਰਨ ਵਿੱਚ ਜ਼ਿਕਰਯੋਗ ਯੋਗਦਾਨ ਹੈ। ਔਕਸਫੈਮ ਦਾ ਅੰਦਾਜ਼ਾ ਹੈ ਕਿ ਅਮਰੀਕਾ ਦੀ ਕਾਂਗਰਸ ਦੇ ਮੈਂਬਰਾਂ ਨੇ ਫੌਸਿਲ ਫਿਊਲ ਨਾਲ ਸੰਬੰਧਤਿ ਸਨਅਤਾਂ ਵਿੱਚ 9 ਕ੍ਰੋੜ 30 ਲੱਖ ਡਾਲਰ ਇਨਵੈਸਟ ਕੀਤੇ ਹੋਏ ਹਨ।








ਇਹ ਗੱਲ ਦਰਸਾਉਣ ਲਈ ਕਿ ਆਲਮੀ ਤਪਸ਼ ਅਤੇ ਜਲਵਾਯੂ ਵਿੱਚ ਤਬਦੀਲੀ ਕਾਰਨ ਪੈਦਾ ਹੋਣ ਵਾਲੇ ਸੰਕਟਾਂ/ਮਹਾਂਮਾਰੀਆਂ ਦੀ ਮਾਰ ਗਰੀਬ ਲੋਕ ਝਲਦੇ ਹਨ, ਰਿਪੋਰਟ ਵਿੱਚ ਦੁਨੀਆ ਭਰ ਵਿੱਚੋਂ ਕਈ ਤੱਥ ਅਤੇ ਅੰਕੜੇ ਪੇਸ਼ ਕੀਤੇ ਗਏ ਹਨ। ਇਹਨਾਂ ਵਿੱਚ ਕੁਝ ਇਸ ਪ੍ਰਕਾਰ ਹਨ:

- ਪਿਛਲੇ 50 ਸਾਲਾਂ ਦੌਰਾਨ ਜਲਵਾਯੂ ਨਾਲ ਸੰਬੰਧਿਤ ਬਿਪਤਾਵਾਂ ਕਾਰਨ ਹੋਣ ਵਾਲੀਆਂ ਮੌਤਾਂ ਵਿੱਚੋਂ 91% ਮੌਤਾਂ ਵਿਕਾਸਸ਼ੀਲ ਦੇਸ਼ਾਂ ਵਿੱਚ ਹੋਈਆਂ ਹਨ।
- ਜਿਹਨਾਂ ਮੁਲਕਾਂ ਦੇ ਲੋਕ ਇਹਨਾਂ ਬਿਪਤਾਵਾਂ ਤੋਂ ਜ਼ਿਆਦਾ ਪੀੜਤ ਹੁੰਦੇ ਹਨ, ਉਹਨਾਂ ਵਿੱਚੋਂ ਬਹੁਗਿਣਤੀ ਦੇਸ਼ ਅਫਰੀਕਾ, ਦੱਖਣੀ ਏਸ਼ੀਆ, ਕੇਂਦਰੀ ਅਤੇ ਦੱਖਣੀ ਅਮਰੀਕਾ ਦੇ ਖਿੱਤਿਆਂ ਵਿੱਚ ਆਉਣ ਵਾਲੇ ਦੇਸ਼ ਅਤੇ ਛੋਟੇ ਛੋਟੇ ਟਾਪੂਆਂ 'ਤੇ ਵਸੇ ਵਿਕਾਸਸ਼ੀਲ ਦੇਸ਼ ਹਨ। ਸੰਨ 2010 ਤੋਂ ਲੈਕੇ 2020 ਤੱਕ ਇਹਨਾਂ ਇਲਾਕਿਆਂ ਵਿੱਚ ਹੜ੍ਹਾਂ, ਸੋਕਿਆਂ ਅਤੇ ਤੁਫਾਨਾਂ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਦੁਨੀਆ ਦੇ ਅਮੀਰ ਹਿੱਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਤੋਂ 15 ਗੁਣਾਂ ਵੱਧ ਸੀ।
- ਸੰਨ 2020 ਤੋਂ ਪੂਰਬੀ ਅਫਰੀਕਾ ਦਾ ਖਿੱਤਾ ਅਤਿ ਦੇ ਸੋਕੇ ਦਾ ਸਾਹਮਣਾ ਕਰ ਰਿਹਾ ਹੈ, ਜਿਸ ਕਾਰਨ 4 ਕ੍ਰੋੜ 35 ਲੱਖ ਲੋਕਾਂ ਨੂੰ ਮਾਨਵਵਾਦੀ ਸਹਾਇਤਾ (ਹਿਊਮਿਨਟੇਰੀਅਨ ਏਡ) 'ਤੇ ਨਿਰਭਰ ਹੋਣਾ ਪੈ ਰਿਹਾ ਹੈ।
- 2022 ਦੇ ਮਈ ਅਤੇ ਅਕਤੂਬਰ ਵਿਚਕਾਰ ਪੱਛਮੀ ਅਫਰੀਕਾ ਵਿੱਚ ਔਸਤ ਤੋਂ ਜ਼ਿਆਦਾ ਮੀਂਹ ਪੈਣ ਕਾਰਨ ਵੱਡੀ ਪੱਧਰ 'ਤੇ ਹੜ੍ਹ ਆਏ ਸਨ। ਜਿਸ ਦੇ ਨਤੀਜੇ ਵਜੋਂ 5 ਲੱਖ ਏਕੜ ਤੋਂ ਜ਼ਿਆਦਾ ਵਾਹੀਯੋਗ ਜ਼ਮੀਨ ਦਾ ਨਾਸ਼ ਮਾਰਿਆ ਗਿਆ ਸੀ, 3 ਲੱਖ ਘਰਾਂ ਦਾ ਨੁਕਸਾਨ ਹੋਇਆ ਸੀ ਅਤੇ 15 ਲੱਖ ਤੋਂ ਜ਼ਿਆਦਾ ਲੋਕ ਬੇਘਰ ਹੋਏ ਸਨ।
- ਸੰਨ 2022 ਵਿੱਚ ਪਾਕਿਸਤਾਨ ਵਿੱਚ ਵੱਡੀ ਪੱਧਰ 'ਤੇ ਹੜ੍ਹ ਆਏ ਸਨ, ਜਿਸ ਦੇ ਨਤੀਜੇ ਵਜੋਂ 3 ਕ੍ਰੋੜ 30 ਲੱਖ ਲੋਕ ਪ੍ਰਭਾਵਿਤ ਹੋਏ ਸਨ ਅਤੇ ਇਸ ਕਾਰਨ 30 ਅਰਬ (ਬਿਲੀਅਨ) ਅਮਰੀਕਨ ਡਾਲਰ ਦੇ ਬਰਾਬਰ ਦਾ ਨੁਕਸਾਨ ਹੋਇਆ ਸੀ।

ਆਲਮੀ ਤਪਸ਼ ਅਤੇ ਜਲਵਾਯੂ ਵਿੱਚ ਤਬਦੀਲੀ ਲਈ ਸੁਪਰ ਅਮੀਰਾਂ ਦੀ ਜ਼ਿੰਮੇਵਾਰੀ ਅਤੇ ਇਹਨਾਂ ਦੋਹਾਂ ਕਾਰਨ ਪੈਦਾ ਹੋਣ ਵਾਲੇ ਸੰਕਟਾਂ/ਬਿਪਤਾਵਾਂ ਦੀ ਗਰੀਬ ਲੋਕਾਂ 'ਤੇ ਪੈਂਦੀ ਮਾਰ ਦੀ ਸਥਿਤੀ 'ਤੇ ਟਿੱਪਣੀ ਕਰਦਿਆਂ ਔਕਸਫੈਮ ਇੰਟਰਨੈਸ਼ਨਲ ਦੇ ਅੰਤਰਿਮ ਐਗਜ਼ੈਕਟਿਵ ਡਾਇਰੈਕਟਰ ਅਮਿਤਾਬ ਬੇਹਾਰ ਨੇ ਕਿਹਾ, 'ਸੁਪਰ ਅਮੀਰ ਧਰਤੀ ਨੂੰ ਤਬਾਹੀ ਦੀ ਹੱਦ ਤੱਕ ਲੁੱਟ ਅਤੇ ਪ੍ਰਦੂਸ਼ਤ ਕਰ ਰਹੇ ਹਨ, ਜਿਸ ਕਾਰਨ ਅਤਿ ਦੀ ਗਰਮੀ, ਹੜ੍ਹਾਂ ਅਤੇ ਸੋਕੇ ਕਾਰਨ ਮਨੁੱਖਤਾ ਦਾ ਸਾਹ ਘੁੱਟ ਹੋ ਰਿਹਾ ਹੈ। ਕਈ ਸਾਲਾਂ ਤੋਂ ਅਸੀਂ ਫੌਸਿਲ ਫਿਊਲਜ਼ (ਤੇਲ, ਪੈਟਰੌਲ, ਕੋਲਾ ਆਦਿ) ਦਾ ਯੁੱਗ ਖਤਮ ਕਰਨ ਲਈ ਲੜਾਈ ਲੜ ਰਹੇ ਹਾਂ। ਇਹ ਸਾਫ ਹੈ ਕਿ ਇਹ ਉਨਾ ਚਿਰ ਨਹੀਂ ਹੋ ਸਕੇਗਾ, ਜਿੰਨਾ ਚਿਰ ਤੱਕ ਅਸੀਂ ਅਤਿ ਦੀ ਅਮੀਰੀ ਦਾ ਯੁੱਗ ਖਤਮ ਨਹੀਂ ਕਰਦੇ।'







# ਪੰਜਾਬ ਦੇ ਦਰਿਆਈ ਪਾਣੀਆਂ ਦੀ ਰਾਖੀ ਦੀ ਲੋੜ

ਦਵਿੰਦਰ ਕੌਰ ਖੁਸ਼ ਧਾਲੀਵਾਲ



*ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸੰਨ 1985 ਵਿੱਚ ਰਾਜੀਵ-ਲੌਂਗੋਵਾਲ ਸਮਝੌਤਾ ਹੋਇਆ, ਕਿਹਾ ਗਿਆ ਕਿ ਪੰਜਾਬ, ਹਰਿਆਣਾ ਅਤੇ ਰਾਜਸਥਾਨ ਨੂੰ ਓਨਾ ਪਾਣੀ ਮਿਲ਼ਦਾ ਰਹੇਗਾ ਜਿੰਨਾ ਉਹ ਪਹਿਲੀ ਜੁਲਾਈ 1985 ਨੂੰ ਲੈ ਰਹੇ ਸਨ । ਸਤਲੁਜ ਯਮਨਾ ਲਿੰਕ ਨਹਿਰ ਦੀ 15 ਅਗਸਤ 1986 ਤੱਕ ਪੂਰੀ ਕਰਨ ਦਾ ਫੈਸਲਾ ਕੀਤਾ ਗਿਆ । 1990 ਵਿੱਚ ਕੁੱਝ ਲੋਕਾਂ ਵੱਲੋਂ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰ ਰਹੇ ਮੁੱਖ ਇੰਜੀਨੀਅਰ, ਸਹਾਇਕ ਇੰਜੀਨੀਅਰ ਅਤੇ ਕਈ ਮਜਦੂਰਾਂ ਦਾ ਕਤਲ ਕਰ ਦਿੱਤਾ ਗਿਆ । ਇਸਤੋਂ ਬਾਅਦ ਇਸ ਨਹਿਰ ਦੀ ਉਸਾਰੀ ਦਾ ਕੰਮ ਰੁਕ ਗਿਆ । -ਸੰਪਾਦਕ*

ਜਿਵੇਂ-ਜਿਵੇਂ ਲੋਕ ਸਭਾ ਦੀਆਂ ਤੇ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਨੇੜੇ ਆ ਰਹੀਆਂ ਨੇ ਉਵੇਂ-ਉਵੇਂ ਸਤਲੁਜ-ਯਮਨਾ ਲਿੰਕ ਨਹਿਰ ਦੇ ਮੁੱਦੇ ਨੂੰ ਡੂੰਘੇ ਟੋਏ 'ਚੋਂ ਕੱਢਕੇ ਫੇਰ ਭਖਾਇਆ ਜਾ ਰਿਹਾ ਹੈ। ਹੁਣ ਸਰਵਉੱਚ ਅਦਾਲਤ ਨੇ ਸਰਕਾਰ ਨੂੰ ਪੰਜਾਬ ਵਿੱਚ ਸਤਲੁਜ-ਯਮਨਾ ਲਿੰਕ ਨਹਿਰ ਬਣਾਉਣ ਲਈ ਜਮੀਨ ਦਾ ਸਰਵੇਖਣ ਕਰਨ ਦੀ ਹਦਾਇਤ ਦੇਣ ਨਾਲ਼ ਇਹ ਮਸਲਾ ਚਰਚਾ ਵਿੱਚ ਹੈ। ਹਰਿਆਣਾ ਦੀਆਂ ਚੋਣਾਂ 'ਚ ਲਾਹਾ ਲੈਣ ਲਈ ਭਾਜਪਾ ਪਹਿਲਾਂ ਵੀ ਚੰਡੀਗੜ੍ਹ ਤੇ ਦਰਿਆਈ ਪਾਣੀਆਂ ਦਾ ਮਸਲਾ ਛੇੜਦੀ ਰਹੀ ਹੈ। ਸਭ ਕੌਮਾਂ ਲਈ ਬਰਾਬਰੀ ਤੇ ਇਨਸਾਫ ਦੇ ਜਮਹੂਰੀ ਅਸੂਲਾਂ ਤਹਿਤ ਨਜਿੱਠਿਆ ਜਾਣਾ ਚਾਹੀਦਾ ਹੈ।

ਰਿਪੇਰੀਅਨ ਸਿਧਾਂਤ ਮੁਤਾਬਿਕ ਦਰਿਆਵਾਂ ਦੇ ਪਾਣੀਆਂ ਉੱਤੇ ਉਹਨਾਂ ਦੇ ਕੁਦਰਤੀ ਵਹਾਅ ਦੇ ਕੰਢਿਆਂ ਨਾਲ਼ ਲੱਗਦੇ ਖਿੱਤਿਆਂ ਦੇ ਲੋਕਾਂ ਦਾ ਹੀ ਹੱਕ ਹੁੰਦਾ ਹੈ। ਦਰਿਆਵਾਂ ਦੇ ਪਾਣੀਆਂ ਦਾ ਲਾਭ ਵੀ ਉਹੀ ਲੋਕ ਚੁੱਕਣਗੇ ਜਿਸ ਖਿੱਤੇ ਦੇ ਲੋਕ ਇਹਨਾਂ ਦੇ ਹੜ੍ਹਾਂ ਦੀ ਮਾਰ ਵੀ ਝੱਲਦੇ ਆਏ ਹੋਣ ਜਾਂ ਝੱਲ ਰਹੇ ਹੋਣ। ਦਰਿਆਈ ਖੇਤਰ ਜੇਕਰ ਦੋ ਜਾਂ ਦੋ ਤੋਂ ਵਧੇਰੇ ਦੇਸ਼ਾਂ ਜਾਂ ਸੂਬਿਆਂ ਦੀਆਂ ਰਾਜਕੀ/ਪ੍ਰਸ਼ਾਸਨਿਕ ਇਕਾਈਆਂ ਵਿੱਚ ਵੰਡੇ ਹੋਣ ਤਾਂ ਉਹ ਸੂਬੇ ਜਾਂ ਦੇਸ਼ ਉਸ ਦਰਿਆ ਦੇ ਰਿਪੇਰੀਅਨ ਦੇਸ਼/ਸੂਬੇ ਕਹਾਉਂਦੇ ਹਨ ਅਤੇ ਉਹਨਾਂ ਵਿਚਕਾਰ ਸਬੰਧਤ ਦਰਿਆ ਦਾ ਪਾਣੀ ਵੰਡਿਆ ਜਾਂਦਾ ਹੈ।

ਗੁਜਰਾਤ, ਮਹਾਂਰਾਸ਼ਟਰ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚਕਾਰ ਨਰਮਦਾ ਦੇ ਪਾਣੀਆਂ ਸਬੰਧੀ ਝਗੜੇ ਸਬੰਧੀ ਬਣੇ ਅਦਾਲਤ ਨੇ ਫੈਸਲਾ ਸੁਣਾਇਆ ਕਿ ਰਾਜਸਥਾਨ ਨਰਮਦਾ ਦਾ ਰਿਪੇਰੀਅਨ ਸੂਬਾ ਨਹੀਂ ਹੈ ਇਸ ਲਈ ਇਸਦਾ ਇਸ ਦਰਿਆ ਦੇ ਪਾਣੀ ਉੱਤੇ ਹੱਕ ਨਹੀਂ ਬਣਦਾ। ਕਰਨਾਟਕਾ ਅਤੇ ਤਮਿਲ਼ਨਾਡੂ ਕਾਵੇਰੀ ਦੇ ਰਿਪੇਰੀਅਨ ਸੂਬੇ ਹਨ। ਇਸ ਲਈ ਉਹਨਾਂ ਦੇ ਇਸਦੇ ਪਾਣੀ ਸਬੰਧੀ ਝਗੜੇ ਦਾ ਫੈਸਲਾ ਰਿਪੇਰੀਅਨ ਸਿਧਾਂਤ ਮੁਤਾਬਿਕ ਹੀ ਕੀਤਾ ਗਿਆ। ਆਂਧਰਾ ਪ੍ਰਦੇਸ਼, ਕਰਨਾਟਕ ਅਤੇ ਮਹਾਂਰਾਸ਼ਟਰ ਵਿਚਕਾਰ ਕਿ?ਸ਼ਨਾ ਨਦੀ ਦੇ ਪਾਣੀਆਂ ਸਬੰਧੀ ਝਗੜਿਆਂ ਦਾ ਫੈਸਲਾ ਵੀ ਰਿਪੇਰੀਅਨ ਸਿਧਾਂਤ ਮੁਤਾਬਿਕ ਹੀ ਹੋਇਆ ਹੈ। ਇਸੇ ਤਰ੍ਹਾਂ ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਓਡੀਸਾ, ਮੱਧ ਪ੍ਰਦੇਸ਼ ਅਤੇ ਕਰਨਾਟਕ ਵਿਚਕਾਰ ਗੋਦਾਵਰੀ ਨਦੀ ਦੇ ਝਗੜੇ ਸਬੰਧੀ ਫੈਸਲੇ ਲਈ ਵੀ ਰਿਪੇਰੀਅਨ ਸਿਧਾਂਤ ਨੂੰ ਹੀ ਅਧਾਰ ਬਣਾਇਆ ਗਿਆ। ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਦੇ ਮਾਮਲੇ ਵਿੱਚ ਵੀ ਰਿਪੇਰੀਅਨ ਸਿਧਾਂਤ ਲਾਗੂ ਕੀਤਾ ਜਾਣਾ ਚਾਹੀਦਾ ਸੀ। ਪਰ ਪੰਜਾਬ ਵਾਸੀਆਂ ਨਾਲ਼ ਇਹ ਸਰਾਸਰ ਧੱਕਾ ਕੀਤਾ ਹੈ।

ਚੜ੍ਹਦੇ ਪੰਜਾਬ ਵਿੱਚੋਂ ਤਿੰਨ ਦਰਿਆ ਵਗਦੇ ਹਨ- ਸਤਲੁਜ, ਰਾਵੀ ਅਤੇ ਬਿਆਸ। ਪਾਕਿਸਤਾਨ ਵਿੱਚ ਮੌਜੂਦ ਲਹਿੰਦਾ ਪੰਜਾਬ ਇਸਦਾ ਸਹਿ ਰਿਪੇਰੀਅਨ ਸੂਬਾ ਹੈ। ਸੰਨ 1947 ਤੋਂ ਬਾਅਦ ਤਿੰਨਾਂ ਦਰਿਆਵਾਂ ਦੇ ਪਾਣੀਆਂ ਸਬੰਧੀ ਪਾਕਿਸਤਾਨੀ ਹਕੂਮਤ ਨਾਲ਼ ਭਾਰਤੀ ਹਕੂਮਤ ਦਾ ਝਗੜਾ ਸਾਹਮਣੇ ਆਇਆ। ਇਹ ਝਗੜਾ ਸਿੰਧ ਜਲ ਸਮਝੌਤਾ ਹੋਣ ਤੋਂ ਬਾਅਦ ਖਤਮ ਹੋਇਆ ਜਿਸ ਮੁਤਾਬਿਕ ਸਿੰਧ, ਝਨਾਬ ਅਤੇ ਜੇਹਲਮ ਦੇ ਪਾਣੀਆਂ ਦੀ ਮੁੱਖ ਤੌਰ ਉੱਤੇ ਵਰਤੋਂ ਦਾ ਹੱਕ ਪਾਕਿਸਤਾਨ ਨੂੰ ਮਿਲ਼ ਗਿਆ ਅਤੇ ਸਤਲੁਜ, ਰਾਵੀ ਅਤੇ ਬਿਆਸ ਦੇ ਪਾਣੀਆਂ ਦੀ ਵਰਤੋਂ ਦਾ ਹੱਕ ਮੁੱਖ ਤੌਰ ਉੱਤੇ ਭਾਰਤ ਨੂੰ ਮਿਲ਼ ਗਿਆ। ਪਰ ਪਾਕਿਸਤਾਨ ਨਾਲ਼ ਪਾਣੀਆਂ ਦੀ ਵੰਡ ਨੂੰ ਲੈ ਕੇ ਚੱਲੇ ਝਗੜੇ ਵਿੱਚ ਭਾਰਤੀ ਹਾਕਮਾਂ ਨੇ ਗੈਰ-ਵਾਜਬ ਢੰਗ ਨਾਲ਼ ਘੱਗਰ ਦਰਿਆ ਨੂੰ ਸਿੰਧ ਨਦੀ ਖੇਤਰ ਦਾ ਹਿੱਸਾ ਕਿਹਾ। ਇਸ ਰਾਹੀਂ ਰਾਜਸਥਾਨ ਨੂੰ ਪੰਜਾਬ ਦਾ ਸਹਿ-ਰ ਸੂਬਾ ਐਲਾਨਿਆ ਅਤੇ ਪੰਜਾਬ ਦੇ ਪਾਣੀਆਂ ਵਿੱਚ ਰਾਜਸਥਾਨ ਦੀ ਹਿੱਸੇਦਾਰੀ ਦਿਖਾਈ। ਇਸ ਤਰ੍ਹਾਂ 1955 ਵਿੱਚ ਕੇਂਦਰ ਦੀ ਕਾਂਗਰਸੀ ਹਕੂਮਤ ਨੇ ਗੈਰ-ਵਾਜਬ ਢੰਗ ਨਾਲ਼ ਰਾਜਸਥਾਨ ਨੂੰ ਪੰਜਾਬ ਦੇ ਪਾਣੀਆਂ ਦਾ ਹਿੱਸੇਦਾਰ ਬਣਾਲਿਆ। ਇਉਂ ਸਿੰਧ ਜਲ ਸਮਝੌਤੇ ਤੋਂ ਬਾਅਦ ਸਤਲੁਜ, ਰਾਵੀ ਅਤੇ ਬਿਆਸ ਦੇ ਪਾਣੀਆਂ ਉੱਤੇ ਹੱਕ ਚੜ੍ਹਦੇ ਪੰਜਾਬ ਦਾ ਸੀ। ਪਰ ਇਹ ਹੱਕ ਖੋਹ ਲਿਆ ਗਿਆ ਤੇ ਇਹ ਪਾਣੀ ਪੰਜਾਬ ਨੂੰ ਦੇਣ ਦੀ ਥਾਂ ਪੰਜਾਬ (ਸਮੇਤ ਹਰਿਆਣਾ), ਰਾਜਸਥਾਨ ਤੇ ਦਿੱਲੀ ਨੂੰ ਵੰਡਿਆ ਗਿਆ।

1961 ਵਿੱਚ ਜਦ ਅਜੇ ਹਰਿਆਣਾ ਪੰਜਾਬ ਦਾ ਹਿੱਸਾ ਹੀ ਸੀ, ਹਰਿਆਣੇ ਨੂੰ 19 ਲੱਖ ਏਕੜ ਫੁੱਟ ਪਾਣੀ ਦੇ ਦਿੱਤਾ। ਸੰਨ 1966 ਵਿੱਚ ਪੰਜਾਬ ਦੇ ਪੁਨਰ ਗਠਨ ਕਨੂੰਨ ਮੁਤਾਬਿਕ ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਦੋ ਨਵੇਂ ਸੂਬੇ ਹੋਂਦ ਵਿੱਚ ਆਏ। ਸੰਨ 1967 ਵਿੱਚ ਹਰਿਆਣਾ ਨੇ ਉਸ ਸਮੇਂ ਪੰਜਾਬ ਨੂੰ ਮਿਲ਼ ਰਹੇ 51 ਲੱਖ ਏਕੜ ਫੁੱਟ ਪਾਣੀ ਵਿੱਚੋਂ ਹੋਰ 29 ਲੱਖ ਏਕੜ ਫੁੱਟ ਪਾਣੀ ਦੀ ਮੰਗ ਕੀਤੀ। ਇਸ ਤਰ੍ਹਾਂ ਉਸਨੇ ਕੁੱਲ 48 ਲੱਖ ਏਕੜ ਫੁੱਟ ਪਾਣੀ ਉੱਤੇ ਦਾਅਵਾ ਕੀਤਾ। ਪੰਜਾਬ ਪੁਨਰ ਗਠਨ ਕਨੂੰਨੀ ਧਾਰਾਵਾਂ 78, 79 ਅਤੇ 80 ਮੁਤਾਬਿਕ ਪੰਜਾਬ ਦੇ ਦਰਿਆਵਾਂ, ਇਹਨਾਂ ਉੱਤੇ ਚਲਦੇ ਪ੍ਰੋਜੈਕਟਾਂ ਅਤੇ ਡੈਮਾਂ ਦਾ ਕੰਟਰੋਲ ਕੇਂਦਰ ਨੇ ਪੂਰੀ ਤਰ੍ਹਾਂ ਗੈਰਵਾਜਿਬ ਢੰਗ ਨਾਲ਼ ਆਪਣੇ ਹੱਥ ਵਿੱਚ ਲੈ ਲਿਆ। ਇਸ ਐਕਟ ਤਹਿਤ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਪੰਜਾਬ ਤੋਂ ਖੋਹਣਾ ਵੀ ਬੇਇਨਸਾਫੀ ਸੀ। ਸਿਰਫ ਪਾਣੀ ਨਹੀਂ ਸਗੋਂ ਬਿਜਲੀ ਦਾ ਹੱਕ ਵੀ ਪੰਜਾਬ ਤੋਂ ਖੋਹ ਲਿਆ ਗਿਆ। ਪਰ ਹਰਿਆਣੇ ਦੀ ਯਮਨਾ ਨਦੀ ਉੱਤੇ ਬਣੇ ਤਾਜੇਵਾਲਾ ਅਤੇ ਓਖਲਾ ਡੈਮਾਂ ਤੇ ਪ੍ਰੋਜੈਕਟਾਂ ਦਾ ਕੰਟਰੋਲ ਹਰਿਆਣਾ ਕੋਲ਼ ਹੀ ਰਹਿਣ ਦਿੱਤਾ। ਅਸਲ ਵਿੱਚ ਭਾਰਤੀ ਸੰਵਿਧਾਨ ਮੁਤਾਬਿਕ ਵੀ ਇਹਨਾਂ ਦਰਿਆਵਾਂ ਦੇ ਸਾਰੇ ਕੰਟਰੋਲ ਦਾ ਹੱਕ ਸੂਬਿਆਂ ਦਾ ਹੈ। ਇਸ ਤਰ੍ਹਾਂ ਹਰਿਆਣੇ ਨੂੰ ਯਮਨਾ ਨਦੀ ਦਾ ਕੰਟਰੋਲ ਮਿਲ਼ਣਾ ਗਲਤ ਨਹੀਂ ਸੀ। ਪਰ ਇਸੇ ਤਰਜ ਉੱਤੇ ਪੰਜਾਬ ਨੂੰ ਇਹ ਹੱਕ ਨਹੀਂ ਦਿੱਤਾ ਗਿਆ ਜੋ ਸਪੱਸ਼ਟ ਰੂਪ ਵਿੱਚ ਪੰਜਾਬ ਨਾਲ਼ ਬੇਇਨਸਾਫੀ ਸੀ। ਹਰਿਆਣਾ ਸਰਕਾਰ ਨੇ ਕੇਂਦਰ ਸਰਕਾਰ ਤੋਂ ਪੰਜਾਬ ਪੁਨਰਗਠਨ ਐਕਟ ਤਹਿਤ ਉਸਨੂੰ ਹੋਰ ਪਾਣੀ ਦੇਣ ਲਈ ਹੁਕਮ ਜਾਰੀ ਕਰਨ ਦੀ ਮੰਗ ਕੀਤੀ। ਐਮਰਜੰਸੀ ਦੌਰਾਨ 24 ਮਾਰਚ 1976 ਨੂੰ ਇੰਦਰਾ ਗਾਂਧੀ ਸਰਕਾਰ ਨੇ ਹਰਿਆਣੇ ਨੂੰ ਕੁੱਲ 35 ਲੱਖ ਏਕੜ ਫੁੱਟ ਪਾਣੀ ਦੇਣ ਦਾ ਹੁਕਮ ਜਾਰੀ ਕਰ ਦਿੱਤਾ। ਉਸ ਸਮੇਂ ਪੰਜਾਬ ਨੂੰ ਮਿਲ਼ ਰਿਹਾ 51 ਲੱਖ ਏਕੜ ਫੁੱਟ ਪਾਣੀ ਵਰਤਿਆ ਜਾ ਰਿਹਾ ਸੀ। ਸਗੋਂ ਪੰਜਾਬ ਪਾਣੀ ਤਾਂ ਲੁੱਟਿਆ ਜਾ ਰਿਹਾ ਸੀ। ਪਰ ਇਸਦੇ ਬਾਵਜੂਦ ਕੇਂਦਰ ਸਰਕਾਰ ਦੇ ਹੁਕਮ ਵਿੱਚ ਪੰਜਾਬ ਨੂੰ ਕਿਹਾ ਗਿਆ ਕਿ ਹਰਿਆਣੇ ਨੂੰ ਹਰ ਹਾਲਤ ਵਿੱਚ 35 ਲੱਖ ਏਕੜ ਫੁੱਟ ਪਾਣੀ ਦੇਣਾ ਹੀ ਪਵੇਗਾ। ਜੇਕਰ ਕੁਦਰਤੀ ਕਾਰਨਾਂ ਕਰਕੇ ਪਾਣੀ ਘੱਟ ਵੀ ਜਾਂਦਾ ਹੈ ਤਾਂ ਇਸਦਾ ਭਾਰ ਪੰਜਾਬ ਨੂੰ ਹੀ ਝੱਲਣਾ ਪਵੇਗਾ।ਪੰਜਾਬ ਨੂੰ ਕਿਹਾ ਗਿਆ ਕਿ ਉਹ ਸਤਲੁਜ ਯਮਨਾ ਲਿੰਕ ਨਹਿਰ ਦੀ ਉਸਾਰੀ ਕਰੇ। ਹਰਿਆਣਾ ਨੇ ਆਪਣੇ ਖੇਤਰ ਅੰਦਰ ਇਸ ਨਹਿਰ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ।

ਗਿਆਨੀ ਜੈਲ ਸਿੰਘ ਵੇਲੇ ਜੂਨ 1977 ਵਿੱਚ ਅਕਾਲੀ ਦਲ ਦੀ ਸਰਕਾਰ ਬਣੀ। ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣਿਆ। ਉਸਨੇ ਸਤਲੁਜ ਯਮਨਾ ਲਿੰਕ ਦੀ ਉਸਾਰੀ ਦਾ ਕੰਮ ਜੰਗੀ ਪੱਧਰ ਉੱਤੇ ਸ਼ੁਰੂ ਕਰਵਾਇਆ। ਅਕਾਲੀ ਸਰਕਾਰ ਨੇ 20 ਫਰਵਰੀ 1978 ਨੂੰ ਦਫਾ 17 ਤਹਿਤ ਜਮੀਨ ਜਬਤੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ। ਇਸ ਧਾਰਾ ਤਹਿਤ ਨੋਟੀਫਿਕੇਸ਼ਨ ਉਦੋਂ ਜਾਰੀ ਹੁੰਦਾ ਹੈ ਜਦੋਂ ਹੰਗਾਮੀ ਹਾਲਤ ਵਿੱਚ ਸਰਕਾਰ ਨੂੰ ਜਮੀਨ ਦੀ ਲੋੜ ਹੋਵੇ। 04 ਜੁਲਾਈ 1978 ਨੂੰ ਚਿੱਠੀ ਜਾਰੀ ਕਰਕੇ ਹਰਿਆਣਾ ਸਰਕਾਰ ਤੋਂ 3 ਕਰੋੜ ਰੁਪਏ ਦੀ ਮੰਗ ਵੀ ਕਰ ਦਿੱਤੀ। ਇਸ ਤੋਂ ਪਤਾ ਲੱਗਦਾ ਹੈ ਕਿ ਜੋ ਸ਼੍ਰੋਮਣੀ ਅਕਾਲੀ ਦਲ ਪਾਣੀਆਂ ਦੇ ਰਾਖੇ ਵਜੋਂ ਖੁਦ ਨੂੰ ਪੇਸ਼ ਕਰਦਾ ਹੈ ।ਪੰਜਾਬ ਅੰਦਰ ਇਸ ਫੈਸਲੇ ਦਾ ਵਿਰੋਧ ਹੋਣਾ ਸੁਭਾਵਿਕ ਸੀ। ਇਸਦਾ ਵਿਰੋਧ ਹੋਇਆ। ਅਕਾਲੀ ਸਰਕਾਰ ਨੇ ਦਬਾਅ ਹੇਠ ਸੁਪਰੀਮ ਕੋਰਟ ਵਿੱਚ ਇਸ ਸਮਝੌਤੇ ਖਿਲਾਫ ਕੇਸ ਦਾਇਰ ਕੀਤਾ।

1980 'ਚ ਪੰਜਾਬ 'ਚ ਕਾਂਗਰਸ ਦੀ ਸਰਕਾਰ ਬਣੀ ਤਾਂ ਇੰਦਰਾ ਗਾਂਧੀ ਨੇ 31 ਦਸੰਬਰ 1981 ਨੂੰ ਤਿੰਨਾਂ ਸੂਬਿਆਂ ਦੇ ਕਾਂਗਰਸੀ ਮੁੱਖ ਮੰਤਰੀਆਂ ਦਰਬਾਰਾ ਸਿੰਘ (ਪੰਜਾਬ), ਭਜਨ ਲਾਲ (ਹਰਿਆਣਾ), ਸ਼ਿਵ ਚਰਨ ਮਾਥੁਰ (ਰਾਜਸਥਾਨ) ਨੂੰ ਸੱਦ ਕੇ ਸਮਝੌਤਾ ਕਰਵਾਇਆ ਗਿਆ। ਇਸ ਨਾਲ਼ 24 ਮਾਰਚ 1976 ਵਾਲ਼ਾ ਹੁਕਮ ਸਮਝੌਤੇ ਵਿੱਚ ਬਦਲ ਦਿੱਤਾ ਗਿਆ। ਪੰਜਾਬ ਨੂੰ ਦੋ ਸਾਲਾਂ ਅੰਦਰ ਸਤਲੁਜ-ਯਮਨਾ ਲਿੰਕ ਨਹਿਰ ਦੀ ਉਸਾਰੀ ਕਰਨ ਲਈ ਪਾਬੰਦ ਕੀਤਾ ਗਿਆ। 12 ਫਰਵਰੀ 1982 ਨੂੰ ਦਰਬਾਰਾ ਸਿੰਘ ਤੋਂ ਇੰਦਰਾ ਗਾਂਧੀ ਨੇ ਸੁਪਰੀਮ ਕੋਰਟ ਤੋਂ ਕੇਸ ਵੀ ਵਾਪਿਸ ਕਰਵਾ ਦਿੱਤਾ। ਅਪ੍ਰੈਲ 1982 ਕਪੂਰੀ ਤੋਂ ਇੰਦਰਾ ਗਾਂਧੀ ਨੇ ਕਹੀ ਨਾਲ਼ ਟੱਕ ਲਾ ਕੇ ਸਤਲੁਜ ਯਮਨਾ ਲਿੰਕ ਨਹਿਰ ਦੀ ਉਸਾਰੀ ਦਾ ਉਦਘਾਟਨ ਕੀਤਾ ਤੇ ਇਸ ਮੌਕੇ ਉਸਨੂੰ ਕਹੀ ਫੜਾਉਣ ਵਾਲਾ ਕੈਪਟਨ ਅਮਰਿੰਦਰ ਸਿੰਘ ਸੀ ਜੋ ਬਾਅਦ ਵਿੱਚ ਪੰਜਾਬ ਦੇ ਪਾਣੀ ਦੇ ਹੱਕਾਂ ਦੀ ਰਾਖੀ ਦਾ ਡਰਾਮਾ ਕਰ ਰਿਹਾ ਸੀ।

ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸੰਨ 1985 ਵਿੱਚ ਰਾਜੀਵ-ਲੌਂਗੋਵਾਲ ਸਮਝੌਤਾ ਹੋਇਆ, ਕਿਹਾ ਗਿਆ ਕਿ ਪੰਜਾਬ, ਹਰਿਆਣਾ ਅਤੇ ਰਾਜਸਥਾਨ ਨੂੰ ਓਨਾ ਪਾਣੀ ਮਿਲ਼ਦਾ ਰਹੇਗਾ ਜਿੰਨਾ ਉਹ ਪਹਿਲੀ ਜੁਲਾਈ 1985 ਨੂੰ ਲੈ ਰਹੇ ਸਨ। ਸਤਲੁਜ ਯਮਨਾ ਲਿੰਕ ਨਹਿਰ ਦੀ 15 ਅਗਸਤ 1986 ਤੱਕ ਪੂਰੀ ਕਰਨ ਦਾ ਫੈਸਲਾ ਕੀਤਾ ਗਿਆ। 1990 ਵਿੱਚ ਕੁੱਝ ਲੋਕਾਂ ਵੱਲੋਂ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰ ਰਹੇ ਮੁੱਖ ਇੰਜੀਨੀਅਰ, ਸਹਾਇਕ ਇੰਜੀਨੀਅਰ ਅਤੇ ਕਈ ਮਜਦੂਰਾਂ ਦਾ ਕਤਲ ਕਰ ਦਿੱਤਾ ਗਿਆ। ਇਸਤੋਂ ਬਾਅਦ ਇਸ ਨਹਿਰ ਦੀ ਉਸਾਰੀ ਦਾ ਕੰਮ ਰੁਕ ਗਿਆ।

2004 ਵਿੱਚ ਕਾਗਰਸ ਦੀ ਸਰਕਾਰ ਪਾਣੀਆਂ ਸਬੰਧੀ ਸਾਰੇ ਸਮਝੌਤੇ ਰੱਦ ਕਰਨ ਵਾਲ਼ਾ ਕਨੂੰਨ ਵਿਧਾਨ ਸਭਾ ਵਿੱਚ ਪਾਸ ਕਰ ਦਿੱਤਾ। ਇਹ ਕਨੂੰਨ ਅਜੇ ਤੱਕ ਰਾਸ਼ਟਰਪਤੀ ਕੋਲ਼ ਮਨਜ਼ੂਰੀ ਲਈ ਪਿਆ ਹੈ। ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਦਾ ਇਹ ਵੀ ਇੱਕ ਚੋਣ ਸਟੰਟ ਹੀ ਸੀ। ਇਹ ਪਾਣੀਆਂ ਦੇ ਮਸਲੇ ਉੱਤੇ ਵੋਟ ਸਿਆਸਤ ਵਿੱਚ ਅਕਾਲੀ ਦਲ ਤੋਂ ਅੱਗੇ ਨਿੱਕਲਣ ਦੀ ਹੀ ਚਾਲ ਸੀ। ਨਵੰਬਰ 2016 ਵਿੱਚ ਵਿਧਾਨ ਸਭਾ ਵਿੱਚ ਮਤਾ ਪੇਸ਼ ਕੀਤਾ ਗਿਆ ਕਿ ਰਿਪੇਰੀਅਨ ਸਿਧਾਂਤ ਮੁਤਾਬਿਕ ਪੰਜਾਬ ਦੇ ਪਾਣੀਆਂ ਉੱਤੇ ਸਿਰਫ ਪੰਜਾਬ ਦਾ ਹੱਕ ਹੈ ਅਤੇ ਹਰਿਆਣਾ, ਦਿੱਲੀ ਅਤੇ ਰਾਜਸਥਾਨ ਨੂੰ ਜਾਂਦੇ ਪਾਣੀ ਦੇ ਬਿੱਲ ਵਸੂਲੇ ਜਾਣਗੇ। ਐਸ.ਵਾਈ.ਐਲ. ਨਹਿਰ ਲਈ ਜਬਤ ਕੀਤੀਆਂ ਜਮੀਨਾਂ ਵਾਪਿਸ ਕਰ ਦਿੱਤੀਆਂ ਗਈਆਂ ਅਤੇ ਪੱਟੀ ਨਹਿਰ ਪੂਰ ਦਿੱਤੀ ਗਈ।

ਆਮ ਆਦਮੀ ਪਾਰਟੀ ਵੀ ਇਹਨਾਂ ਦੀ ਪੈੜ 'ਚ ਪੈੜ ਰੱਖ ਕੇ ਹੀ ਚੱਲ ਰਹੀ ਹੈ। ਹਰਿਆਣਾ ਵਿੱਚ ਆਪ ਦੇ ਨੁਮਾਇੰਦੇ ਹਰਿਆਣੇ ਦੇ ਹੱਕ 'ਚ ਬੋਲਦੇ ਹਨ ਤੇ ਪੰਜਾਬ ਦੇ ਨੁਮਾਇੰਦੇ ਪੰਜਾਬ ਦੇ ਹੱਕ 'ਚ। ਕੇਜਰੀਵਾਲ ਵੀ ਕਦੇ ਪੰਜਾਬ ਦੇ ਖਿਲਾਫ ਬੋਲਦਾ ਹੈ ਤੇ ਕਦੇ ਗੋਲ਼-ਮੋਲ਼ ਗੱਲ ਕਰਦਾ ਹੈ, ਪਰ ਇੱਕ ਵਾਰ ਵੀ ਉਸਨੇ ਡਟਕੇ ਪੰਜਾਬ ਦੇ ਹੱਕ ਦੀ ਗੱਲ ਨਹੀਂ ਕੀਤੀ। ਹੁਣ ਵਿਧਾਨ ਸਭਾ ਵਿੱਚ ਪੰਜਾਬ ਸਰਕਾਰ ਇਹ ਆਖ ਕੇ ਸਤਲੁਜ ਯਮਨਾ ਲਿੰਕ ਨਹਿਰ ਦਾ ਵਿਰੋਧ ਕਰ ਰਹੀ ਹੈ ਕਿ ਪੰਜਾਬ ਕੋਲ਼ ਵਾਧੂ ਪਾਣੀ ਨਹੀਂ ਹੈ ? ਪੰਜਾਬ ਕੋਲ਼ ਪਾਣੀ ਵਾਧੂ ਹੁੰਦਾ ਤਾਂ ਫੇਰ ਉਹ ਇਸਦੀ ਉਸਾਰੀ ਲਈ ਸਹਿਮਤੀ ਦਿੰਦੇ ? ਪੰਜਾਬ ਦੇ ਦਰਿਆਵਾਂ ਦਾ ਜਿਹੜਾ ਪਾਣੀ ਪਹਿਲਾਂ ਤੋਂ ਨਿਹੱਕੇ ਤੌਰ 'ਤੇ ਰਾਜਸਥਾਨ, ਹਰਿਆਣਾ ਤੇ ਦਿੱਲੀ ਨੂੰ ਜਾ ਰਿਹਾ ਹੈ ਉਸ ਬਾਰੇ ਆਮ ਆਦਮੀ ਪਾਰਟੀ ਬਿਲਕੁਲ ਚੁੱਪ ਹੈ ਸਗੋਂ ਇਹ ਤਾਂ ਰਾਜਸਥਾਨ ਨੂੰ ਜਾਂਦੀਆਂ ਨਹਿਰਾਂ ਪੱਕੀਆਂ ਕਰਕੇ ਦੇ ਰਹੀ ਹੈ ਤਾਂ ਜੋ ਰਾਜਸਥਾਨ ਵੱਲੋਂ ਲੁੱਟੇ ਜਾ ਰਹੇ ਪਾਣੀ ਦੀ ਇੱਕ ਬੂੰਦ ਵੀ ਪੰਜਾਬ ਦੀ ਧਰਤੀ ਅੰਦਰ ਸਿੰਮ ਨਾ ਜਾਵੇ।

ਸਿਰਫ ਸਤਲੁਜ ਯਮਨਾ ਲਿੰਕ ਨਹਿਰ ਗਲਤ ਹੈ ਸਗੋਂ ਪੰਜਾਬ ਦੇ ਦਰਿਆਈ ਪਾਣੀਆਂ ਦੀ ਪੂਰੀ ਵੰਡ ਹੀ ਅਨਿਆਈਂ ਹੈ ਤੇ ਸਾਰੇ ਪਾਣੀ ਦਾ ਹੱਕ ਪੰਜਾਬ ਨੂੰ ਮਿਲ਼ਣਾ ਚਾਹੀਦਾ ਹੈ। ਸੰਵਿਧਾਨ ਮੁਤਾਬਕ ਦਰਿਆਈ ਪਾਣੀਆਂ ਦਾ ਮਸਲਾ ਸੂਬਿਆਂ ਦਾ ਮਸਲਾ ਹੈ,ਸਰਕਾਰ ਦਾ ਇਸ ਵਿੱਚ ਦਖਲ ਗੈਰ-ਸੰਵਿਧਾਨਿਕ ਵੀ ਹੈ। ਪੰਜਾਬ ਸਮੇਤ ਸਭ ਕੌਮਾਂ ਦੇ ਕਿਰਤੀ ਲੋਕਾਂ ਨੂੰ ਸਭ ਕੌਮਾਂ ਲਈ ਬਰਾਬਰੀ ਤੇ ਇਨਸਾਫ ਦੇ ਹੱਕ ਵਿੱਚ ਆਪਣੀ ਅਵਾਜ ਬੁਲੰਦ ਕਰਨੀ ਚਾਹੀਦੀ ਹੈ ਅਤੇ ਸੂਬਿਆਂ ਦੇ ਹੱਕਾਂ ਉਪਰ ਸਰਕਾਰ ਵੱਲੋਂ ਮਾਰੇ ਜਾਂਦੇ ਡਾਕਿਆਂ ਦਾ ਵੀ ਵਿਰੋਧ ਕਰਨਾ ਚਾਹੀਦਾ ਹੈ। ਇਸੇ ਤਹਿਤ ਪੰਜਾਬ ਦੇ ਦਰਿਆਈ ਪਾਣੀਆਂ ਦੇ ਹੱਕ ਦੀ ਰਾਖੀ ਲਈ ਪੰਜਾਬ ਦੇ ਕਿਰਤੀ ਲੋਕਾਂ ਨੂੰ ਇੱਕਮੁੱਠ ਹੋਣਾ ਚਾਹੀਦਾ ਹੈ ਤੇ ਨਾਲ਼ ਹੀ ਸਰਮਾਏਦਾਰਾ ਵੋਟ ਪਾਰਟੀਆਂ ਦੀ ਦੋਗਲੀ ਤੇ ਭਰਮਾਊ ਸਿਆਸਤ ਤੋਂ ਵੀ ਖਬਰਦਾਰ ਰਹਿਣਾ ਚਾਹੀਦਾ ਹੈ

ਪੰਜਾਬ ਦੇ ਦਰਿਆਵਾਂ ਦੇ ਨਾਲ਼-ਨਾਲ਼ ਪੰਜਾਬੀ ਕੌਮ ਦੇ ਹੋਰ ਮਸਲੇ (ਭਾਸ਼ਾ ਦੇ ਅਧਾਰ 'ਤੇ ਪੰਜਾਬੀ ਸੂਬੇ ਦਾ ਮੁੜ-ਗਠਨ, ਪੰਜਾਬ ਦੇ ਡੈਮਾਂ ਦਾ ਪੂਰਨ ਕੰਟਰੋਲ, ਪੰਜਾਬ ਯੂਨੀਵਰਸਿਟੀ ਤੇ ਰਾਜਧਾਨੀ ਚੰਡੀਗੜ੍ਹ ਉੱਪਰ ਪੂਰਨ ਹੱਕ) ਭਾਰਤ ਵਿਚਲੀਆਂ ਬਾਕੀ ਕੌਮਾਂ ਦੇ ਮਸਲੇ ਨਾਲ਼ੋਂ ਟੁੱਟੇ ਨਹੀਂ ਹੋਏ ਸਗੋਂ ਲੱਗਭੱਗ ਸਭ ਕੌਮਾਂ ਹੀ ਵੱਧ ਜਾਂ ਘੱਟ ਰੂਪ ਵਿੱਚ ਭਾਰਤ ਦੀ ਰਾਜ ਸੱਤ ?ਹਾ ਵੱਲੋਂ ਨਪੀੜੀਆਂ ਗਈਆਂ ਹਨ। ਅਜਿਹੀ ਸਾਂਝ ਉਸਾਰਨ ਲਈ ਵੀ ਯਤਨਸ਼ੀਲ ਹੋਣ ਦੀ ਲੋੜ ਹੈ। ਕੌਮਾਂ ਦੇ ਸਬੰਧ ਵਿੱਚ ਇਹ ਉਹ ਮੰਗਾਂ ਹਨ ਜੋ ਭਾਰਤ ਦੀ ਰਾਜ ਸੱਤ ?ਹਾ ਖਿਲਾਫ ਸਭ ਕੌਮਾਂ ਦੀਆਂ ਸਾਂਝੀਆਂ ਮੰਗਾਂ ਬਣਦੀਆਂ ਹਨ ।

ਖੋਜਕਰਤਾ ਆਫਿਸਰ

# ਭਾਰਤ ਅਤੇ ਸਮਾਜਵਾਦ - ਪ੍ਰੋ. ਆਨੰਦ ਤੇਲਤੁੰਬੜੇ ਦੀ ਕਲਮ ਤੋਂ

## ਆਨੰਦ ਤੇਲਤੁੰਬੜੇ ਉਨ੍ਹਾਂ ਬੁੱਧੀਜੀਵੀਆਂ ਵਿੱਚ ਸ਼ਾਮਿਲ ਹੈ ਜਿਸ ਦੇ ਮੋਬਾਇਲ ਵਿੱਚ ਪੈਗਾਸਸ ਸਾਫਟਵੇਅਰ ਦੀ ਵਰਤੋਂ ਹੋਈ ਅਤੇ ਉਹਨਾਂ ਝੂਠੇ ਸਬੂਤਾਂ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ



ਅਮਰ ਕ੍ਰਾਂਤੀ
ਪੰਜਾਬ ਸਟੂਡੈਂਟਸ ਯੂਨੀਅਨ

ਡਾ. ਭੀਮ ਰਾਓ ਅੰਬੇਡਕਰ ਭਾਰਤ-ਪਾਕਿ ਦੇ ਸਾਂਝੇ ਚਿੰਤਕ ਸਨ। ਪਰ ਭਾਰਤੀ ਉਪਮਹਾਂਦੀਪ ਦੇ ਅਜੋਕੇ ਭਾਰਤ ਵਿੱਚ ਹੀ ਅੰਬੇਡਕਰ ਦਲਿਤ ਚਿੰਤਕ ਵੱਜੋਂ ਉਭਰ ਸਕੇ। ਇਸਦਾ ਇੱਕ ਕਾਰਨ ਭਾਰਤੀ ਸੰਵਿਧਾਨ ਕਮੇਟੀ ਵਿੱਚ ਹੋਣ ਅਤੇ ਸੰਵਿਧਾਨ ਨਿਰਮਾਤਾ ਹੋਣਾ ਸੀ। ਪਰ ਉਹਨਾਂ ਦਾ ਭਾਰਤੀ ਉਪ-ਮਹਾਂਦੀਪ ਜਾਂ ਦੱਖਣੀ ਏਸ਼ੀਆਈ ਮੁਲਕਾਂ ਵਿੱਚ ਨਾ ਉਭਰਨ ਦੇ ਕਈ ਕਾਰਨਾਂ ਵਿੱਚੋਂ ਦੋ ਕਾਰਨ ਮੁੱਖ ਰੂਪ ਵਿੱਚ ਵਿਚਾਰਨਯੋਗ ਹਨ। ਪਹਿਲਾਂ ਅੰਬੇਡਕਰਵਾਦੀਆਂ ਦੀਆਂ ਸੰਕੀਰਨਤਾ ਅਤੇ ਦੂਸਰਾ ਅੰਬੇਡਕਰਵਾਦੀ ਅੰਦੋਲਨ ਦਾ ਕਿਸੇ ਅੰਤਰ-ਰਾਸ਼ਟਰੀ ਅੰਦੋਲਨ ਨਾਲ ਇਕਸੁਰਤਾ ਦੀ ਬਜਾਇ ਵਿਰੋਧਤਾ।ਜਦ ਅਸੀਂ ਅੰਤਰ-ਰਾਸ਼ਟਰੀ ਅੰਦੋਲਨ ਦੀ ਗੱਲ ਕਰਦੇ ਹਾਂ ਤਾਂ ਸਿੱਧਾ ਸਿੱਧਾ ਮਤਲਬ ਕਮਿਊਨਿਸਟ ਅੰਦੋਲਨਾਂ ਪ੍ਰਤੀ ਅੰਬੇਡਕਰਵਾਦੀਆਂ ਦੁਆਰਾ ਅਪਣਾਈ ਗਈ ਉਦਾਸੀਨਤਾ ਹੈ। ਅੰਬੇਡਕਰ ਦੇ ਜਾਣ ਤੋਂ ਬਾਅਦ ਉਹ ਲੋਕ ਜੋ ਖੁਦ ਨੂੰ ਅੰਬੇਡਕਰ ਦੇ ਸੱਚੇ ਵਾਰਿਸ ਕਹਿੰਦੇ ਰਹੇ ਉਹਨਾਂ ਨੇ ਹਰ ਪ੍ਰਕਾਰ ਦੇ ਕਮਿਊਨਿਸਟ ਅੰਦੋਲਨ ਤੋਂ ਕਿਨਾਰਾ ਹੀ ਕੀਤਾ ਅਤੇ ਕਮਿਊਨਿਸਟਾਂ ਪ੍ਰਤੀ ਨਫਰਤ ਭਰਿਆ ਲਹਿਜ਼ਾ ਅਖਤਿਆਰ ਕੀਤਾ। ਇਸ ਪ੍ਰਕਾਰ ਲੋਕ ਮੁਕਤੀ ਲਈ ਲੜ ਰਹੀ ਵਿਚਾਰਧਾਰਾਵਾਂ ਇੱਕ ਸਾਂਝੀ ਲੜਾਈ ਦੇਣੋਂ ਅਸਮਰੱਥ ਰਹੀਆਂ। ਜਿਸਦਾ ਸਿੱਟਾ ਇਹ ਨਿਕਲਿਆਂ ਕਿ ਭਾਰਤੀ ਉਪ-ਮਹਾਂਦੀਪ ਦੇ ਬਾਕੀਆਂ ਦੇਸ਼ਾਂ ਵਿੱਚ ਅੰਬੇਡਕਰ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਵਿੱਚ ਕਮਜ਼ੋਰੀ ਆਈ। ਸਾਡੇ ਗੁਆਂਢੀ ਮੁਲਕ ਪਾਕਿਸਤਾਨ ਵਿੱਚ ਅੰਬੇਡਕਰਵਾਦੀ ਵਿਚਾਰਾਂ ਦੀ ਲਗਭਗ ਅਣਹੋਂਦ ਹੈ। ਅੰਬੇਡਕਰ ਨੂੰ ਸਿਰਫ ਸੰਵਿਧਾਨ ਨਾਲ ਜੋੜਣ ਕਰਕੇ ਉਹਨਾਂ ਦਾ ਖਾਸਾ ਨਿਰੋਲ ਰਾਸ਼ਟਰਵਾਦੀ ਹੋ ਨਿਬੜਿਆ ਜਦ ਕਿ ਉਹਨਾਂ ਦੇ ਵਿਚਾਰ ਉਹਨਾਂ ਸਥਾਨਾਂ ਉੱਪਰ ਸਾਰਥਿਕ ਹਨ ਜਿੱਥੇ ਜਿੱਥੇ ਜਾਤ ਦਾ ਕੋਹੜ ਹੈ। ਬੀਤੇ ਦਿਨੀਂ ਪਾਕਿਸਤਾਨੀ ਕ੍ਰਿਕੇਟ ਵਸੀਮ ਅਕਰਮ ਇੱਕ ਪ੍ਰੋਗਰਾਮ ਵਿੱਚ ਬੋਲਦਿਆਂ ਕਿਹਾ ਕਿ ਸਾਡੇ ਰੰਗ ਚਮਿਆਰਾ ਵਰਗੇ ਹੋ ਗਏ ਸਨ। ਜਿਸਦਾ ਭਾਰਤੀ ਦਲਿਤਾਂ ਵੱਲੋਂ ਬੁਰਾ ਮਨਾਇਆ ਗਿਆ। ਉਹਨਾਂ ਦਾ ਬੁਰਾ ਮਨਾਉਣਾ ਭਾਰਤ ਵਿੱਚ ਜਾਇਜ਼ ਹੈ, ਕਿਉਂਕਿ ਇੱਥੇ ਅੰਬੇਡਕਰ-ਫੂਲੇ ਦੁਆਰਾ ਫੈਲਾਈ ਗਈ ਜਾਤੀ ਚੇਤਨਾ ਮੌਜੂਦ ਹੈ। ਪਰ ਅੰਬੇਡਕਰਵਾਦੀਆਂ ਨੇ ਅੰਬੇਡਕਰ ਨੂੰ ਭਾਰਤ ਤੱਕ ਸੀਮਿਤ ਕਰਕੇ ਪਾਕਿਸਤਾਨ ਵਿੱਚ ਰਹਿ ਰਹੇ ਦਲਿਤਾਂ ਦੇ ਹਿੱਸੇ ਦੀ ਜਾਤੀ ਚੇਤਨਾ ਨੂੰ ਬੰਨ੍ਹ ਮਾਰਿਆ ਹੈ। ਜਿਸ ਕਰਕੇ ਪਾਕਿਸਤਾਨ ਵਿੱਚ ਰਹਿ ਰਹੇ ਦਲਿਤ ਦੋਹਰੀ ਗ਼ੁਲਾਮੀ ਦੀ ਜ਼ਿੰਦਗੀ ਜੀਅ ਰਹੇ ਹਨ। ਦੋਹਰੀ ਗੁਲਾਮੀ ਤੋਂ ਭਾਵ ਬਤੌਰ ਹਿੰਦੂ ਉਹ ਜਾਤੀ-ਵਿਵਸਥਾ ਦੇ ਗ਼ੁਲਾਮ ਹਨ ਅਤੇ ਦੂਸਰਾ ਉਹ ਮੁਸਲਮਾਨ ਨਾ ਹੋਣ ਕਰਕੇ ਦੂਸਰੇ ਦਰਜੇ ਦੇ ਨਾਗਰਿਕ ਬਣ ਕੇ ਜ਼ਿੰਦਗੀ ਜਿਉਣ ਲਈ ਮਜ਼ਬੂਰ ਹਨ। ਉਹਨਾਂ ਨੂੰ ਜਾਤੀ ਚੇਤਨਾ ਅੰਬੇਡਕਰ ਦੇ ਅੰਤਰ-ਰਾਸ਼ਟਰੀ ਹੋਣ ਨਾਲ ਹੀ ਮਿਲ ਸਕਦੀ ਹੈ, ਅਤੇ ਇਸਦਾ ਮੁੱਢ ਭਾਰਤ ਵਿੱਚ ਵੱਡੀ ਦਲਿਤ ਲਹਿਰ ਵਿੱਚੋਂ ਹੀ ਬੱਝ ਸਕਦਾ ਹੈ।ਪਰ ਇਹ ਉਨ੍ਹਾਂ ਸਮਾਂ ਮੁਮਕਿਨ ਨਹੀਂ ਜਿਨ੍ਹਾਂ ਸਮਾਂ ਜਾਤੀ ਰਾਸ਼ਟਰੀ ਲਹਿਰ ਦਾ ਤਾਲਮੇਲ ਅੰਤਰ-ਰਾਸ਼ਟਰੀ ਲਹਿਰ ਨਾਲ ਨਹੀਂ ਹੁੰਦਾ।

ਮਾਰਕਸ ਨੇ ਕਿਹਾ ਕਿ 'ਦੁਨੀਆਂ ਭਰ ਦੇ ਮਿਹਨਤਕਸ਼ੋ ਇੱਕ ਹੋ ਜਾਓ', ਇਸ ਨਾਅਰੇ ਵਿੱਚ ਮਜ਼ਦੂਰ ਲਹਿਰ ਦਾ ਅੰਤਰ-ਰਾਸ਼ਟਰੀ ਖਾਸਾ ਲੁਕਿਆ ਹੋਇਆ ਹੈ। ਇਹ ਨਾਅਰਾ ਭਾਵੇਂ ਜਰਮਨੀ ਜਾਂ ਇੰਗਲੈਂਡ ਵਿੱਚੋਂ ਮਾਰਿਆ ਗਿਆ ਹੋਵੇ ਪਰ ਇਸ ਦਾ ਅਸਰ ਰੂਸ, ਚੀਨ, ਕਿਊਬਾ ਸਮੇਤ ਦੁਨੀਆਂ ਦੇ ਮੁਖਤਲਿਫ ਦੇਸ਼ਾਂ ਵਿੱਚ ਹੋਇਆ। ਇੱਕ ਸਮੇਂ ਤੱਕ ਦੁਨੀਆਂ ਭਰ ਵਿੱਚ 'ਕਮਿਊਨਿਸਟ ਇੰਟਰਨੈਸ਼ਨਲ' ਵੀ ਹੋਂਦ ਵਿੱਚ ਰਹੀ। ਦੁਨੀਆਂ ਭਰ ਵਿੱਚ ਅੰਤਰ-ਰਾਸ਼ਟਰੀ ਘਟਨਾਵਾਂ ਉੱਪਰ ਪ੍ਰਤੀਕਿਰਿਆ ਦੇਣ ਵਾਲੀ ਤਾਕਤ ਅੱਜ ਕਮਿਊਨਿਸਟ ਹੈ। ਕਮਿਊਨਿਸਟਾਂ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਅੱਜ ਦੁਨੀਆਂ ਭਰ ਵਿੱਚ ਕੋਈ ਅਜਿਹਾ ਮੁਲਕ ਜਾਂ ਕੋਨਾ ਨਹੀਂ ਜਿੱਥੇ ਕਮਿਊਨਿਸਟ ਨਾ ਬੈਠਾ ਹੋਵੇ। ਕਮਿਊਨਿਸਟਾਂ ਵੱਲੋਂ ਲੜੇ ਜਾਂਦੇ ਅੰਦੋਲਨਾਂ ਦਾ ਖਾਸਾ ਅਤੇ ਇਸ ਦੀ ਚਰਚਾ ਅੰਤਰ-ਰਾਸ਼ਟਰੀ ਹੁੰਦੀ ਹੈ।

ਭਾਰਤੀ ਕਮਿਊਨਿਸਟਾਂ ਵਿੱਚ ਅੰਬੇਡਕਰ ਨੂੰ ਲੈ ਕੇ ਭਰਮ ਭੁਲੇਖੇ ਹਨ, ਅੰਬੇਡਕਰ ਨੂੰ ਸਮਝਣ ਵਿੱਚ ਭਾਰਤੀ ਕਮਿਊਨਿਸਟ ਬਹੁ-ਗਿਣਤੀ ਦੀ ਸਮਝ ਟਪਲਾ ਖਾ ਗਏ ਹਨ। ਜਿਸ ਕਰਕੇ ਭਾਰਤੀ ਕਮਿਊਨਿਸਟਾਂ ਵਿਚਕਾਰ ਅਤੇ ਅੰਬੇਡਕਰਵਾਦੀਆਂ ਵਿਚਕਾਰ ਇੱਕ ਦੂਰੀ ਪੈਦਾ ਹੋਈ। ਇਸ ਦੂਰੀ ਖਤਮ ਕਰਨ ਦਾ ਕੋਈ ਸੁਚੇਤ ਰੂਪ ਵਿੱਚ ਯਤਨ ਨਹੀਂ ਹੋਇਆ ਜਾਪਦਾ ਹੈ। ਇਸ ਦਾ ਇੱਕ ਵੱਡਾ ਕਾਰਨ ਭਾਰਤ ਅੰਦਰ ਦੋਹਾਂ ਅੰਦਰ ਭਾਰੂ ਸੋਧਵਾਦ ਹੈ।ਭਾਰਤੀ ਕਮਿਊਨਿਸਟ ਤਾਂ ਲੰਮੇ ਸਮੇਂ ਤੋਂ ਇਸ ਬਿਮਾਰੀ ਨਾਲ ਗ੍ਰਸਤ ਹਨ, ਪਰ ਇਸਦਾ ਮਤਲਬ ਇਹ ਨਹੀਂ ਕਿ ਅੰਬੇਡਕਰਵਾਦੀਆਂ ਵਿੱਚ ਅਜਿਹਾ ਕੋਈ ਰੋਗ ਨਹੀਂ ਹੈ।

ਅੰਬੇਡਕਰਵਾਦੀਆਂ ਨੂੰ ਕਮਿਊਨਿਸਟਾਂ ਬਾਰੇ ਪਾਲੇ ਵਹਿਮ-ਭਰਮਾਂ ਨੂੰ ਦੂਰ ਕਰਨਾ ਚਾਹੀਦਾ ਹੈ। ਇਸ ਸੰਬੰਧੀ ਉਹਨਾਂ ਨੂੰ ਅੰਬੇਡਕਰ ਨੂੰ ਅਤੇ ਮਾਰਕਸ ਨੂੰ ਇੱਕਠਿਆ ਪੜ੍ਹਨ ਦੀ ਲੋੜ ਹੈ।ਇਸ ਮਾਮਲੇ ਵਿੱਚ ਆਨੰਦ ਤੈਲਤੁੰਬੜੇ, ਇੱਕ ਨਾਮਵਰ ਅੰਬੇਡਕਰਵਾਦੀ ਬੁੱਧੀਜੀਵੀ ਦੇ ਤੌਰ 'ਤੇ ਉਭਰਦੇ ਹਨ। ਆਨੰਦ ਤੈਲਤੁੰਬੜੇ, ਕਿੱਤੇ ਵਜੋਂ ਭਾਰਤ ਪੈਟਰੋਲੀਅਮ ਵਿੱਚ ਐਗਜ਼ੀਕਿਊਟਵ ਅਤੇ ਪੈਟਰੋਨੇਟ ਇੰਡੀਆ ਲਿਮੀਟਿਡ ਵਿੱਚ ਮੈਨੇਜਿੰਗ ਡਾਇਰੈਕਟਰ ਰਹੇ। ਆਈ.ਆਈ.ਟੀ ਖੜ੍ਹਗਪੁਰ, ਅਤੇ ਇੰਸਟੀਚਿਊਟ ਆੱਫ ਮੈਨੇਜਮੈਂਟ ਵਿੱਚ ਉਹ ਪ੍ਰੋਫੈਸਰ ਦੇ ਤੌਰ ਤੇ ਸੇਵਾਵਾਂ ਨਿਭਾਉਂਦੇ ਰਹੇ ਹਨ।ਉਹ ਇਕਨਾਮਿਕਸ ਐਂਡ ਪੁਲੀਟਿਕਲ ਵੀਕਲੀ ਵਿੱਚ 'ਮਾਰਜਿਨ ਸਪੀਕ' ਨਾਮਕ ਕਾਲਮ ਲਿਖਦੇ ਰਹੇ ਹਨ। ਉਹਨਾਂ ਦੀ ਹੋਰਨਾਂ ਕਿਤਾਬਾਂ ਦੀ ਸੂਚੀ ਵਿੱਚ ਦੋ ਹੋਰ ਸੰਪਾਦਿਤ ਕਿਤਾਬਾਂ ਸ਼ੁਮਾਰ ਹੋਈਆਂ ਹਨ, ਜਿਸ ਵਿੱਚੋਂ 'ਭੀਮ ਰਾਓ ਅੰਬੇਡਕਰ ਭਾਰਤ ਔਰ ਸਾਮਯਵਾਦ' ਦਾ ਪੰਜਾਬੀ ਵਿੱਚ ਅਨੁਵਾਦ ਡਾ. ਕਰਮਜੀਤ ਸਿੰਘ ਨੇ ਕੀਤਾ ਹੈ।

ਇਸ ਕਿਤਾਬ ਦਾ ਹਾਸਲ ਇਹ ਹੈ ਕਿ ਲੰਮੇ ਸਮੇਂ ਤੋਂ ਅੰਬੇਡਕਰਵਾਦੀਆਂ ਅਤੇ ਕਮਿਊਨਿਸਟਾਂ ਵਿੱਚ ਪੈਦਾ ਖਾਈ ਨੂੰ ਭਰਨ ਦਾ ਇੱਕ ਸਾਰਥਕ ਯਤਨ ਹੈ। ਇਸ ਤੋਂ ਪਹਿਲਾਂ ਰੰਗਨਾਇਕਮਾ ਦੀ ਕਿਤਾਬ 'ਬੁੱਧ ਨਹੀਂ, ਅੰਬੇਡਕਰ ਨਹੀਂ, ਮਾਰਕਸ ਜਰੂਰੀ ਹੈ' ਚਰਚਿਤ ਸੀ। ਪਰ ਉਸ ਕਿਤਾਬ ਬਾਰੇ ਅੰਬੇਡਕਰਵਾਦੀਆਂ ਦਾ ਮੰਨਣਾ ਸੀ ਕਿ ਮਾਰਕਸਵਾਦੀਆਂ ਨੇ ਅੰਬੇਡਕਰ ਅਤੇ ਬੁੱਧ ਨੂੰ ਨਕਾਰ ਦਿੱਤਾ ਹੈ। ਕਿਉਂਕਿ ਇਹ ਕਿਤਾਬ ਦੋਹਾਂ ਧਿਰਾਂ ਵਿੱਚੋਂ ਇੱਕ ਹੀ ਪੜ੍ਹਦਾ ਹੈ ਤਾਂ ਅਜਿਹੇ ਵਿੱਚ ਉਹ ਕਿਤਾਬ ਉਹ ਖਾਈ ਨੂੰ ਪੂਰਨ ਦੀ ਬਜਾਇ ਡੂੰਘਾ ਕਰਨ ਅਹਿਸਾਸ ਕਰਵਾਉਂਦੀ ਹੈ।

ਭੀਮ ਰਾਓ ਅੰਬੇਡਕਰ ਭਾਰਤ ਅਤੇ ਸਾਮਵਾਦ ਕਿਤਾਬ ਜਿੱਥੇ ਇਸ ਡੂੰਘ ਨੂੰ ਭਰਨ ਦੀ ਕੋਸ਼ਿਸ਼ ਹੈ ਤਾਂ ਦੂਸਰੇ ਪਾਸੇ ਦੋਹਾਂ ਧਿਰਾਂ ਦਾ ਰਾਜਨੀਤਿਕ ਵਿਹਾਰ ਦਾ ਡੂੰਘਾ ਵਿਸ਼ਲੇਸ਼ਣ ਕਰ ਸਾਰਥਿਕ ਆਲੋਚਨਾ ਪੇਸ਼ ਕਰਦੀ ਹੈ। ਤੈਲਤੁੰਬੜੇ ਅਨੁਸਾਰ ਅੰਬੇਡਕਰ ਦਾ ਮਾਰਕਸਵਾਦ ਨਾਲ ਰਿਸ਼ਤਾ ਬੜ੍ਹਾ ਪੇਚੀਦਾ ਹੈ। ਦਲਿਤ ਅੰਦੋਲਨਾਂ ਨੇ ਅਤੇ ਮਾਰਕਸਵਾਦੀਆਂ ਨੇ ਇਸ ਪੇਚੀਦੀਗੀ ਨੂੰ ਹੱਲ ਕਰਨ ਦੀ ਬਜਾਇ ਇਸ ਨੂੰ ਹੋਰ ਪੇਚੀਦਾ ਬਣਾਇਆ ਹੈ। ਇਸ ਪੇਚੀਦਗੀ ਨੂੰ ਹੋਰ ਜ਼ਿਆਦਾ ਜਟਿਲ ਬਣਾਉਣ ਵਿੱਚ ਸਭ ਤੋਂ ਵੱਡਾ ਰੋਲ ਪ੍ਰਸੰਗ ਨਾਲੋਂ ਟੁੱਟੇ ਹਵਾਲਿਆਂ ਤੇ ਉਹਨਾਂ ਹਵਾਲਿਆਂ ਪਿਛੇ ਜੁੜੇ ਉਦੇਸ਼ਾਂ ਦਾ ਵੀ ਹੈ। ਇਹ ਉਦੇਸ਼ ਅੰਬੇਡਕਰ ਨੂੰ ਵੱਡਾ ਦਿਖਾਉਣ ਦੀ ਕੋਸ਼ਿਸ਼ ਵਿੱਚ ਇੱਕਲਾ ਕਰ ਦਿੰਦੇ ਹਨ। ਇਸ ਤਰ੍ਹਾਂ ਉਹ ਅੰਬੇਡਕਰ ਅਤੇ ਮਾਰਕਸ ਨੂੰ ਇੱਕ ਦੂਸਰੇ ਦੇ ਪਰਸਪਰ ਵਿਰੋਧੀ ਬਣਾ ਦਿੰਦੇ ਹਨ। ਅੰਬੇਡਕਰਵਾਦੀ




ਇਸ ਲੀਹ 'ਤੇ ਚੱਲਦੇ ਹੋਏ ਹਰ ਇੱਕ ਉਸ ਚੀਜ਼ ਨੂੰ ਨਕਾਰਨ ਤੱਕ ਜਾਂਦੇ ਹਨ ਜੋ ਮਾਰਕਸਵਾਦ ਨਾਲ ਜੁੜੀ ਹੋਈ ਹੈ। ਆਨੰਦ ਤੈਲਤੁੰਬੜੇ ਦਾ ਮੰਨਣਾ ਹੈ ਕਿ ਇਸ ਨਾਲ ਸਮੂਹ ਦਲਿਤ ਅੰਦੋਲਨ ਕਮਜ਼ੋਰ ਪੈ ਰਿਹਾ ਹੈ। ਇਸ ਕਮਜ਼ੋਰੀ ਦਾ ਮੁੱਖ ਸਰੋਤ ਮੱਧ ਵਰਗੀ ਸਿੱਖਿਅਤ ਦਲਿਤ ਵਰਗ ਹੈ। ਆਨੰਦ ਤੈਲਤੁੰਬੜੇ ਲਿਖਦਾ ਹੈ ਕਿ ਅੰਬੇਡਕਰ ਨੂੰ ਇਹਨਾਂ ਲੋਕਾਂ ਤੋਂ ਆਸ ਸੀ ਕਿ ਇਹ ਸਮੂਹ ਦਲਿਤ ਅੰਦੋਲਨ ਵਿੱਚ ਇੱਕ ਰੋਲ ਮਾਡਲ ਸਾਬਿਤ ਹੋਣਗੇ, ਪਰ ਇਹ ਅੰਬੇਡਕਰ ਦੀਆਂ ਉਹਨਾਂ ਆਸਾਂ ਉੱਪਰ ਖਰ੍ਹਾ ਉਤਰਨ ਵਿੱਚ ਅਸਫਲ ਹੋਏ ਹਨ। ਅੰਬੇਡਕਰ ਦੇ ਐਲਾਨੀਆਂ ਦੁਸ਼ਮਣ ਬ੍ਰਾਹਮਣਵਾਦ ਅਤੇ ਪੂੰਜੀਵਾਦ ਨੂੰ ਦਲਿਤਾਂ ਦੇ ਮਿੱਤਰ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ ਅਤੇ ਦੁਨੀਆਂ ਦੇ ਮਿਹਨਤਕਸ਼ ਆਵਾਮ ਦੇ ਅਧਿਕਾਰਾਂ ਦੀ ਲੜਾਈ ਲੜਨ ਵਾਲਿਆਂ ਨੂੰ ਦੁਸ਼ਮਣ ਦੇ ਰੂਪ ਵਿੱਚ ਤਾਂ ਅਜਿਹੇ ਸਮੇਂ ਬਿਨਾਂ ਸ਼ੱਕ ਇਹ ਕਿਹਾ ਜਾ ਸਕਦਾ ਹੈ ਕਿ ਦਲਿਤ ਅੰਦੋਲਨ ਦਾ ਪਤਨ ਹੋਇਆ ਹੈ। ਮਾਰਕਸਵਾਦੀਆਂ ਨੂੰ ਕੀਤੀ ਗਈ ਇਹੀ ਨਫਰਤ ਇਹਨਾਂ ਅੰਬੇਡਕਰਵਾਦੀਆਂ ਲਈ ਹਾਕਮ ਜਮਾਤ ਪਾਰਟੀਆਂ ਵਿੱਚ ਜਗ੍ਹਾ ਬਣਾਈ। ਇਹ ਲੋਕ ਇੱਕ ਪਾਸੇ ਸੱਤਾ ਦੇ ਸਾਰੇ ਵਿਸ਼ੇਸ਼ ਅਧਿਕਾਰਾਂ ਦਾ ਆਨੰਦ ਲੈਂਦੇ ਰਹੇ ਅਤੇ ਖੁਦ ਨੂੰ ਅੰਬੇਡਕਰਵਾਦੀ ਕਹਿ ਕੇ ਦਲਿਤ ਹਿੱਤ ਦੀ ਗੱਲ ਕਰਦਾ ਉਸਨੂੰ 'ਕਮਿਊਨਿਸਟ' ਕਹਿ ਕੇ ਤ੍ਰਿਸਕਾਰਦੇ ਰਹੇ।

ਆਨੰਦ ਤੈਲਤੁੰਬੜੇ ਅੰਬੇਡਕਰਵਾਦੀਆਂ ਵਿੱਚ ਆਏ ਇਸ ਸੱਜੇਪੱਖੀ ਭਟਕਾਵਾਂ ਦੀ ਇਤਿਹਾਸਿਕ ਪਰਿਪੇਖ ਵਿੱਚ ਨਿਸ਼ਾਨਦੇਹੀ ਕਰਦਾ ਹੈ ਅਤੇ ਇਸ ਦੇ ਜ਼ਿੰਮੇਵਾਰ ਕਾਰਨਾਂ ਦੀ ਪੜਚੋਲ ਕਰਦਾ ਹੈ। ਇਹ ਭਟਕਾਅ ਉਘੜਵੇਂ ਰੂਪ ਵਿੱਚ ਅੰਬੇਡਕਰ ਦੀ ਮੌਤ ਤੋਂ ਬਾਅਦ ਸਾਹਮਣੇ ਆਇਆ ਜਿਸ ਬਾਰੇ ਲਿਖਦਿਆਂ ਤੈਲਤੁੰਬੜੇ ਲਿਖਦਾ ਹੈ ਕਿ ਅੰਬੇਡਕਰ ਦੀ ਮੌਤ ਤੋਂ ਬਾਅਦ ਰਿਪਬਲਿਕ ਪਾਰਟੀ ਆੱਫ ਇੰਡੀਆ ਦਾ ਗਠਨ ਹੋਇਆ। ਇਸ ਦੇ ਗਠਨ ਤੋਂ ਇੱਕ ਸਾਲ ਬਾਅਦ ਆਰ.ਪੀ.ਆਈ ਦੋ ਗੁੱਟਾਂ ਵਿੱਚ ਵੰਡਿਆ ਗਿਆ। ਬੀ.ਸੀ. ਕਾਂਬਲੇ ਅਤੇ ਦਾਦਾ ਸਾਹਿਬ ਗਾਇਕਵਾੜ ਦੋ ਧੜੇ ਬਣੇ। ਬੀ.ਸੀ ਕਾਂਬਲੇ ਦੇ ਧੜੇ ਦਾ ਇਹ ਮੰਨਣਾ ਸੀ ਕਿ ਕਿਉਂਕਿ ਸੰਵਿਧਾਨ ਅੰਬੇਡਕਰ ਨੇ ਦਿੱਤਾ ਹੈ ਇਸ ਲਈ ਦਲਿਤ ਸੰਘਰਸ਼ ਦੀ ਪਰਿਕਲਪਨਾ ਸੰਵਿਧਾਨਕ ਢਾਂਚੇ ਅੰਦਰ ਹੀ ਕੀਤੀ ਜਾਣੀ ਚਾਹੀਦੀ ਹੈ। ਦੂਸਰੇ ਪਾਸੇ ਗਾਇਕਵਾੜ ਧੜ੍ਹਾ ਸੀ ਜਿਸਨੇ ਦਲਿਤਾਂ ਦੀ ਮੁਕਤੀ ਲਈ ਜ਼ਮੀਨ ਦੇ ਮੁੱਦੇ ਨੂੰ ਮਹੱਤਵਪੂਰਨ ਮੰਨਿਆ। ਉਹ ਜ਼ਮੀਨ ਦੀ ਮੁੜ ਵੰਡ ਲਈ ਅੰਦੋਲਨ ਛੇੜਨਾ ਚਾਹੁੰਦੇ ਸਨ। ਪਰ ਕਾਂਬਲੇ ਧਿਰ ਵੱਲੋਂ ਗਾਇਕਵਾੜ ਧੜੇ ਨੂੰ ਕਮਿਊਨਿਸਟਾਂ ਤੋਂ ਪ੍ਰਭਾਵਿਤ ਦੱਸਿਆ। ਗਾਇਕਵਾੜ ਦੀ ਅਗਵਾਈ ਵਿੱਚ 2 ਵੱਡੇ ਜ਼ਮੀਨ ਸੱਤਿਆਗ੍ਰਹਿ ਅੰਦੋਲਨ ਚਲਾਏ ਗਏ ਜਿਸ ਵਿੱਚ 1959 ਦਾ ਖਾਨਦੇਸ਼-ਮਰਾਠਵਾੜਾ ਖੇਤਰ ਵਿੱਚ ਹੋਇਆ ਸੱਤਿਆਗ੍ਰਹਿ ਜਿਸ ਵਿੱਚ ਦਲਿਤਾਂ ਦੇ ਨਾਲ ਨਾਲ ਕਮਿਊਨਿਸਟ ਅਤੇ ਸਮਾਜਵਾਦੀ ਵੀ ਜੇਲ੍ਹ ਵਿੱਚ ਗਏ ਤਾਂ ਦੂਸਰਾ ਦੇਸ਼ ਵਿਆਪੀ ਸੱਤਿਆਗ੍ਰਹਿ 1964-65 ਵਿੱਚ ਹੋਇਆ। ਦੂਸਰੇ ਪਾਸੇ ਕਾਂਬਲੇ ਘੱਟ ਗਿਣਤੀ ਵਿੱਚ ਸੀ ਅਤੇ ਇਸ ਵਿੱਚ ਮੌਕਾਪ੍ਰਸਤ ਤੱਤਾਂ ਨੂੰ ਆਰ.ਪੀ.ਆਈ ਸੱਤਾਧਾਰੀ ਕੈਂਪ ਵਿੱਚ ਜਾਣ ਲਈ ਮੌਕਾ ਦਿੱਤਾ। ਇਹਨਾਂ ਘਟਨਾਵਾਂ ਨੂੰ ਦੇਖ ਹਾਕਮ ਜਮਾਤ ਨੇ ਮੌਕੇ ਦਾ ਫਾਇਦਾ ਉਠਾਇਆ ਅਤੇ ਪੈਰੀਂ ਖੜ੍ਹੇ ਦਲਿਤ ਅੰਦੋਲਨ ਦੇ ਪਤਨ ਵਿੱਚ ਤੇਜ਼ੀ ਲਿਆਉਂਦੀ। ਆਨੰਦ ਤੈਲਤੁੰਬੜੇ ਦਾ ਮੰਨਣਾ ਹੈ ਕਿ ਇਹ ਸੱਜੇਪੱਖੀ ਰੁਝਾਨ ਨੇ ਨਵੀਆਂ ਪੈਦਾ ਹੋ ਰਹੀਆਂ ਦਲਿਤ ਅੰਦੋਲਨ ਦੀਆਂ ਸੰਭਾਵਨਾਵਾਂ ਨੂੰ ਖਤਮ ਕਰਨ ਦਾ ਯਤਨ ਕੀਤਾ। ਜਿਸ ਦੀ ਮਿਸਾਲ ਅਮਰੀਕਾ ਦੇ ਬਲੈਕ ਪੈਂਥਰ ਦੀ ਤਰਜ਼ 'ਤੇ ਬਣੇ ਦਲਿਤ ਪੈਂਥਰ ਖਿਲਾਫ ਭੰਡੀ ਪ੍ਰਚਾਰ ਸੀ। ਦਲਿਤ ਪੈਂਥਰ ਖਿਲਾਫ ਅੰਬੇਡਕਰਵਾਦੀਆਂ ਦੇ ਇਸ ਸੱਜੇਪੱਖੀ ਧੜ੍ਹੇ ਨੇ 'ਸੰਵਿਧਾਨਿਕ ਰਾਹ ਅਤੇ ਬੋਧ ਮਾਰਗ' ਤੋਂ ਭਟਕਣ ਦਾ ਇਲਜ਼ਾਮ ਲਗਾਇਆ। ਇਸ ਅੰਦਰੂਨੀ ਫੁੱਟ ਦਾ ਅਜੋਕੇ ਸੰਦਰਭ ਵਿੱਚ ਜੇਕਰ ਸਭ ਤੋਂ ਵੱਧ ਲਾਹਾ ਕਿਸੇ ਨੂੰ ਮਿਲਿਆ ਤਾਂ ਬੀਜੇਪੀ ਨੂੰ ਮਿਲਿਆ। ਭਾਵੇਂ ਬੀਜੇਪੀ ਉਸ ਵਿਚਾਰਧਾਰਾ ਨਾਲ ਲੈੱਸ ਪਾਰਟੀ ਹੈ ਜਿਸਦਾ ਵਿਰੋਧ ਸਾਰੀ ਉਮਰ ਅੰਬੇਡਕਰ ਨੇ ਕੀਤਾ ਪਰ ਬਾਵਜੂਦ ਇਸਦੇ ਦਲਿਤਾਂ ਦੇ ਕਈ ਆਗੂ ਇਸ ਪਾਰਟੀ ਦੇ ਕਲਾਵੇ ਵਿੱਚ ਜਾ ਰਹੇ ਹਨ। ਆਨੰਦ ਤੈਲਤੁੰਬੜੇ ਟਿੱਪਣੀ ਕਰਦਾ ਕਹਿੰਦਾ ਹੈ ਕਿ ਦਲਿਤਾਂ ਦਾ ਪ੍ਰਤੀਕਿਰਿਆਵਾਦੀ ਤੱਤ ਬ੍ਰਾਹਮਣਵਾਦੀ ਪਾਰਟੀ 'ਚ ਜਾ ਸਕਦਾ ਹੈ ਪਰ ਕਮਿਊਨਿਸਟਾਂ ਤੋਂ ਦੂਰ ਰਹਿਣਾ ਚਾਹੁੰਦਾ ਹੈ। ਇਸ ਤਰ੍ਹਾਂ ਦੇ ਝੂਠੇ ਅੰਬੇਡਕਰਵਾਦੀਆਂ ਦੇ ਗਲਤ ਪ੍ਰਚਾਰ ਦੀ ਭੇਂਟ ਅੰਬੇਡਕਰ ਦਾ ਰਿਸ਼ਤੇਦਾਰ ਪ੍ਰਕਾਸ਼ ਅੰਬੇਡਕਰ ਵੀ ਚੜ੍ਹਿਆ ਹੈ। ਜਿਸ ਨੂੰ ਮਾਓਵਾਦੀ ਹਮਦਰਦ ਕਹਿ ਕੇ ਹਾਕਮ ਜਮਾਤ ਅਤੇ ਇਹਨਾਂ ਸੱਜੇਪੱਖੀ ਅੰਬੇਡਕਰਵਾਦੀਆਂ ਨੇ ਵੀ ਪ੍ਰਚਾਰਿਆ ਹੈ।

ਅੰਬੇਡਕਰ ਦਾ ਮਾਰਕਸਵਾਦ ਨਾਲ ਰਿਸ਼ਤਾ ਭਾਂਵੇ ਪੇਚੀਦਾ ਰਿਹਾ ਹੈ। ਇਸ ਬਾਰੇ ਰੰਗਨਾਇਕਮਾ ਦੀ ਧਾਰਨਾ ਵੀ ਠੀਕ ਜਾਪਦੀ ਹੈ ਕਿ ਅੰਬੇਡਕਰ ਦਾ ਮਾਰਕਸਵਾਦ ਬਾਰੇ ਅਧਿਐਨ ਸੀਮਿਤ ਸੀ। ਪਰ ਇਸ ਦੇ ਬਾਵਜੂਦ ਆਨੰਦ ਤੈਲਤੁੰਬੜੇ ਦੇ ਮੁਤਾਬਿਕ ਅੰਬੇਡਕਰ ਮਾਰਕਸਵਾਦੀ ਊਰਜਾ ਤੋਂ ਪ੍ਰਭਾਵਿਤ ਸਨ ਅਤੇ ਖੁਦ ਨੂੰ ਬਤੌਰ ਸਮਾਜਵਾਦੀ ਪ੍ਰਭਾਸ਼ਿਤ ਕਰਦੇ ਸਨ। ਅੰਬੇਡਕਰ ਦੀ ਕਮਿਊਨਿਸਟ ਅੰਦੋਲਨਾਂ ਅਤੇ ਮਾਰਕਸਵਾਦ ਵਿੱਚ ਗਹਿਰੀ ਦਿਲਚਸਪੀ ਸੀ ਅਤੇ ਉਹ ਇਸ ਨੂੰ ਅਜਿਹੇ ਦਰਸ਼ਨ ਦੇ ਰੂਪ ਵਿੱਚ ਦੇਖਦੇ ਸਨ ਜੋ ਹੇਠਲੇ ਡੰਡੇ 'ਤੇ ਬੈਠੇ ਲੋਕਾਂ ਦੀ ਮੁਕਤੀ ਦਾ ਕੇਂਦਰ ਸੀ। ਤੱਥਾਂ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਅੰਬੇਡਕਰ 1930 ਦੇ ਦਹਾਕੇ ਤੱਕ ਉਹ ਕਮਿਊਨਿਜ਼ਮ ਦੇ ਵਿਰੁੱਧ ਨਹੀਂ ਸਨ। ਇਸ ਸੰਬੰਧੀ ਇੱਕ ਦਿਲਚਸਪ ਗੱਲ ਇਹ ਵੀ ਸੀ ਕਿ 1922 ਵਿੱਚ ਜਦ ਸਟਾਲਿਨ ਸੱਤਾ ਵਿੱਚ ਆਏ ਤਾਂ ਉਹ ਭਾਵੁਕ ਹੋਏ ਅਤੇ ਸਮਾਜਵਾਦੀ ਰਾਜ ਪ੍ਰਬੰਧ ਤੋਂ ਪ੍ਰਭਾਵਿਤ ਹੋਏ ਕਿ ਅਜਿਹੇ ਰਾਜ ਵਿੱਚ ਇੱਕ ਮੋਚੀ ਦਾ ਪੁੱਤਰ ਨੂੰ ਸੱਤਾ ਦੇ ਆਗੂ ਵੱਜੋਂ ਸਵੀਕਾਰ ਕੀਤਾ ਗਿਆ। ਕਿਹਾ ਜਾਂਦਾ ਹੈ ਕਿ ਜਿਸ ਦਿਨ ਸਟਾਲਿਨ ਦੀ ਮੌਤ ਹੋਈ ਤਾਂ ਮੌਤ ਦੇ ਸੋਗ ਵਿੱਚ ਇੱਕ ਦਿਨ ਦਾ ਵਰਤ ਰੱਖਿਆ ਸੀ। ਪਰ 1950 ਤੱਕ ਆਉਂਦੇ ਆਉਂਦੇ ਉਹ ਕਮਿਊਨਿਸਟ ਵਿਚਾਰਧਾਰਾ ਦੇ ਵਿਰੋਧੀ ਹੋ ਜਾਂਦੇ ਹਨ। ਇਸ ਦਾ ਕਾਰਨ ਆਨੰਦ ਤੈਲਤੁੰਬੜੇ ਲਿਖਦਾ ਹੈ ਕਿ ਉਨ੍ਹਾਂ ਦੀ ਖਿੱਝ ਦਾ ਕਾਰਨ ਬੰਬਈ ਕਮਿਊਨਿਸਟਾਂ ਦਾ ਆਚਰਣ ਸੀ ਜਿਨ੍ਹਾਂ ਨਾਲ ਉਨ੍ਹਾਂ ਦਾ ਆਹਮਣਾ-ਸਾਹਮਣਾ ਅਕਸਰ ਹੁੰਦਾ ਰਹਿੰਦਾ ਸੀ। ਇਸ ਸੰਬੰਧੀ ਉਹਨਾਂ ਦੀ 9 ਅਕਤੂਬਰ 1953 ਨੂੰ ਦਿੱਤੀ ਆਪਣੀ ਇੱਕ ਇੰਟਰਵਿਊ ਕਮਿਊਨਿਸਟਾਂ ਪ੍ਰਤੀ ਉਨ੍ਹਾਂ ਦੀ ਕੁੜੱਤਣ ਸਾਫ-ਸਾਫ ਦਿਖਾਈ ਦਿੰਦੀ ਹੈ ਉਹ ਕਹਿੰਦੇ ਹਨ ਕਿ ਕਮਿਊਨਿਸਟ ਪਾਰਟੀ ਕੁਝ ਬ੍ਰਾਹਮਣ ਮੁੰਡਿਆਂ-ਡਾਂਗੇ ਅਤੇ ਹੋਰਾਂ ਦੇ ਹੱਥ ਵਿੱਚ ਸੀ। ਉਹ ਹੋਰਨਾਂ ਸਮੁਦਾਇ ਅਤੇ ਅਨੁਸੂਚਿਤ ਜਾਤੀਆਂ ਨੂੰ ਵਿਸ਼ਵਾਸ਼ ਵਿੱਚ ਲੈਣ ਦੀ ਕੋਸ਼ਿਸ਼ ਕਰਦੇ ਰਹੇ ਹਨ।ਅਸਲ ਵਿੱਚ ਕਮਿਊਨਿਸਟਾਂ ਦੀ ਇਹ ਦਿੱਕਤ ਵੀ ਰਹੀ ਜਿਸ ਨੂੰ ਆਨੰਦ ਤੈਲਤੁੰਬੜੇ ਅੱਗੇ ਜਾ ਕੇ ਵਿਸਥਾਰ ਦਿੰਦੇ ਹਨ। ਪਰ ਉਸ ਤੋਂ ਪਹਿਲਾਂ ਕਮਿਊਸਿਟਾਂ ਦੇ ਕੰਮ ਢੰਗ ਨੂੰ ਦੇਖਣ ਤੋਂ ਪਤਾ ਲੱਗਦਾ ਹੈ ਕੇ ਭਾਰਤ ਵਿੱਚ ਪਿਛਾਖੜੀ ਅਤੇ ਸੱਜੇ ਪੱਖੀ ਵਿਚਾਰਧਾਰਾ ਦਾ ਉੱਥਾਨ ਕਿਵੇਂ ਹੋਇਆ? ਆਰ.ਐੱਸ.ਐੱਸ ਦਾ ਪ੍ਰਚਾਰਕ ਕਹਿੰਦਾ ਹੈ ਕਿ ਗਾਂਧੀ ਦੀ ਮੌਤ ਤੋਂ ਬਾਅਦ ਸੰਘ ਉੱਪਰ ਪਾਬੰਧੀ ਲੱਗ ਜਾਂਦੀ ਹੈ। ਇਸ ਪਾਬੰਧੀ ਦੇ ਦਰਮਿਆਨ ਜਦ ਜਨਤਕ ਕੰਮ ਦੇ ਵਿਸਥਾਰ ਨੂੰ ਵਿਚਾਰਿਆ ਗਿਆ ਤਾਂ ਸੁਚੇਤ ਰੂਪ ਵਿੱਚ ਕੁਝ ਸੰਘੀਆਂ ਦੀ ਜ਼ਿੰਮੇਵਾਰ ਕਮਿਊਨਿਸਟਾਂ ਦੇ ਕੰਮ ਢੰਗ ਨੂੰ ਸਿੱਖਣ ਅਤੇ ਉਹਨਾਂ ਦੇ ਨੁਕਸਾਂ ਨੂੰ ਸਮਝ ਕੇ ਰਣਨੀਤੀ ਤਿਆਰ ਕਰਨ ਦੀ ਯੋਜਨਾ ਬਣਾਈ ਗਈ। ਇਸ ਲਈ ਟਰੇਡ ਯੂਨੀਅਨ ਨੂੰ ਨਿਸ਼ਾਨਾ ਬਣਾਇਆ ਦੱਤੋਪੰਤ ਠੇਂਗੜੀ ਉਹ ਸੰਘੀ ਸੀ ਜਿਸਨੇ ਪਹਿਲਾਂ ਕਾਂਗਰਸ ਦੀ ਟਰੇਡ ਯੂਨੀਅਨ ਅਤੇ ਬਾਅਦ ਵਿੱਚ ਨਿਰੋਲ ਕਮਿਊਨਿਸਟਾਂ ਦੀ ਟਰੇਡ ਯੂਨੀਅਨ ਵਿੱਚ ਕੰਮ ਕੀਤਾ। ਟਰੇਡ ਯੂਨੀਅਨ ਵਿੱਚ ਕੰਮ ਕਰਨ ਦੌਰਾਨ ਉਸਨੇ ਇਹ ਪਤਾ ਲਗਾਇਆ ਕਿ ਕਮਿਊਨਿਸਟ ਸਿਰਫ ਫੈਕਟਰੀਆਂ ਵਿੱਚ ਹੀ ਹਨ, ਫੈਕਟਰੀਆਂ ਤੋਂ ਬਾਅਦ ਲੋਕ ਆਜ਼ਾਦ ਹਨ ਤਦ ਉਹਨਾਂ ਨੇ ਕਮਿਊਨਿਸਟਾਂ ਨੂੰ ਫੈਕਟਰੀਆਂ ਵਿੱਚ ਪਛਾੜਨ ਦੀ ਬਜਾਇ ਉਹਨਾਂ ਨੇ ਮਜ਼ਦੂਰਾਂ ਦੇ ਫੈਕਟਰੀ ਤੋਂ ਬਾਅਦ ਦੇ ਸਮੇਂ ਨੂੰ ਆਪਣਾ ਨਿਸ਼ਾਨਾ ਬਣਾਇਆ। ਮਜ਼ਦੂਰਾਂ ਦੇ ਘਰਾਂ ਵਿੱਚ ਗਣੇਸ਼ ਪੂਜਾ, ਜਗਰਾਤੇ, ਰਾਮ ਨੌਮੀ ਆਦਿ ਦੇ ਮੌਕੇ ਆਪਣੀ ਵਿਚਾਰਧਾਰਾ ਦੇਣੀ ਸ਼ੁਰੂ ਕੀਤੀ। ਜਿਸ ਵਿੱਚ ਉਹ ਕਾਮਯਾਬ ਹੋਏ। ਅੰਬੇਡਕਰ ਨੇ ਕਮਿਊਨਿਸਟਾਂ ਦੇ ਇਸੇ ਵਿਹਾਰ ਨੂੰ ਗਲਤ ਕਿਹਾ ਸੀ। ਅੰਬੇਡਕਰ ਮੁਤਾਬਿਕ ਕਮਿਊਨਿਸਟ ਮਜ਼ਦੂਰਾਂ ਦੀਆਂ ਆਰਥਿਕ ਮੰਗਾਂ ਨੂੰ ਸਿਰਫ ਆਪਣੇ ਰਾਜਨੀਤਿਕ ਹਿੱਤਾਂ ਲਈ ਚੁੱਕਦੇ ਹਨ, ਜਦਕਿ ਇਸ ਦਾ ਮਕਸਦ ਜਮਾਤੀ ਚੇਤਨਾ ਫੈਲਾਉਣਾ ਅਤੇ ਇਨਕਲਾਬ ਹੋਣਾ ਚਾਹੀਦਾ ਹੈ। ਦੂਸਰਾ ਭਾਰਤੀ ਕਮਿਊਨਿਸਟਾਂ ਨੇ ਜਾਤੀ ਵਿਵਸਥਾ ਪ੍ਰਤੀ ਬਹੁਤ ਸਮਾਂ ਉਦਾਸੀਨਤਾ ਅਪਣਾਈ ਰੱਖੀ। ਜਿਸਦਾ ਕਾਰਨ ਉਹਨਾਂ ਵੱਲੋਂ ਮਾਰਕਸਵਾਦ ਦੇ 'ਆਧਾਰ' ਅਤੇ 'ਉੱਚ ਉਸਾਰ' ਦੇ ਪ੍ਰਤੀ ਅਪਣਾਇਆ ਗਿਆ ਮੈਕਨੀਕਿਲ ਰਵੱਈਆ ਸੀ। ਜਿਸ ਨੂੰ ਹੁਣ ਬਹੁਤ ਬਾਅਦ ਵਿੱਚ ਜਾ ਕੇ ਕਮਿਊਨਿਸਟਾਂ ਨੇ ਸੁਧਾਰਨ ਦਾ ਯਤਨ ਆਰੰਭ ਕੀਤਾ ਹੈ।

ਆਨੰਦ ਤੈਲਤੁੰਬੜੇ ਦੀ ਕਿਤਾਬ 'ਡਾ ਭੀਮ ਰਾਓ ਅੰਬੇਡਕਰ: ਭਾਰਤ ਅਤੇ ਸਾਮਵਾਦ' ਵਿੱਚ ਕਮਿਊਨਿਸਟਾਂ ਅਤੇ ਅੰਬੇਡਕਰਵਾਦੀਆਂ ਦੇ ਇਹਨਾਂ ਵਿਹਾਰਾਂ ਦੀ ਪੜਚੋਲ ਦਵੰਦਵਾਦੀ ਨਜ਼ਰੀਏ ਤੋਂ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਕੋਸ਼ਿਸ਼ ਸਾਰਥਕ ਤਾਂ ਸਾਬਿਤ ਹੋ ਸਕਦੀ ਹੈ ਕਿ ਜੇਕਰ ਦੋਨੋਂ ਧਿਰਾਂ ਫਾਸ਼ੀਵਾਦੀ ਹੱਲੇ ਦੇ ਦੌਰ ਵਿੱਚ ਆਪਸੀ ਏਕਤਾ ਨੂੰ ਕਾਇਮ ਕਰਨ ਵੱਲ ਵਧਣ।



www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# HOMELIFE SILVERCITY

REALTY INC.,BROKERAGE

(Independently Owned and Operated)

HOMELIFE HIGHER STANDARDS

# #7 CANADA WIDE

## BROKERAGE WITH HOMELIFE BRAND

## 2017 GROSS COMMISSION WISE

**New Head Office**

**905-913-8500**

50 COTTRELLE BLVD., UNIT 29, BRAMPTON

TEAM OF OVER 450 REALTORS

# HOMELIFE SILVERCITY

HOMELIFE HIGHER STANDARDS

REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS

*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY

# 905.913.8500

www.HomelifeSilvercityTeam.com

**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton






Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Taralake Dental
Taralake Dental offers Full Range of General and Cosmetic Dental Services
TARALAKE DENTAL
We Offer
Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction
Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6


Thinking of Buying or Selling
Your Home?
ਕਿਸੇ ਤਰ੍ਹਾਂ ਦਾ ਵੀ ਘਰ ਖਰੀਦਣਾ ਜਾਂ
ਵੇਚਣਾ ਹੋਵੇ ਤਾਂ ਅੱਜ ਹੀ ਸੰਪਰਕ ਕਰੋ
GS MANN
587-777-7000
www.myfirsthomeincalgary.ca
RE/MAX REALTY INNOVATIONS


DM TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca
Hiring AZ drivers and owner operator
Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at
BOB@DMTRANSPORT.CA or call me Bob 416-318-5032


HARCHARAN PARHAR
We provide following insurance services:
AUTO | HOME | BUSINESS
COMMERCIAL AUTO | COMMERCIAL PROPERTY
RENTAL PROPERTY LIABILITY | TRUCKING etc.
For more Info.
403-681-8689
Email: hp8689@gmail.com
Submit quote info online at: www.harcharanparhar.com